Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**
Punjab Mail USA



REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 17, Issue- 766, 07 to 13 Sept., 2023, Ph: 916-320-9444, E-mail: punjabmailusa@yahoo.com, Web: punjabmailusa.com

## ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ ਦੇ ਸ਼ਹਿਰ ਯੂਬਾ ਸਿਟੀ ਅਤੇ ਟਰੇਸੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪ੍ਰਕਾਸ਼ਿਤ ਕਰਨ ਦਾ ਫੈਸਲਾ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ 'ਚ ਆਪਣੀ ਪ੍ਰੈੱਸ ਸਥਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਪ੍ਰੈੱਸ ਕੈਲੀਫੋਰਨੀਆ ਦੇ ਟਰੇਸੀ ਸ਼ਹਿਰ 'ਚ ਲਗਾਈ ਜਾਵੇਗੀ, ਜਿੱਥੇ ਸ਼੍ਰੋਮਣੀ ਕਮੇਟੀ ਦਾ ਧਰਮ ਪ੍ਰਚਾਰ ਕੇਂਦਰ ਵੀ ਕਾਰਜਸ਼ੀਲ ਹੋਵੇਗਾ। ਇਸ ਦੇ ਨਾਲ ਹੀ ਅਮਰੀਕਾ ਦੇ ਯੂਬਾ ਸਿਟੀ ਵਿਖੇ ਵੀ ਧਰਮ ਪ੍ਰਚਾਰ ਕੇਂਦਰ ਬਣਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਇਹ ਫ਼ੈਸਲਾ ਕੀਤਾ ਗਿਆ ਹੈ।



■ ਇਸ ਦੇ ਨਾਲ ਯੂਬਾ ਸਿਟੀ ਵਿਖੇ ਧਰਮ ਪ੍ਰਚਾਰ ਕੇਂਦਰ ਵੀ ਬਣਾਇਆ ਜਾਵੇਗਾ

ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਵ. ਦੀਦਾਰ ਸਿੰਘ ਬੈਂਸ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਯੂਬਾ ਸਿਟੀ ਵਿਖੇ 14.5 ਏਕੜ ਜ਼ਮੀਨ ਦਿੱਤੀ ਗਈ ਸੀ, ਜਿੱਥੇ ਧਰਮ ਪ੍ਰਚਾਰ ਕੇਂਦਰ ਬਣਾ ਕੇ ਗਤੀਵਿਧੀਆਂ ਆਰੰਭੀਆਂ ਜਾਣਗੀਆਂ। ਇਸ ਦੇ ਨਾਲ ਹੀ ਪ੍ਰਵਾਸੀ ਸਿੱਖ ਗਿਆਨ ਸਿੰਘ ਸੰਧੂ ਕੈਨੇਡਾ ਅਤੇ ਉੱਘੇ ਕਾਰੋਬਾਰੀ ਕਰਨੈਲ ਸਿੰਘ ਸੰਧੂ ਅਮਰੀਕਾ ਵੱਲੋਂ ਕੀਤੀ ਗਈ ਪੇਸ਼ਕਸ਼ ਅਨੁਸਾਰ ਕੈਲੀਫੋਰਨੀਆ ਦੇ ਟਰੇਸੀ ਵਿਖੇ ਵੀ ਸ਼੍ਰੋਮਣੀ ਕਮੇਟੀ ਦਾ ਇਕ ਕੇਂਦਰ ਸਥਾਪਤ ਕੀਤਾ ਜਾਵੇਗਾ। ਇਸ ਕੇਂਦਰ ਵਿਖੇ ਅਮਰੀਕਾ, ਕੈਨੇਡਾ ਦੀ ਸੰਗਤ ਵੱਲੋਂ ਪੁੱਜਦੀ ਮੰਗ ਅਨੁਸਾਰ ਪਾਵਨ ਸਰੂਪ ਮੁਹੱਈਆ ਕਰਵਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਪ੍ਰੈੱਸ ਵੀ ਲਗਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋਹਾਂ ਕੇਂਦਰਾਂ 'ਚ ਗੁਰਦੁਆਰਾ ਸਾਹਿਬਾਨ ਵੀ ਸਥਾਪਤ ਕੀਤੇ ਜਾਣਗੇ ਅਤੇ ਸੰਗਤ ਨੂੰ ਧਾਰਮਿਕ ਸਾਹਿਤ ਵੀ ਮਿਲੇਗਾ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਸਟ੍ਰੇਲੀਆ ਵਿਖੇ ਸੰਗਤ ਦੀ ਮੰਗ ਅਨੁਸਾਰ ਵਿਸ਼ੇਸ਼ ਬੱਸ 'ਚ ਮਰਿਯਾਦਾ ਅਨੁਸਾਰ ਸੁਸ਼ੋਭਿਤ ਕਰਕੇ 220 ਪਾਵਨ ਸਰੂਪ ਸਮੁੰਦਰੀ ਜਹਾਜ਼ ਰਾਹੀਂ ਭੇਜੇ ਜਾਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਵਿਸ਼ਵ ਭਰ ਦੀ ਸੰਗਤ ਵੱਲੋਂ ਪਾਵਨ ਸਰੂਪਾਂ ਦੀ ਵੱਡੀ ਮੰਗ ਦੇ ਮੱਦੇਨਜ਼ਰ ਇਹ ਫ਼ੈਸਲੇ ਕੀਤੇ ਗਏ ਹਨ।

## ਟਰੰਪ ਨਹੀਂ ਹੋਣਗੇ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ: ਨਿੱਕੀ ਹੈਲੀ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਦੀ ਦੌੜ 'ਚ ਸ਼ਾਮਲ ਭਾਰਤੀ ਮੂਲ ਦੀ (ਪੰਜਾਬਣ) ਨਿੱਕੀ ਹੇਲੀ ਨੇ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 2024 ਦੀਆਂ ਰਾਸ਼ਟਰਪਤੀ ਚੋਣਾਂ ਲਈ ਪਾਰਟੀ ਦੇ ਉਮੀਦਵਾਰ ਨਹੀਂ ਹੋਣਗੇ। ਨਿੱਕੀ ਹੈਲੀ ਅਮਰੀਕਾ ਦੀ ਸਾਬਕਾ ਅੰਬੈਸਡਰ ਅਤੇ ਨੌਰਥ ਕੈਰੋਲੀਨਾ ਦੀ ਸਾਬਕਾ ਪਹਿਲੀ ਮਹਿਲਾ ਗਵਰਨਰ ਰਹਿ ਚੁੱਕੀ ਹੈ।

'ਦਿ ਵਾਲ ਸਟਰੀਟ ਜਰਨਲ' ਵੱਲੋਂ ਜਾਰੀ ਕੀਤੇ ਤਾਜ਼ਾ ਪੋਲ 'ਚ ਖੁਲਾਸਾ ਹੋਇਆ ਹੈ ਕਿ 51 ਸਾਲਾ ਨਿੱਕੀ ਹੇਲੀ, ਟਰੰਪ ਅਤੇ ਰੌਨ ਡੀਸੈਂਟਿਸ ਤੋਂ ਬਾਅਦ ਪ੍ਰਸਿੱਧੀ ਦੇ ਮਾਮਲੇ 'ਚ ਤੀਜੇ ਸਥਾਨ 'ਤੇ ਹਨ, ਜਦਕਿ ਉਨ੍ਹਾਂ ਦੇ ਸਹਿਯੋਗੀ



ਭਾਰਤੀ ਅਮਰੀਕੀ ਉਮੀਦਵਾਰ ਵਿਵੇਕ ਰਾਮਾਸਵਾਮੀ ਚੌਥੇ ਸਥਾਨ 'ਤੇ ਹਨ। ਹੇਲੀ ਨੇ ਇਕ ਇੰਟਰਵਿਊ ਵਿਚ ਕਿਹਾ ਕਿ "ਮੈਨੂੰ ਨਹੀਂ ਲੱਗਦਾ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਉਮੀਦਵਾਰ ਹੋਣਗੇ। ਮੈਨੂੰ ਲੱਗਦਾ ਹੈ ਕਿ ਇਸ ਵਾਰ ਮੈਂ ਹਾਂ ਪਰ ਤੁਹਾਨੂੰ ਦੱਸਦਿਆਂ ਕਿ ਜੋਅ ਬਾਇਡਨ ਅਤੇ ਕਮਲਾ ਹੈਰਿਸ ਜੋ ਕਰ ਰਹੇ ਹਨ, ਉਸ ਤੋਂ ਬਿਹਤਰ ਕੋਈ ਵੀ ਰਿਪਬਲਿਕਨ ਨੇਤਾ ਵੀ ਕਰ ਸਕਦਾ ਹੈ।

## ਅਮਰੀਕਾ ਐੱਫ-4 ਵੀਜ਼ਾ ਕੈਟਾਗਰੀ ਦੀ ਉਡੀਕ ਵਿਚ ਬੈਠੇ ਲੋਕਾਂ ਨੂੰ ਮਿਲੀ ਰਾਹਤ

**ਵਾਸ਼ਿੰਗਟਨ, (ਪੰਜਾਬ ਮੇਲ)-** ਯੂ.ਐੱਸ. ਡਿਪਾਰਟਮੈਂਟ ਆਫ਼ ਸਟੇਟ ਦੇ ਨੈਸ਼ਨਲ ਵੀਜ਼ਾ ਸੈਂਟਰ ਇਮੀਗ੍ਰੇਸ਼ਨ ਦੇ ਵੀਜ਼ਾ ਐੱਫ4 ਕੈਟਾਗਰੀ ਬੈਕਲਾਗ ਵਿਚ 3.6% ਦੀ ਕਮੀ ਵੇਖੀ ਗਈ, ਜਿਸ ਨਾਲ ਐੱਫ-4 ਕੈਟਾਗਰੀ ਦੀ ਉਡੀਕ ਵਿਚ ਬੈਠੇ ਬਹੁਤ ਸਾਰੇ ਲੋਕਾਂ ਨੂੰ ਰਾਹਤ ਮਿਲੀ ਹੈ। ਜੂਨ ਵਿਚ 351,821 ਅਰਜ਼ੀਆਂ ਕਲੀਅਰ ਕੀਤੀਆਂ ਗਈਆਂ, ਜਦਕਿ ਜੁਲਾਈ 'ਚ ਇਨ੍ਹਾਂ ਅਰਜ਼ੀਆਂ ਦੀ ਗਿਣਤੀ ਵੱਧ ਕੇ ਗਿਣਤੀ 339,081 ਹੋ ਗਈ, ਜੋ ਕਿ ਇਕ ਸ਼ੁੱਭ ਸੰਕੇਤ ਹੈ।

ਗ੍ਰੀਨ ਕਾਰਡ ਬਿਨੈਕਾਰਾਂ ਦੀ ਗਿਣਤੀ ਜਿਨ੍ਹਾਂ ਦੇ ਕੇਸ ਦਸਤਾਵੇਜ਼ੀ ਤੌਰ 'ਤੇ ਪੂਰੇ ਸਨ ਅਤੇ ਇੰਟਰਵਿਊ ਲਈ ਤਹਿ ਕੀਤੇ ਜਾਣ ਲਈ ਤਿਆਰ ਸਨ, ਥੋੜ੍ਹਾ ਘਟਿਆ, ਜੂਨ ਵਿਚ 388,397 ਤੋਂ ਜੁਲਾਈ ਵਿਚ 378,475 (ਲਗਭਗ 2.5% ਦੀ ਕਮੀ)। ਇੱਕ ਕੇਸ ਜਿਸ ਨੂੰ



"ਦਸਤਾਵੇਜ਼ੀ ਤੌਰ 'ਤੇ ਸੰਪੂਰਨ" ਮੰਨਿਆ ਜਾਂਦਾ ਹੈ, ਇੱਕ ਅਜਿਹਾ ਕੇਸ ਹੈ ਜਿਸ ਵਿਚ ਸਾਰੇ ਲੋੜੀਂਦੇ ਫਾਰਮ ਅਤੇ ਦਸਤਾਵੇਜ਼ਾਂ ਨੂੰ ਐੱਨ.ਵੀ.ਸੀ. ਦੁਆਰਾ ਜਮ੍ਹਾਂ ਅਤੇ ਸਵੀਕਾਰ ਕਰ ਲਿਆ ਗਿਆ ਹੈ, ਅਤੇ ਇਸ ਲਈ ਕੇਸ ਇੰਟਰਵਿਊ ਦੀ ਸਮਾਂ-ਸਾਰਣੀ ਲਈ ਤਿਆਰ ਹੈ। ਕੇਸਾਂ ਦੀ ਗਿਣਤੀ ਵਿਚ ਘੱਟ ਤੋਂ ਘੱਟ ਕਮੀ ਦੇ ਬਾਵਜੂਦ, ਗ੍ਰੀਨ ਕਾਰਡ ਇੰਟਰਵਿਊਜ਼ ਲਈ ਨਿਯਤ ਕੀਤੇ ਗਏ ਲੋਕਾਂ ਦੀ ਗਿਣਤੀ ਵਿਚ ਇੱਕ ਮੱਧਮ 7.7% ਵਾਧਾ ਦੇਖਿਆ ਗਿਆ - ਜੂਨ ਵਿਚ 36,576 ਇੰਟਰਵਿਊਜ਼ ਦੇ ਮੁਕਾਬਲੇ ਜੁਲਾਈ ਵਿਚ 39,394 ਇੰਟਰਵਿਊਜ਼ ਹੋਈਆਂ।

## ਦੁਨੀਆਂ ਦੇ ਟਾਪ-10 ਅਰਬਪਤੀਆਂ 'ਚ ਐਲੋਨ ਮਸਕ ਚੋਟੀ 'ਤੇ ਕਾਬਜ਼

■ ਮੁਕੇਸ਼ ਅੰਬਾਨੀ 12ਵੇਂ ਤੇ ਗੌਤਮ ਅਡਾਨੀ 21ਵੇਂ ਨੰਬਰ 'ਤੇ

**ਨਵੀਂ ਦਿੱਲੀ, (ਪੰਜਾਬ ਮੇਲ)-** ਦੁਨੀਆਂ ਦੇ ਚੋਟੀ ਦੇ ਅਰਬਪਤੀਆਂ ਦੀ ਸੂਚੀ 'ਚ ਸ਼ਾਮਲ ਲੋਕਾਂ ਦੀ ਦੌਲਤ ਵਿਚ ਉਤਰਾਅ-ਚੜ੍ਹਾਅ ਜਾਰੀ ਹੈ। ਵਰਤਮਾਨ ਵਿਚ, ਐਲੋਨ ਮਸਕ ਦੁਨੀਆਂ ਦੇ ਚੋਟੀ ਦੇ ਅਰਬਪਤੀਆਂ ਦੀ ਸੂਚੀ ਵਿਚ ਮੌਜੂਦ ਹੈ। ਇਸ ਤੋਂ ਬਾਅਦ ਫ੍ਰੈਂਚ ਅਰਬਪਤੀ ਬਰਨਾਰਡ ਅਰਨੌਲਟ ਦਾ ਨੰਬਰ ਆਉਂਦਾ ਹੈ।

ਜੇਕਰ ਦੁਨੀਆਂ ਦੇ ਟਾਪ-1 ਅਰਬਪਤੀਆਂ ਦੀ ਗੱਲ ਕਰੀਏ, ਤਾਂ ਐਲਨ ਮਸਕ ਉਸ 'ਤੇ ਮੌਜੂਦ ਹੈ। ਬਲੂਮਬਰਗ ਬਿਲੀਅਨੇਅਰਸ ਇੰਡੈਕਸ ਦੇ ਮੁਤਾਬਕ ਪਿਛਲੇ 24





ਘੰਟਿਆਂ ਵਿਚ ਉਨ੍ਹਾਂ ਦੀ ਸੰਪਤੀ ਵਿਚ 9.35 ਬਿਲੀਅਨ ਡਾਲਰ ਦੀ ਕਮੀ ਆਈ ਹੈ। ਇਸ ਤੋਂ ਬਾਅਦ ਐਲਨ ਮਸਕ ਦੀ ਸੰਪਤੀ ਵਧ ਕੇ 226 ਅਰਬ ਡਾਲਰ ਹੋ ਗਈ ਹੈ। ਦੌਲਤ ਵਿਚ ਗਿਰਾਵਟ ਤੋਂ ਬਾਅਦ ਵੀ ਉਹ ਦੁਨੀਆਂ ਦਾ ਸਭ ਤੋਂ ਅਮੀਰ ਵਿਅਕਤੀ ਹੈ।

ਜ਼ਿਕਰਯੋਗ ਹੈ ਕਿ ਐਲੋਨ ਮਸਕ ਟੇਸਲਾ, ਸਪੇਸਐਕਸ ਅਤੇ ਟਵਿਟਰ ਵਰਗੀਆਂ ਕੰਪਨੀਆਂ ਦੇ ਮਾਲਕ ਹਨ।

ਬਰਨਾਰਡ ਅਰਨੌਲਟ ਦੁਨੀਆਂ ਦੇ ਟਾਪ-10 ਦੀ ਸੂਚੀ 'ਚ ਦੂਜੇ ਸਥਾਨ 'ਤੇ ਹਨ। ਪਿਛਲੇ 24 ਘੰਟਿਆਂ ਵਿਚ ਉਨ੍ਹਾਂ ਦੀ ਜਾਇਦਾਦ ਵਿਚ ਵੀ ਗਿਰਾਵਟ ਦਰਜ ਕੀਤੀ ਗਈ ਹੈ। ਬਰਨਾਰਡ ਅਰਨੌਲਟ ਫਰਾਂਸ ਦਾ ਸਭ ਤੋਂ ਅਮੀਰ ਆਦਮੀ ਹੈ। ਉਨ੍ਹਾਂ ਦੀ ਦੌਲਤ 'ਚ 3.04 ਡਾਲਰ ਦੀ ਗਿਰਾਵਟ ਆਈ ਹੈ। ਇਸ ਗਿਰਾਵਟ ਤੋਂ ਬਾਅਦ, ਉਸਦੀ ਕੁੱਲ ਜਾਇਦਾਦ (ਬਰਨਾਰਡ ਅਰਨੌਲਟ ਨੈੱਟਵਰਥ) ਘੱਟ ਕੇ 183 ਬਿਲੀਅਨ ਡਾਲਰ ਰਹਿ ਗਈ ਹੈ। ਜੇਫ ਬੇਜੋਸ ਟਾਪ-10 ਅਰਬਪਤੀਆਂ ਦੀ ਸੂਚੀ 'ਚ ਤੀਜੇ ਨੰਬਰ 'ਤੇ ਹਨ। ਉਸ ਦੀ ਕੁੱਲ ਜਾਇਦਾਦ 162 ਬਿਲੀਅਨ ਡਾਲਰ ਹੈ।

■ ਬਾਕੀ ਖਬਰ ਸਫਾ 18 'ਤੇ

## ਅਮਰੀਕਾ 'ਚ 1 ਲੱਖ ਤੋਂ ਵੱਧ ਭਾਰਤੀ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਤੋਂ ਹੋਣਾ ਪੈ ਸਕਦੈ ਵੱਖ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਗ੍ਰੀਨ ਕਾਰਡ ਦੀ ਪ੍ਰਕਿਰਿਆ ਲੰਬੀ ਹੁੰਦੀ ਜਾ ਰਹੀ ਹੈ। ਐੱਚ-1ਬੀ ਵੀਜ਼ਾ 'ਤੇ ਅਮਰੀਕਾ ਗਏ ਭਾਰਤੀਆਂ ਲਈ ਨਵੀਂ ਸਮੱਸਿਆ ਖੜ੍ਹੀ ਹੋ ਗਈ ਹੈ। ਇਹ ਸਮੱਸਿਆ ਉਨ੍ਹਾਂ ਦੇ ਬੱਚਿਆਂ ਨਾਲ ਜੁੜੀ ਹੋਈ ਹੈ। ਅਮਰੀਕਾ ਵਿਚ ਇੱਕ ਲੱਖ ਭਾਰਤੀ ਬੱਚਿਆਂ ਨੂੰ ਆਪਣੇ ਮਾਪਿਆਂ ਤੋਂ ਵੱਖ ਹੋਣਾ ਪੈ ਸਕਦਾ ਹੈ। ਇਸ ਦਾ ਕਾਰਨ ਗ੍ਰੀਨ ਕਾਰਡ ਦੇਣ ਦੀ ਪ੍ਰਕਿਰਿਆ 'ਚ ਦੇਰੀ ਹੋਣਾ ਹੈ। ਗ੍ਰੀਨ ਕਾਰਡ ਦੀ ਪ੍ਰਕਿਰਿਆ ਲੰਬੀ ਅਤੇ ਹੌਲੀ ਹੁੰਦੀ ਹੈ।

ਰੋਜ਼ਗਾਰ ਆਧਾਰਿਤ ਗ੍ਰੀਨ ਕਾਰਡ ਲਈ 10.7 ਲੱਖ ਭਾਰਤੀ ਕਤਾਰ 'ਚ ਖੜ੍ਹੇ ਹਨ। ਗ੍ਰੀਨ ਕਾਰਡ ਰਾਹੀਂ ਤੁਹਾਨੂੰ ਅਮਰੀਕਾ ਵਿਚ ਸਥਾਈ ਨਿਵਾਸ ਦਾ



■ ਵੱਡੀ ਗਿਣਤੀ 'ਚ ਗ੍ਰੀਨ ਕਾਰਡ ਦੇ ਮਾਮਲੇ ਪੈਂਡਿੰਗ

ਕਾਨੂੰਨੀ ਅਧਿਕਾਰ ਮਿਲਦਾ ਹੈ। ਇਹੀ ਕਾਰਨ ਹੈ ਕਿ ਅਮਰੀਕਾ ਜਾਣ ਵਾਲੇ ਭਾਰਤੀਆਂ ਲਈ ਗ੍ਰੀਨ ਕਾਰਡ ਹਾਸਲ ਕਰਨਾ ਸਭ ਤੋਂ ਵੱਡੀ ਤਰਜੀਹ ਹੁੰਦੀ ਹੈ।

ਅਮਰੀਕਾ ਵਿਚ ਵੱਡੀ ਗਿਣਤੀ 'ਚ ਗ੍ਰੀਨ ਕਾਰਡ ਦੇ ਮਾਮਲੇ ਪੈਂਡਿੰਗ ਹਨ। ਇਸ ਤੋਂ ਇਲਾਵਾ ਹਰੇਕ ਦੇਸ਼ ਲਈ ਸਿਰਫ 7 ਫੀਸਦੀ ਦਾ ਕੋਟਾ ਹੈ, ਜਿਸ ਦਾ ਮਤਲਬ ਹੈ ਕਿ ਹਰੇਕ ਦੇਸ਼ ਦੇ ਸਿਰਫ 7 ਫੀਸਦੀ ਲੋਕਾਂ ਨੂੰ ਗ੍ਰੀਨ ਕਾਰਡ ਦਿੱਤੇ ਜਾਣਗੇ। ਜੇਕਰ ਸਾਰੇ ਪੈਂਡਿੰਗ ਕੇਸਾਂ ਨੂੰ ਇਸੇ ਰਫ਼ਤਾਰ ਨਾਲ ਪੂਰਾ ਕੀਤਾ ਜਾਂਦਾ ਹੈ, ਤਾਂ ਇਸ ਪ੍ਰਕਿਰਿਆ ਨੂੰ ਪੂਰਾ ਹੋਣ ਵਿਚ 135 ਸਾਲ ਲੱਗ ਜਾਣਗੇ। ਭਾਰਤ, ਚੀਨ ਅਤੇ ਫਿਲੀਪੀਨਜ਼ ਵਰਗੇ ਦੇਸ਼ਾਂ ਦੇ ਨਾਗਰਿਕ ਗ੍ਰੀਨ ਕਾਰਡ ਲਈ ਅਪਲਾਈ ਕਰਨ ਵਿਚ ਸਭ ਤੋਂ ਅੱਗੇ ਹਨ।

ਅਮਰੀਕਾ ਦੇ ਵੀਜ਼ਾ ਨਿਯਮਾਂ ਮੁਤਾਬਕ ਜੇਕਰ ਕਿਸੇ ਮਾਤਾ-ਪਿਤਾ ਕੋਲ ਗ੍ਰੀਨ ਕਾਰਡ ਨਹੀਂ ਹੈ ਪਰ ਉਹ ਅਮਰੀਕਾ 'ਚ ਕੰਮ ਕਰ ਰਿਹਾ ਹੈ, ਤਾਂ ਉਸ ਨੂੰ ਆਪਣੇ ਬੱਚਿਆਂ ਨਾਲ ਰਹਿਣ ਦਾ ਅਧਿਕਾਰ ਹੈ। ਭਾਰਤ ਤੋਂ ਜ਼ਿਆਦਾਤਰ ਲੋਕ ਐੱਚ-1ਬੀ ਵੀਜ਼ਾ ਤਹਿਤ ਅਮਰੀਕਾ ਜਾਂਦੇ ਹਨ, ਜੋ ਹਾਈ ਸਕਿੱਲ ਵਾਲੇ ਵਰਕਰਸ ਨੂੰ ਮਿਲਦਾ ਹੈ। ਐੱਚ-1ਬੀ ਵੀਜ਼ਾ ਵਾਲੇ ਭਾਰਤੀਆਂ ਨੂੰ ਐੱਚ-4 ਵੀਜ਼ਾ ਦੇ ਆਧਾਰ 'ਤੇ ਆਪਣੇ ਬੱਚਿਆਂ ਅਤੇ ਉਨ੍ਹਾਂ ਦੇ ਨਿਰਭਰ ਲੋਕਾਂ ਜਿਵੇਂ ਪਤੀ-ਪਤਨੀ ਜਾਂ ਮਾਤਾ-ਪਿਤਾ ਨੂੰ ਅਮਰੀਕਾ 'ਚ ਰੱਖਣ ਦਾ ਅਧਿਕਾਰ ਮਿਲਦਾ ਹੈ। ਹਾਲਾਂਕਿ, ਇੱਕ ਵਾਰ ਜਦੋਂ ਬੱਚੇ ਦੀ ਉਮਰ 21 ਸਾਲ ਤੋਂ ਵੱਧ ਹੋ ਜਾਂਦੀ ਹੈ, ਤਾਂ ਉਹ ਐੱਚ-4 ਵੀਜ਼ਾ

■ ਬਾਕੀ ਖਬਰ ਸਫਾ 18 'ਤੇ



ਸਾਬਤ ਸੂਰਤ ਗੁਰਕੀਰਤ ਸਿੰਘ ਨੂੰ ਅਮਰੀਕਾ ਦੀ ਯੂ-21 ਨੈਸ਼ਨਲ ਹਾਕੀ ਟੀਮ 'ਚ ਚੁਣ ਲਿਆ ਗਿਆ ਹੈ। ਵੈਸਟ ਸੈਕਰਾਮੈਂਟੋ ਵਿਖੇ ਰਹਿਣ ਵਾਲੇ ਗੁਰਕੀਰਤ ਸਿੰਘ ਬਚਪਨ ਤੋਂ ਹੀ ਹਾਕੀ ਦੀ ਪ੍ਰੈਕਟਿਸ ਕਰ ਰਿਹਾ ਸੀ ਤੇ ਆਖਰ ਅੱਜ ਉਸ ਦੀ ਮਿਹਨਤ ਰੰਗ ਲਿਆਈ। ਉਸ ਦੇ ਪਿਤਾ ਅਮਰਜੀਤ ਸਿੰਘ ਵੱਲੋਂ ਬੇਟੇ ਦੀ ਇਸ ਚੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।


KAISER PERMANENTE
ELK GROVE
MULTI CULTURAL
festival
ਐਲਕ ਗਰੋਵ
ਮਲਟੀ
ਕਲਚਰਲ
ਮੇਲਾ
ਦਾਖਲਾ ਮੁਫਤ
Saturday, September 9
10am-5pm
District56
8230 Civic Center Drive, Elk Grove, CA, 95757
Travel the globe without leaving
Elk Grove at the 11th annual
Elk Grove Multicultural Festival
MUSIC • DANCE • FOOD • ART • ACTIVITIES • AND MORE!
elkgrovecity.org/mcf
ELK GROVE
COSUMNES
Elk Grove DIVERSITY & INCLUSION COMMISSION
EXPLORE ELK GROVE
abc10 WE STAND FOR YOU.
KISS 107.9
'90s & 2000s
V101.1
Copyrigh@PunjabMailUSA

ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐੱਸ.ਏ. ਦੇ ਸਹਿਯੋਗ ਨਾਲ



SHAHEED BABA DEEP SINGH SPORTS ACADEMY SACRAMENTO PRESENTS

# INTERNATIONAL KABADDI CUP 2023



## Sunday, October Ist, 2023

**Sikh Temple, 7676 Bradshaw Road, Sacramento, 95829**

# ਇੰਟਰਨੈਸ਼ਨਲ ਕਬੱਡੀ ਕੱਪ 2023

## 1 ਅਕਤੂਬਰ 2023, ਦਿਨ ਐਤਵਾਰ ਨੂੰ

**ਜਿਸ ਵਿਚ ਇੰਟਰਨੈਸ਼ਨਲ ਖਿਡਾਰੀ ਹਿੱਸਾ ਲੈ ਰਹੇ ਹਨ**

ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਵੀ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾਂ ਹੈ।



ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਦੀਆਂ ਗਰਾਊਂਡਾਂ ਵਿਚ

ਸ਼ਰਤਾਂ ਤੇ ਨਿਯਮ: ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐੱਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ 'ਤੇ ਲਾਗੂ ਹੋਣਗੀਆਂ।

**ਸਕਿਓਰਿਟੀ ਅਤੇ ਪੁਲਿਸ ਦਾ ਖਾਸ ਪ੍ਰਬੰਧ ਹੈ।**

**ਅਸੀਂ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵੱਲੋਂ ਕਬੱਡੀ ਕੱਪ ਦੇਖਣ ਆਏ ਸਾਰੇ ਵੀਰਾਂ, ਭੈਣਾਂ ਅਤੇ ਬਜ਼ੁਰਗਾਂ ਦਾ ਨਿੱਘਾ ਸਵਾਗਤ ਕਰਦੇ ਹਾਂ**





Designed By Punjab Mail USA

Contact for More Info:

| Pargat Sandhu | Randhir Nijjar | Happy Bariana |
|---|---|---|
| 209-810-5667 | 916-416-9527 | 916-240-4110 |

# ਸੈਕਰਾਮੈਂਟੋ, ਕੈਲੀਫੋਰਨੀਆ 'ਚ ਕਰਵਾਇਆ ਗਿਆ "ਮੇਲਾ ਗਦਰੀ ਬਾਬਿਆਂ ਦਾ"

1


































Designed By Punjab Mail USA

# ਸੈਕਰਾਮੈਂਟੋ, ਕੈਲੀਫੋਰਨੀਆ 'ਚ ਕਰਵਾਇਆ ਗਿਆ "ਮੇਲਾ ਗਦਰੀ ਬਾਬਿਆਂ ਦਾ"





















Designed By Punjab Mail USA

**ਸੈਕਰਾਮੈਂਟੋ, (ਪੰਜਾਬ ਮੇਲ)-** ਗਦਰੀ ਬਾਬਿਆਂ ਦੀ ਚਰਨ ਛੋਹ ਧਰਤੀ ਸੈਕਰਾਮੈਂਟੋ ਵਿਖੇ ਇੰਡੋ ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ, ਕੈਲੀਫੋਰਨੀਆ ਵੱਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਕਰਵਾਇਆ ਗਿਆ। ਇਸ ਵਾਰ ਇਹ ਮੇਲਾ ਗਦਰੀ ਬਾਬੇ ਅਜੀਤ ਸਿੰਘ, ਬੱਬਰ ਕਿਸ਼ਨ ਸਿੰਘ ਗੜਗੱਜ, ਬੱਬਰ ਧੰਨਾ ਸਿੰਘ, ਸੁੰਦਰ ਸਿੰਘ ਕਲਸੀਆਂ, ਬੰਤਾ ਸਿੰਘ ਸੰਘਵਾਲ ਅਤੇ ਬਾਂਕੇ ਦਿਆਲ ਜੀ ਨੂੰ ਸਮਰਪਿਤ ਕੀਤਾ ਗਿਆ ਸੀ। ਸਮਾਗਮ ਤੋਂ ਪਹਿਲਾਂ ਪ੍ਰਬੰਧਕਾਂ ਵੱਲੋਂ ਸੈਕਰਾਮੈਂਟੋ ਵਿਖੇ ਮਹਾਨ ਗਦਰੀ ਬਾਬੇ ਬਰਕਤ ਉੱਲਾ ਦੀ ਕਬਰ 'ਤੇ ਜਾ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਅਤੇ ਵਾਪਸ ਆਣ ਕੇ ਗਦਰੀ ਬਾਬਿਆਂ ਦੇ ਝੰਡੇ ਨੂੰ ਸਲਾਮੀ ਦਿੱਤੀ ਗਈ। ਮੇਲੇ ਦੇ ਕਰਤਾ-ਧਰਤਾ ਸੁਰਿੰਦਰ ਸਿੰਘ ਬਿੰਦਰਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ।



ਇਸ ਸਮਾਗਮ ਦੌਰਾਨ ਬੁਲਾਰਿਆਂ ਵੱਲੋਂ ਗਦਰੀ ਬਾਬਿਆਂ ਦੀ ਜੀਵਨ ਝਾਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਤੋਂ ਇਲਾਵਾ ਢਾਡੀ ਸਿੰਘਾਂ ਨੇ ਵਾਰਾਂ ਗਾ ਕੇ ਗਦਰੀ ਬਾਬਿਆਂ ਦੇ ਇਤਿਹਾਸ ਬਾਰੇ ਆਏ ਸਰੋਤਿਆਂ ਨੂੰ ਭਰਪੂਰ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਗਦਰ ਇਤਿਹਾਸ ਨਾਲ ਸੰਬੰਧਤ ਪ੍ਰਦਰਸ਼ਨੀ ਦਾ ਵੀ ਆਯੋਜਨ ਕੀਤਾ ਗਿਆ। ਪ੍ਰੋ. ਕਿਊਮ ਸਿੰਘ ਲਾਇਲਪੁਰ ਖਾਲਸਾ ਕਾਲਜ (ਪਾਕਿਸਤਾਨ), ਕਿਰਪਾਲ ਸਿੰਘ ਸੰਧੂ, ਦਲਵਿੰਦਰ ਸਿੰਘ ਧੂਤ, ਬੀਬੀ ਮਲਵਿੰਦਰ ਕੌਰ, ਡਾ. ਅਸ਼ਰੂਲ ਇਸਲਾਮ ਸੱਯਦ ਬੇਕਰਸਫੀਲਡ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ।

ਇਸ ਸਮਾਗਮ 'ਚ ਹੋਰਨਾਂ ਤੋਂ ਇਲਾਵਾ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ, ਸਕੱਤਰ ਗਿਆਨ ਸਿੰਘ ਬਿਲਗਾ, ਸੁਖਵਿੰਦਰ ਸਿੰਘ ਗਿੱਲ, ਸੁਰਿੰਦਰ ਗਿੱਲ, ਬਲਵੰਤ ਬਾਂਕਾ, ਪਿੰਦਰ ਸੰਘਾ ਤੋਂ ਇਲਾਵਾ ਕਸ਼ਮੀਰ ਕਾਂਗਣਾ, ਜਰਨੈਲ ਸਿੰਘ ਸਰਪੰਚ, ਜੁਝਾਰ ਸਿੰਘ ਗਿੱਲ, ਗਗਨ ਬਿੰਦਰਾ ਐਡਵੋਕੇਟ, ਡਾ. ਹਰਪ੍ਰੀਤ ਕੰਦੋਲਾ, ਅਮਨਪ੍ਰੀਤ ਗਰੇਵਾਲ, ਸੁਖਦੀਪ ਸੋਹਲ, ਗੁਰਪ੍ਰੀਤ ਗਿੱਲ, ਹਰਪ੍ਰੀਤ ਗਿੱਲ, ਪਰਮਪ੍ਰੀਤ ਬਿੰਦਰਾ ਐਡਵੋਕੇਟ, ਬਲਜੀਤ ਬਿੰਦਰਾ, ਜਗਜੀਤ ਮੰਡੇਰ, ਮਲਕੀਤ ਬੈਂਸ, ਗਗਨਪ੍ਰੀਤ ਬੇਕਰਸਫੀਲਡ, ਕੇਵਲ ਬੋਲੀਨਾ, ਸਤਨਾਮ ਸਿੰਘ ਨੰਗਲ ਅਤੇ ਰਕੇਸ਼ ਬੈਂਸ ਨੇ ਵੀ ਆਪਣਾ ਵੱਡਮੁੱਲਾ ਯੋਗਦਾਨ ਪਾਇਆ।

ਛੋਟੇ ਬੱਚਿਆਂ ਵੱਲੋਂ ਗਿੱਧਾ-ਭੰਗੜਾ ਪੇਸ਼ ਕੀਤਾ ਗਿਆ ਅਤੇ ਨਾਮੀ ਸਿੰਗਰ ਦੀਪ ਢਿੱਲੋਂ, ਜੈਸਮੀਨ ਜੱਸੀ, ਪੂਨਮ ਮਲਹੋਤਰਾ, ਰਾਜ ਬਰਾੜ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗਾਇਕਾਂ ਨੇ ਦੇਸ਼-ਭਗਤੀ ਅਤੇ ਸੱਭਿਆਚਾਰਕ ਗੀਤ ਪੇਸ਼ ਕੀਤੇ।

ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ, ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ (ਐਲਕ ਗਰੋਵ ਤੀਆਂ), ਇੰਡਸਵੈਲੀ ਚੈਂਬਰ ਆਫ ਕਾਮਰਸ ਤੇ ਕਈ ਗੁਰਦੁਆਰਾ ਕਮੇਟੀਆਂ ਨੇ ਸਮਾਗਮ ਨੂੰ ਭਰਪੂਰ ਸਮਰਥਨ ਦਿੱਤਾ।

ਸੰਸਥਾ ਵੱਲੋਂ ਲੰਗਰ ਦੀ ਸੇਵਾ ਵੀ ਕੀਤੀ ਗਈ। ਕੁੱਲ ਮਿਲਾ ਕੇ ਇਹ ਸਮਾਗਮ ਸਫਲ ਰਿਹਾ।

# ਸੰਘੇੜਾ ਅਤੇ ਬਰਾੜ ਪਰਿਵਾਰਾਂ ਦੇ ਬੱਚਿਆਂ ਦੀ ਹੋਈ ਸਗਾਈ







**ਟਰੇਸੀ, (ਪੰਜਾਬ ਮੇਲ)-** ਸੈਕਰਾਮੈਂਟੋ ਦੇ ਭੁਪਿੰਦਰ ਸਿੰਘ ਸੰਘੇੜਾ ਅਤੇ ਕਿਸਮਤ ਸੰਘੇੜਾ ਦੀ ਬੇਟੀ ਗਨੀਮਤ ਕੌਰ ਸੰਘੇੜਾ ਦੀ ਇੰਗੇਜਮੈਂਟ ਸਵਰਨ ਸਿੰਘ ਬਰਾੜ ਅਤੇ ਪਰਮਜੀਤ ਕੌਰ ਦੇ ਸਪੁੱਤਰ ਗੈਵਿਨ ਸਿੰਘ ਬਰਾੜ ਨਾਲ ਟਰੇਸੀ ਵਿਖੇ ਹੋਈ। ਜਿਸ ਦੌਰਾਨ ਦੋਵਾਂ ਪਰਿਵਾਰਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਸ਼ਿਰਕਤ ਕੀਤੀ ਅਤੇ ਦੋਵਾਂ ਬੱਚਿਆਂ ਨਾਲ ਆਪਣੀ ਖੁਸ਼ੀ ਸਾਂਝੀ ਕੀਤੀ। ਸੰਘੇੜਾ ਪਰਿਵਾਰ ਦਾ ਪਿਛੋਕੜ ਪੰਜਾਬ ਦੇ ਤਲਵਣ ਪਿੰਡ ਤੋਂ ਹੈ ਅਤੇ ਇਨ੍ਹਾਂ ਨੂੰ ਬਿਲਗੇ ਵਾਲਿਆਂ ਦਾ ਪਰਿਵਾਰ ਵੀ ਕਿਹਾ ਜਾਂਦਾ ਹੈ। ਗਨੀਮਤ ਦੇ ਪੜਦਾਦਾ ਜੀ ਸ. ਸੁੱਚਾ ਸਿੰਘ ਅਤੇ ਦਾਦਾ ਜੀ ਸ. ਗਿਆਨ ਸਿੰਘ ਸੰਘੇੜਾ ਦਾ ਪਰਿਵਾਰ ਇਲਾਕੇ ਦਾ ਜਾਣਿਆ-ਪਹਿਚਾਣਿਆ ਪਰਿਵਾਰ ਸੀ। ਗਨੀਮਤ ਦੇ ਨਾਨਾ ਜੀ ਸ. ਆਤਮਾ ਸਿੰਘ ਸੇਖੋਂ ਪੰਜਾਬ ਦੇ ਨਾਭਾ ਸ਼ਹਿਰ ਨਾਲ ਸੰਬੰਧਤ ਸਨ।

ਜ਼ਿਕਰਯੋਗ ਹੈ ਕਿ ਸੰਘੇੜਾ ਪਰਿਵਾਰ ਸੈਕਰਾਮੈਂਟੋ 'ਚ ਅਤੇ ਬਰਾੜ ਪਰਿਵਾਰ ਬੇਏਰੀਆ 'ਚ ਲੰਮੇ ਸਮੇਂ ਤੋਂ ਰਹਿ ਰਹੇ ਹਨ ਅਤੇ ਸਮਾਜ ਵਿਚ ਆਪਣੀ ਵਿਲੱਖਣ ਪਹਿਚਾਣ ਰੱਖਦੇ ਹਨ।

Designed By Punjab Mail USA

REALTY ONE GROUP

FOR SALE & PURCHASE OF ANY KIND OF PROPERTY

Recently Sold Properties






Gurjatinder S. Randhawa
REALTOR CA DRE licence # 01490567

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।


Gurjatinder S. Randhawa
web: www.RealtorRandhawa.com
916-320-9444
garysingh123@yahoo.com

# ਸੈਕਰਾਮੈਂਟੋ ਸਿਟੀ ਕੌਂਸਲ ਵੱਲੋਂ ਨਟੋਮਸ ਤੀਆਂ ਕਰਵਾਉਣ ਵਾਲੀਆਂ ਪ੍ਰਬੰਧਕਾਂ ਦਾ ਹੋਇਆ ਸਨਮਾਨ





ਨਟੋਮਸ ਤੀਆਂ ਕਰਵਾਉਣ ਵਾਲੀਆਂ ਪ੍ਰਬੰਧਕਾਂ ਦਾ ਸੈਕਰਾਮੈਂਟੋ ਸਿਟੀ ਕੌਂਸਲ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਕੌਂਸਲ ਮੈਂਬਰਾਂ ਵੱਲੋਂ ਤੀਆਂ ਦੇ ਪ੍ਰਬੰਧਕਾਂ ਨੂੰ ਇਕ ਰੈਕੋਗਨੀਸ਼ਨ ਸਰਟੀਫਿਕੇਟ ਵੀ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਤੀਆਂ ਦਾ ਇਹ ਮੇਲਾ ਕਾਫੀ ਲੰਮੇ ਤੋਂ ਨਟੋਮਸ ਵਿਖੇ ਕਰਵਾਇਆ ਜਾ ਰਿਹਾ ਹੈ, ਜਿੱਥੇ ਇਲਾਕੇ ਦੀਆਂ ਬੀਬੀਆਂ ਹਰ ਸਾਲ ਇਕੱਤਰ ਹੋ ਕੇ ਇਹ ਤਿਉਹਾਰ ਮਨਾਉਂਦੀਆਂ ਹਨ।




# ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ




ਡਾਕਟਰ ਓਬਰਾਏ ਨੂੰ ਸਿਰਪਾਓ ਦੇ ਕੇ ਸਨਮਾਨਿਤ ਕਰਦੇ ਹੋਏ ਕੈਬਨਿਟ ਮੰਤਰੀ ਲਾਲਜੀਤ ਸਿੰਘ, ਵਿਧਾਇਕ ਨਰੇਸ਼ ਕਟਾਰੀਆ ਅਤੇ ਹੋਰ। (ਸੱਜੇ) ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਮੌਜੂਦਗੀ ਵਿਚ ਪਸ਼ੂਆਂ ਦੀ ਆਚਾਰ ਵੰਡਣ ਦੀ ਸੇਵਾ ਸ਼ੁਰੂ ਕਰਵਾਉਂਦੇ ਹੋਏ ਡਾਕਟਰ ਓਬਰਾਏ।

- ਡਾ. ਓਬਰਾਏ ਦੇ ਵਿਲੱਖਣ ਤੇ ਮਿਸਾਲੀ ਸੇਵਾ ਕਾਰਜ਼ਾਂ ਨੇ ਸਾਡਾ ਪੂਰੀ ਦੁਨੀਆਂ ਅੰਦਰ ਵਧਾਇਆ ਮਾਣ : ਲਾਲਜੀਤ ਭੁੱਲਰ
- ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਘਰਾਂ ਦਾ ਕੰਮ ਜਲਦ ਹੋਵੇਗਾ ਸ਼ੁਰੂ : ਡਾ. ਓਬਰਾਏ



ਘੜੁੰਮ ਵਿਖੇ ਧੁੱਸੀ ਬੰਨ੍ਹ ਟੁੱਟਣ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਂਦੇ ਹੋਏ ਡਾਕਟਰ ਓਬਰਾਏ, ਕੈਬਨਿਟ ਮੰਤਰੀ ਲਾਲਜੀਤ ਸਿੰਘ ਅਤੇ ਹੋਰ।

**ਹਰੀਕੇ, (ਪੰਜਾਬ ਮੇਲ)-** ਪੂਰੀ ਦੁਨੀਆਂ ਅੰਦਰ ਲੋੜਵੰਦਾਂ ਦੇ ਮਸੀਹੇ ਵਜੋਂ ਜਾਣੇ ਜਾਂਦੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾਕਟਰ ਐੱਸ.ਪੀ. ਸਿੰਘ ਓਬਰਾਏ ਵੱਲੋਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਫਿਰੋਜ਼ਪੁਰ ਤੋਂ ਵਿਧਾਇਕ ਨਰੇਸ਼ ਕਟਾਰੀਆ ਦੀ ਮੌਜੂਦਗੀ ਵਿਚ ਅੱਜ ਹਰੀਕੇ ਪੱਤਣ ਦਰਿਆ ਦੇ ਨੇੜਲੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ।

ਇਸ ਦੌਰਾਨ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਡਾ. ਓਬਰਾਏ ਦਾ ਸ਼ਾਨਦਾਰ ਸਵਾਗਤ ਕਰਨ ਉਪਰੰਤ ਕਿਹਾ ਕਿ ਸਮਾਜ ਸੇਵਾ ਦੇ ਖੇਤਰ ਵਿਚ ਉਨ੍ਹਾਂ ਦਾ ਬਹੁਤ ਵੱਡਾ ਨਾਂ ਹੈ। ਉਨ੍ਹਾਂ ਵੱਲੋਂ ਸੇਵਾ ਦੇ ਖੇਤਰ ਵਿਚ ਕੀਤੇ ਜਾਂਦੇ ਵਿਲੱਖਣ ਤੇ ਮਿਸਾਲੀ ਸੇਵਾ ਕਾਰਜਾਂ ਦੀ ਪੂਰੀ ਦੁਨੀਆਂ ਅੰਦਰ ਕਿਤੇ ਮਿਸਾਲ ਨਹੀਂ ਮਿਲਦੀ। ਉਨ੍ਹਾਂ ਦੱਸਿਆ ਕਿ ਹਰੀਕੇ ਨਜ਼ਦੀਕ ਧੁੱਸੀ ਬੰਨ੍ਹ ਅੰਦਰ ਪਾਣੀ ਆਉਣ ਦੇ ਪਹਿਲੇ ਦਿਨ ਤੋਂ ਘੜੁੰਮ ਬੰਨ ਟੁੱਟਣ ਤੋਂ ਲੈ ਕੇ ਅੱਜ ਤੱਕ ਡਾਕਟਰ ਓਬਰਾਏ ਦੀ ਸਰਪ੍ਰਸਤੀ ਹੇਠ ਸਰਬੱਤ ਦਾ ਭਲਾ ਟਰੱਸਟ ਵੱਲੋਂ ਵੱਡੇ ਪੱਧਰ ਤੇ ਸੇਵਾ ਕਾਰਜ ਨਿਰੰਤਰ ਨਿਭਾਏ ਜਾ ਰਹੇ ਹਨ। ਕੈਬਨਿਟ ਮੰਤਰੀ ਭੁੱਲਰ ਨੇ ਦੱਸਿਆ ਕਿ ਹੜ੍ਹਾਂ ਦੌਰਾਨ ਸਾਡੇ ਵੱਲੋਂ ਡਾ. ਓਬਰਾਏ ਕੋਲੋਂ ਜਦੋਂ ਵੀ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲਈ ਬੇਨਤੀ ਕੀਤੀ ਗਈ, ਉਨ੍ਹਾਂ ਵੱਲੋਂ ਸਾਨੂੰ ਸਹੀ ਸਮੇਂ ਤੇ ਹਰ ਤਰ੍ਹਾਂ ਦਾ ਸਹਿਯੋਗ ਮਿਲਿਆ ਹੈ, ਜਿਸ ਲਈ ਅਸੀਂ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ। ਇਸੇ ਦੌਰਾਨ ਗੱਲਬਾਤ ਕਰਦਿਆਂ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੰਜਾਬ ਭਰ ਵਿਚ ਆਏ ਹੜ੍ਹਾਂ ਉਪਰੰਤ ਪਹਿਲੇ ਦਿਨ ਤੋਂ ਹੀ ਰਾਹਤ ਕਾਰਜ ਨਿਭਾਏ ਜਾ ਰਹੇ ਹਨ, ਜਿਸ ਤਹਿਤ ਤਰਨਤਾਰਨ ਜ਼ਿਲ੍ਹੇ ਵਿਚ ਪ੍ਰਭਾਵਿਤ ਲੋਕਾਂ ਨੂੰ ਟਰੱਸਟ ਦੀ ਤਰਨਤਾਰਨ ਇਕਾਈ ਦੇ ਸਰਵੇ ਮੁਤਾਬਿਕ ਪਹਿਲੇ ਦਿਨ ਤੋਂ ਹੀ ਲੋੜੀਂਦਾ ਪਸ਼ੂਆਂ ਦਾ ਚਾਰਾ, ਪਸ਼ੂਆਂ ਦੀ ਦਵਾਈਆਂ, ਸੁੱਕੇ ਰਾਸ਼ਨ ਦੀਆਂ ਕਿੱਟਾਂ, ਮੱਛਰਦਾਨੀਆਂ ਅਤੇ ਹੋਰ ਰਾਹਤ ਦਾ ਸਮਾਨ ਨਿਰੰਤਰ ਭੇਜਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੱਜ ਵੀ 350 ਕੁਇੰਟਲ ਮੱਕੀ ਦਾ ਆਚਾਰ ਇੱਥੇ ਆਇਆ ਹੈ, ਜੋ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਵਿਧਾਇਕ ਨਰੇਸ਼ ਕਟਾਰੀਆ ਦੀ ਮੌਜੂਦਗੀ ਵਿਚ ਲੋੜਵੰਦਾਂ ਨੂੰ ਤਕਸੀਮ ਕਰ ਗਿਆ ਹੈ। ਡਾ. ਓਬਰਾਏ ਨੇ ਇਹ ਵੀ ਦੱਸਿਆ ਕਿ ਹੜ੍ਹ ਕਾਰਨ ਨੁਕਸਾਨੇ ਗਏ ਘਰਾਂ ਨੂੰ ਬਣਾਉਣ ਦਾ ਜੋ ਐਲਾਨ ਸਾਡੇ ਵੱਲੋਂ ਕੀਤਾ ਗਿਆ ਹੈ, ਉਨ੍ਹਾਂ ਘਰਾਂ ਦੀਆਂ ਲਿਸਟਾਂ ਤਿਆਰ ਹੋ ਰਹੀਆਂ ਹਨ ਅਤੇ ਜਲਦੀ ਹੀ ਉਹ ਘਰ ਤਿਆਰ ਕਰਵਾ ਕੇ ਦਿੱਤੇ ਜਾਣਗੇ। ਇਸ ਦੌਰਾਨ ਡਾਕਟਰ ਓਬਰਾਏ ਨੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਵੀ ਹੌਸਲਾ ਦਿੰਦਿਆਂ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਸ ਮੁਸ਼ਕਿਲ ਸਮੇਂ ਵਿਚ ਹਰ ਤਰ੍ਹਾਂ ਨਾਲ ਉਨ੍ਹਾਂ ਦੇ ਨਾਲ ਖੜ੍ਹੀ ਹੈ।

ਇਸ ਮੌਕੇ ਟਰੱਸਟ ਦੀ ਫਿਰੋਜ਼ਪੁਰ ਇਕਾਈ ਦੇ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਮਹਿਲਾ ਵਿੰਗ ਦੇ ਪ੍ਰਧਾਨ ਅਮਰਜੀਤ ਕੌਰ ਛਾਬੜਾ, ਦਵਿੰਦਰ ਸਿੰਘ ਛਾਬੜਾ, ਤਰਨਤਾਰਨ ਇਕਾਈ ਦੇ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਪਨਗੋਟਾ, ਵਾਈਸ ਪ੍ਰਧਾਨ ਵਿਸ਼ਾਲ ਸੂਦ, ਖਜ਼ਾਨਚੀ ਡਾਕਟਰ ਇੰਦਰਪ੍ਰੀਤ ਸਿੰਘ ਧਾਮੀ, ਸਤਨਾਮ ਸਿੰਘ, ਡਾਕਟਰ ਸਰਬਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਜੋਤੀਸਾਹ, ਪ੍ਰਧਾਨ ਵਰਿੰਦਰਜੀਤ ਸਿੰਘ ਹੀਰੂ, ਚੇਅਰਮੈਨ ਦਿਲਬਾਗ ਸਿੰਘ, ਚੇਅਰਮੈਨ ਸੁਖਰਾਜ ਸਿੰਘ ਕਿਰਤੋਵਾਲ, ਨਿਸ਼ਾਨ ਸਿੰਘ ਹਰੀਕੇ, ਪ੍ਰਗਟ ਸਿੰਘ ਹਰੀਕੇ ਹਾਜ਼ਰ ਸਨ।

# ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਭਾਰਤ ਫੇਰੀ ਲਈ ਜਹਾਜ਼ੇ ਚੜ੍ਹੇ



**ਸੈਕਰਾਮੈਂਟੋ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਕੋਰੋਨਾ ਸੰਕਰਮਿਤ ਨਾ ਹੋਣ ਦੀ ਪੁਸ਼ਟੀ ਹੋਣ ਉਪਰੰਤ ਉਹ ਜੀ-20 ਸਿਖਰ ਸੰਮੇਲਨ 'ਚ ਹਿੱਸਾ ਲੈਣ ਲਈ 7 ਸਤੰਬਰ ਨੂੰ ਭਾਰਤ ਪਹੁੰਚ ਰਹੇ ਹਨ। ਇਸ ਦੌਰਾਨ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਦੁਵੱਲੀ ਬੈਠਕ ਕਰਨਗੇ। ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ ਵ੍ਹਾਈਟ ਹਾਊਸ ਨੇ ਇਹ ਜਾਣਕਾਰੀ ਦਿੱਤੀ। ਇਸ ਐਲਾਨ ਤੋਂ ਇਕ ਦਿਨ ਪਹਿਲਾਂ ਸੋਮਵਾਰ ਨੂੰ ਅਮਰੀਕਾ ਦੀ ਪਹਿਲੀ ਮਹਿਲਾ ਕੋਰੋਨਾ ਸੰਕਰਮਿਤ ਪਾਈ ਗਈ ਸੀ, ਜਿਸ ਤੋਂ ਬਾਅਦ ਬਾਇਡਨ ਦੀ ਵੀ ਜਾਂਚ ਕੀਤੀ ਗਈ ਸੀ। ਜਾਂਚ ਰਿਪੋਰਟ 'ਚ ਉਨ੍ਹਾਂ ਦੇ ਸੰਕਰਮਿਤ ਨਾ ਹੋਣ ਦੀ ਪੁਸ਼ਟੀ ਕੀਤੀ ਗਈ।

ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਵ੍ਹਾਈਟ ਹਾਊਸ 'ਚ ਪ੍ਰੈੱਸ ਕਾਨਫਰੰਸ 'ਚ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਜੀ-20 ਸਿਖਰ ਸੰਮੇਲਨ 'ਚ ਹਿੱਸਾ ਲੈਣ ਲਈ ਭਾਰਤ ਜਾਣਗੇ। ਉਨ੍ਹਾਂ ਦੱਸਿਆ ਕਿ ਬਾਇਡਨ ਪੀ.ਐੱਮ. ਮੋਦੀ ਨਾਲ ਦੁਵੱਲੀ ਮੀਟਿੰਗ ਕਰਨਗੇ। ਉਨ੍ਹਾਂ ਕਿਹਾ ਕਿ ਬਾਇਡਨ ਸ਼ਨੀਵਾਰ ਤੇ ਐਤਵਾਰ ਨੂੰ ਜੀ-20 ਸੰਮੇਲਨ ਦੇ ਅਧਿਕਾਰਤ ਸੈਸ਼ਨ 'ਚ ਹਿੱਸਾ ਲੈਣਗੇ।

## ਪੁਲਿਸ ਹੁਣ 15 ਦਿਨ ਦੀ ਬਜਾਏ ਦੋ ਦਿਨਾਂ 'ਚ ਪੂਰੀ ਕਰ ਰਹੀ ਪਾਸਪੋਰਟ ਵੈਰੀਫਿਕੇਸ਼ਨ

**ਚੰਡੀਗੜ੍ਹ, (ਪੰਜਾਬ ਮੇਲ)-** ਪੁਲਿਸ ਹੁਣ 15 ਦਿਨਾਂ ਦੀ ਬਜਾਏ ਦੋ ਦਿਨਾਂ 'ਚ ਪਾਸਪੋਰਟ ਵੈਰੀਫਿਕੇਸ਼ਨ ਪੂਰੀ ਕਰ ਰਹੀ ਹੈ। ਹਾਂ, ਇਹ ਤਤਕਾਲ ਅਪਲਾਈਡ ਪਾਸਪੋਰਟ ਵੈਰੀਫਿਕੇਸ਼ਨ ਨਹੀਂ ਹੈ, ਬਲਕਿ ਰੂਟੀਨ ਅਪਲਾਈਡ ਪਾਸਪੋਰਟ ਦੀ ਪੁਲਿਸ ਵੈਰੀਫਿਕੇਸ਼ਨ ਹੈ। ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਵੱਲੋਂ ਸ਼ੁਰੂ ਕੀਤੀ **mPassport** ਪੁਲਿਸ ਐਪ ਪ੍ਰਭਾਵਸ਼ਾਲੀ ਅਤੇ ਮਦਦਗਾਰ ਸਾਬਤ ਹੋ ਰਹੀ ਹੈ।

ਪੁਲਿਸ ਨੇ 16 ਜੂਨ ਤੋਂ 01 ਸਤੰਬਰ ਤੱਕ ਪਾਸਪੋਰਟ ਦਫ਼ਤਰ ਤੋਂ ਕੁੱਲ 8 ਹਜ਼ਾਰ 453 ਲੋਕਾਂ ਦੀ ਵੈਰੀਫਿਕੇਸ਼ਨ ਕੀਤੀ ਸੀ। ਇਨ੍ਹਾਂ ਵਿਚੋਂ ਪੁਲਿਸ ਨੇ 8 ਹਜ਼ਾਰ 236 ਦੀ ਪੁਲਿਸ ਵੈਰੀਫਿਕੇਸ਼ਨ ਕਰ ਕੇ ਪਾਸਪੋਰਟ ਦਫ਼ਤਰ ਭੇਜ ਦਿੱਤੀ ਹੈ। ਇਸ ਤੋਂ ਇਲਾਵਾ ਪੁਲਿਸ ਨੇ ਇੱਕ ਦਿਨ ਵਿਚ 132 ਲੋਕਾਂ ਦੀ ਤਸਦੀਕ ਵੀ ਕੀਤੀ ਹੈ। ਹੁਣ ਭਵਿੱਖ ਵਿਚ ਵੀ ਦੋ-ਤਿੰਨ ਦਿਨਾਂ ਵਿਚ ਲੋਕਾਂ ਦੀ ਪਾਸਪੋਰਟ ਵੈਰੀਫਿਕੇਸ਼ਨ ਹੋ ਜਾਵੇਗੀ।


TAKHAR URGENT CARE
& Family Medicine



Paramjit S. Takhar, M.D.
Board Certified Family Medicine
Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823




We Accept Medicare, Medical & Cash Pay

# ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ: ਪੰਜਾਬ ਪੁਲਿਸ ਵੱਲੋਂ 2778 ਵੱਡੀਆਂ ਮੱਛੀਆਂ ਸਮੇਤ 19093 ਨਸ਼ਾ ਤਸਕਰ ਗ੍ਰਿਫਤਾਰ

**■ 1548 ਕਿਲੋ ਹੈਰੋਇਨ ਬਰਾਮਦ**
**■ ਇਕੱਲੇ ਅਗਸਤ ਮਹੀਨੇ 'ਚ ਲਗਭਗ 240 ਕਿਲੋ ਹੈਰੋਇਨ ਦੀ ਬਰਾਮਦਗੀ**

**ਚੰਡੀਗੜ੍ਹ, (ਪੰਜਾਬ ਮੇਲ)-** ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਪੁੱਟਣ ਲਈ ਵਿੱਢੀ ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ ਨੂੰ 14 ਮਹੀਨੇ ਪੂਰੇ ਹੋਣ ਦੇ ਨਾਲ-ਨਾਲ ਪੰਜਾਬ ਪੁਲਿਸ ਨੇ 5 ਜੁਲਾਈ 2022 ਤੋਂ ਹੁਣ ਤੱਕ 2778 ਵੱਡੀਆਂ ਮੱਛੀਆਂ ਸਮੇਤ 19093 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਕੁੱਲ 14179 ਐੱਫ.ਆਈ.ਆਰਜ਼ ਦਰਜ ਕੀਤੀਆਂ ਹਨ, ਜਿਨ੍ਹਾਂ ਵਿਚੋਂ 1717 ਵਪਾਰਕ ਮਾਤਰਾ ਨਾਲ ਸਬੰਧਤ ਹਨ।

ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈ.ਜੀ.ਪੀ.) ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੁਲਿਸ ਟੀਮਾਂ ਨੇ ਸੂਬੇ ਭਰ ਦੇ ਨਸ਼ਾ ਪ੍ਰਭਾਵਿਤ ਇਲਾਕਿਆਂ ਵਿਚ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾ ਕੇ ਅਤੇ ਰਾਜ ਭਰ ਵਿਚ ਸੰਵੇਦਨਸ਼ੀਲ ਰੂਟਾਂ 'ਤੇ ਨਾਕੇ ਲਗਾ ਕੇ 1400.77 ਕਿਲੋ ਹੈਰੋਇਨ ਬਰਾਮਦ ਕੀਤੀ। ਪੰਜਾਬ ਪੁਲਿਸ ਦੀਆਂ ਟੀਮਾਂ ਵੱਲੋਂ ਗੁਜਰਾਤ ਅਤੇ ਮਹਾਰਾਸ਼ਟਰ ਦੇ ਸਮੁੰਦਰੀ ਬੰਦਰਗਾਹਾਂ ਤੋਂ 147.5 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਜਿਸ ਨਾਲ ਮਹਿਜ਼ 14 ਮਹੀਨਿਆਂ ਵਿਚ ਹੈਰੋਇਨ ਦੀ ਕੁੱਲ ਪ੍ਰਭਾਵੀ ਰਿਕਵਰੀ 1548.27 ਕਿਲੋ ਤੱਕ ਪਹੁੰਚ ਗਈ ਹੈ।

ਉਨ੍ਹਾਂ ਅੱਗੇ ਕਿਹਾ, "ਪੁਲਿਸ ਟੀਮਾਂ ਨੇ ਇਕੱਲੇ ਅਗਸਤ ਮਹੀਨੇ ਵਿਚ ਸੂਬੇ ਭਰ 'ਚੋਂ ਲਗਭਗ 240 ਕਿਲੋ ਹੈਰੋਇਨ ਬਰਾਮਦ ਕੀਤੀ ਹੈ।"

ਆਈ.ਜੀ.ਪੀ. ਨੇ ਦੱਸਿਆ ਕਿ ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਨੇ ਸੂਬੇ ਭਰ ਵਿਚੋਂ 871.82 ਕਿਲੋ ਅਫੀਮ, 446.30 ਕੁਇੰਟਲ ਭੁੱਕੀ ਅਤੇ 90.59 ਲੱਖ ਗੋਲੀਆਂ/ਕੈਪਸੂਲ/ਟੀਕੇ/ਫਾਰਮਾ ਓਪੀਔਡਜ਼ ਦੀਆਂ ਸ਼ੀਸ਼ੀਆਂ ਵੀ ਬਰਾਮਦ ਕੀਤੀਆਂ ਹਨ। ਪੁਲਿਸ ਨੇ ਪਿਛਲੇ 14 ਮਹੀਨਿਆਂ ਦੌਰਾਨ ਫੜੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿਚੋਂ 13.96 ਕਰੋੜ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਆਈ.ਜੀ.ਪੀ. ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੂਬੇ ਵਿਚੋਂ ਨਸ਼ਿਆਂ ਦਾ ਪੂਰੀ ਤਰ੍ਹਾਂ ਸਫਾਇਆ ਕਰਨ ਲਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਦੀ ਅਗਵਾਈ ਵਿਚ ਪੰਜਾਬ ਪੁਲਿਸ ਨੇ ਤਿੰਨ-ਨੁਕਾਤੀ ਰਣਨੀਤੀ ਲਾਗੂ ਕੀਤੀ ਹੈ, ਜਿਸ ਵਿਚ ਪੁਲਿਸ ਦੀ ਸ਼ਮੂਲੀਅਤ, ਲੋਕ ਸੰਪਰਕ ਪ੍ਰੋਗਰਾਮ ਅਤੇ ਨਸ਼ਿਆਂ ਦੀ ਮੰਗ ਘਟਾਉਣ, ਜਿਹੇ ਤਿੰਨ ਅਹਿਮ ਪਹਿਲੂ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਰਣਨੀਤੀ ਲਾਗੂ ਕਰਨ ਦੇ ਹਿੱਸੇ ਤਹਿਤ, ਸੀ.ਪੀ.ਜ਼/ਐੱਸ.ਐੱਸ.ਪੀਜ਼ ਨੂੰ ਮੁਹੱਲਿਆਂ ਅਤੇ ਪਿੰਡਾਂ ਵਿਚ ਨਸ਼ਿਆਂ ਦੀ ਸਪਲਾਈ 'ਤੇ ਠੱਲ੍ਹ ਪਾਉਣ ਲਈ ਗਲੀ-ਮੁਹੱਲਿਆਂ ਅਤੇ ਸਪਲਾਇਰਾਂ ਵਿਰੁੱਧ ਵੱਡੇ ਪੱਧਰ 'ਤੇ ਆਲ-ਆਊਟ ਆਪ੍ਰੇਸ਼ਨ ਵਿੱਢਣ ਲਈ ਕਿਹਾ ਗਿਆ ਹੈ। ਇਸ ਰਣਨੀਤੀ ਦੇ ਹਿੱਸੇ ਵਜੋਂ, ਕੁਝ ਕੁ ਗ੍ਰਾਮ ਹੈਰੋਇਨ ਜਾਂ ਨਸ਼ੀਲੇ ਪਾਊਡਰ ਦੇ ਨਾਲ ਫੜੇ ਗਏ ਵਿਅਕਤੀਆਂ ਨੂੰ ਪੀੜਤ ਮੰਨਿਆ ਜਾਵੇਗਾ ਅਤੇ ਉਸਨੂੰ ਐੱਨ.ਡੀ.ਪੀ.ਐੱਸ. ਐਕਟ ਦੀ ਧਾਰਾ 64ਏ ਤਹਿਤ ਗ੍ਰਿਫਤਾਰੀ ਤੋਂ ਛੋਟ ਦਿੰਦਿਆਂ ਇਲਾਜ ਅਤੇ ਮੁੜਵਸੇਬੇ ਦਾ ਵਿਕਲਪ ਦਿੱਤਾ ਜਾਵੇਗਾ।

# ਅੱਤਵਾਦੀ ਲਖਬੀਰ ਲੰਡਾ ਖਿਲਾਫ਼ ਪੰਜਾਬ ਪੁਲਿਸ ਦੀ ਵੱਡੀ ਕਾਰਵਾਈ

**■ ਲਖਬੀਰ ਲੰਡਾ ਨਾਲ ਜੁੜੇ ਵਿਅਕਤੀਆਂ ਦੇ ਸ਼ੱਕੀ ਟਿਕਾਣਿਆਂ 'ਤੇ ਚਲਾਈ ਤਲਾਸ਼ੀ ਮੁਹਿੰਮ**

**ਚੰਡੀਗੜ੍ਹ/ਜਲੰਧਰ, (ਪੰਜਾਬ ਮੇਲ)-** ਅੱਤਵਾਦੀਆਂ, ਗੈਂਗਸਟਰਾਂ ਅਤੇ ਨਸ਼ਾ ਸਮੱਗਲਰਾਂ ਦੇ ਆਪਸੀ ਸਬੰਧਾਂ ਨੂੰ ਨੱਥ ਪਾਉਣ ਦੇ ਉਦੇਸ਼ ਨਾਲ ਇਕ ਹੋਰ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਪੁਲਿਸ ਵਲੋਂ ਐਤਵਾਰ ਨੂੰ ਅੱਤਵਾਦੀ ਲਖਬੀਰ ਸਿੰਘ ਉਰਫ਼ ਲੰਡਾ ਨਾਲ ਜੁੜੇ ਵਿਅਕਤੀਆਂ ਦੇ ਸ਼ੱਕੀ ਟਿਕਾਣਿਆਂ 'ਤੇ ਇਕ ਵਿਸ਼ੇਸ਼ ਘੇਰਾਬੰਦੀ ਤੇ ਤਲਾਸ਼ੀ ਮੁਹਿੰਮ (ਕਾਸੋ) ਚਲਾਈ ਗਈ। ਇਹ ਛਾਪੇਮਾਰੀ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸਵੇਰੇ 6 ਵਜੇ ਤੋਂ ਰਾਤ 10 ਵਜੇ ਤੱਕ ਇਕੋ ਸਮੇਂ 'ਤੇ ਕੀਤੀ ਗਈ, ਜਿਸ ਦੌਰਾਨ ਰਾਜ ਦੇ 28 ਪੁਲਿਸ ਜ਼ਿਲ੍ਹਿਆਂ ਵਿਚ ਲਖਬੀਰ ਲੰਡਾ ਦੇ ਲਗਭਗ 297 ਨੇੜਲੇ ਸਾਥੀਆਂ ਨਾਲ ਜੁੜੇ ਸਾਰੇ ਰਿਹਾਇਸ਼ੀ ਅਤੇ ਹੋਰ ਟਿਕਾਣਿਆਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ।

ਸਪੈਸ਼ਲ ਡੀ.ਜੀ.ਪੀ. (ਲਾਅ ਐਂਡ ਆਰਡਰ) ਅਰਪਿਤ ਸ਼ੁਕਲਾ ਨੇ ਦੱਸਿਆ ਕਿ ਸਾਰੇ ਸੀ.ਪੀਜ਼/ਐੱਸ.ਐੱਸ.ਪੀਜ਼ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਇਸ ਆਪ੍ਰੇਸ਼ਨ ਨੂੰ ਸਫ਼ਲ ਬਣਾਉਣ ਲਈ ਇੰਸਪੈਕਟਰ ਜਾਂ ਸਬ-ਇੰਸਪੈਕਟਰ ਦੀ ਅਗਵਾਈ ਵਿਚ ਮਜ਼ਬੂਤ ਪੁਲਿਸ ਪਾਰਟੀਆਂ ਤਾਇਨਾਤ ਕਰਨ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੂੰ ਕਾਰਵਾਈ ਦੌਰਾਨ ਸ਼ੱਕੀ ਵਿਅਕਤੀਆਂ ਨੂੰ ਕਾਬੂ ਕਰਨ ਲਈ ਵੀ ਕਿਹਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਪੰਜਾਬ ਪੁਲਿਸ ਦੀਆਂ 150 ਪਾਰਟੀਆਂ, ਜਿਨ੍ਹਾਂ ਵਿਚ ਲਗਭਗ 1200 ਪੁਲਿਸ ਮੁਲਾਜ਼ਮ ਸ਼ਾਮਲ ਹਨ, ਨੇ ਸੂਬੇ ਭਰ ਵਿਚ ਇਸ ਛਾਪੇਮਾਰੀ ਨੂੰ ਅੰਜਾਮ ਦਿੱਤਾ। ਉਨ੍ਹਾਂ ਅੱਗੇ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ (ਕਾਸੋ) ਦੀ ਯੋਜਨਾ, ਹਾਲ ਹੀ ਵਿਚ ਫੜੇ ਗਏ ਲਖਬੀਰ ਲੰਡਾ ਦੀ ਹਮਾਇਤ ਵਾਲੇ ਮਾਡਿਊਲਾਂ ਨਾਲ ਸਬੰਧਤ ਕਈ ਵਿਅਕਤੀਆਂ ਤੋਂ ਪੁੱਛਗਿੱਛ ਤੋਂ ਬਾਅਦ ਬਣਾਈ ਗਈ ਸੀ।

ਸਪੈਸ਼ਲ ਡੀ.ਜੀ.ਪੀ. ਨੇ ਦੱਸਿਆ ਕਿ ਹੋਰ ਪੜਤਾਲ ਲਈ ਕਈ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਅਤੇ ਉਨ੍ਹਾਂ ਕੋਲੋਂ ਅਪਰਾਧਕ ਸਮੱਗਰੀ ਵੀ ਜ਼ਬਤ ਕੀਤੀ ਗਈ ਹੈ, ਜਿਸ ਦੀ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਦੌਰਾਨ ਪੁਲਿਸ ਟੀਮਾਂ ਨੇ ਇਨ੍ਹਾਂ ਅਪਰਾਧੀਆਂ ਨਾਲ ਸਬੰਧਤ ਘਰਾਂ ਅਤੇ ਹੋਰ ਥਾਵਾਂ 'ਤੇ ਬਾਰੀਕੀ ਨਾਲ ਤਲਾਸ਼ੀ ਲਈ ਅਤੇ ਇਲੈਕਟ੍ਰਾਨਿਕ ਡਿਵਾਈਸਾਂ ਤੋਂ ਡਾਟਾ ਵੀ ਇਕੱਠਾ ਕੀਤਾ, ਜਿਸ ਨੂੰ ਫਾਰੈਂਸਿਕ ਜਾਂਚ ਲਈ ਭੇਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੁਲਸ ਟੀਮਾਂ ਨੇ ਅਸਲਾ ਲਾਇਸੈਂਸਾਂ ਦੀ ਵੀ ਜਾਂਚ ਕੀਤੀ ਅਤੇ ਅਸਲੇ ਦੀ ਸੋਰਸਿੰਗ ਬਾਰੇ ਲੋਕਾਂ ਤੋਂ ਪੁੱਛਗਿੱਛ ਕੀਤੀ। ਇਸ ਤੋਂ ਇਲਾਵਾ ਵਿਦੇਸ਼ਾਂ ਵਿਚ ਰਹਿੰਦੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਯਾਤਰਾ ਸਬੰਧੀ ਵੇਰਵੇ, ਵਿਦੇਸ਼ਾਂ ਤੋਂ ਬੈਂਕਾਂ ਦੇ ਲੈਣ-ਦੇਣ, ਵੈਸਟਰਨ ਯੂਨੀਅਨ ਅਤੇ ਜਾਇਦਾਦ ਸਬੰਧੀ ਵੇਰਵੇ ਵੀ ਅਗਲੇਰੀ ਜਾਂਚ ਲਈ ਇਕੱਠੇ ਕੀਤੇ ਗਏ ਹਨ।

# ਪੰਜਾਬ ਪੁਲਿਸ ਵੱਲੋਂ ਜੇਲ੍ਹ 'ਚੋਂ ਚਲਾਏ ਜਾ ਰਹੇ ਡਰੱਗ ਕਾਰਟਲ ਦਾ ਪਰਦਾਫਾਸ਼

**■ 15 ਕਿਲੋ ਹੈਰੋਇਨ, 7 ਲੱਖ ਰੁਪਏ ਦੀ ਡਰੱਗ ਮਨੀ ਸਮੇਤ 7 ਕਾਬੂ**

**ਚੰਡੀਗੜ੍ਹ/ਅੰਮ੍ਰਿਤਸਰ, (ਪੰਜਾਬ ਮੇਲ)-** ਨਸ਼ਿਆਂ ਵਿਰੁੱਧ ਵਿੱਢੀ ਜੰਗ ਤਹਿਤ ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਨੈੱਟਵਰਕ ਨੂੰ ਇੱਕ ਹੋਰ ਝਟਕਾ ਦਿੰਦਿਆਂ ਪੰਜਾਬ ਪੁਲਿਸ ਨੇ ਸੱਤ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਦੇ ਅੰਦਰੋਂ ਚਲਾਏ ਜਾ ਰਹੇ ਇੱਕ ਵੱਡੇ ਨਸ਼ਾ ਤਸਕਰੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦੱਸਿਆ ਕਿ ਗ੍ਰਿਫਤਾਰ ਕੀਤੇ ਵਿਅਕਤੀਆ ਵਿਚ ਤਿੰਨ ਡਿਲੀਵਰੀ ਕਰਨ ਵਾਲੇ ਅਤੇ ਚਾਰ ਰਿਸੀਵਰ ਹਨ ਅਤੇ ਇਨਾਂ ਕੋਲੋਂ 15 ਕਿਲੋਗ੍ਰਾਮ ਹੈਰੋਇਨ ਅਤੇ 7 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਪਿੰਦਰ ਸਿੰਘ ਉਰਫ ਭਿੰਦਾ, ਨਰਿੰਦਰ ਸਿੰਘ ਅਤੇ ਰਣਜੋਧ ਸਿੰਘ ਉਰਫ ਜੋਧਾ ਸਾਰੇ ਵਾਸੀ ਪਿੰਡ ਹਰੂਵਾਲ ਗੁਰਦਾਸਪੁਰ ਅਤੇ ਰਾਜਦੀਪ ਸਿੰਘ, ਰਾਮ ਸਿੰਘ, ਜਸਪਾਲ ਸਿੰਘ ਅਤੇ ਰਾਜਵਿੰਦਰ ਕੌਰ ਸਾਰੇ ਵਾਸੀ ਫਿਰੋਜ਼ਪੁਰ ਵਜੋਂ ਹੋਈ ਹੈ। ਹੈਰੋਇਨ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਇਲਾਵਾ, ਪੁਲਿਸ ਟੀਮਾਂ ਨੇ ਇਨ੍ਹਾਂ ਕੋਲੋਂ ਦੋ ਕਾਰਾਂ ਨੂੰ ਵੀ ਜ਼ਬਤ ਕੀਤਾ ਹੈ, ਜਿਨ੍ਹਾਂ ਵਿਚ ਇੱਕ ਸਵਿਫਟ ਡਿਜ਼ਾਇਰ ਕਾਰ (ਪੀ.ਬੀ.01-ਡੀ-0835) ਅਤੇ ਇੱਕ ਮਾਰੂਤੀ ਐੱਸ.ਐਕਸ-4 (ਪੀ.ਬੀ.47-ਈ-7502) ਸ਼ਾਮਲ ਹੈ।

# ਅਮਰੀਕਾ ਵੱਲੋਂ ਰੂਸ ਖ਼ਿਲਾਫ਼ ਜੰਗ 'ਚ ਯੂਕਰੇਨ ਨੂੰ ਭੇਜੇ ਸਭ ਤੋਂ ਵੱਧ ਹਥਿਆਰ

**ਵਾਸ਼ਿੰਗਟਨ, (ਪੰਜਾਬ ਮੇਲ)-** ਰੂਸ ਅਤੇ ਯੂਕਰੇਨ ਵਿਚਾਲੇ ਜੰਗ ਪਿਛਲੇ ਲੰਬੇ ਸਮੇਂ ਤੋਂ ਜਾਰੀ ਹੈ। ਇਸ ਜੰਗ ਦਾ ਪ੍ਰਭਾਅ ਸਾਰੀ ਦੁਨੀਆਂ ਵਿਚ ਹੀ ਵੇਖਣ ਨੂੰ ਮਿਲ ਰਿਹਾ ਹੈ। ਕਈ ਦੇਸ਼ ਰੂਸ ਖ਼ਿਲਾਫ਼ ਇਸ ਜੰਗ ਵਿਚ ਯੂਕਰੇਨ ਦਾ ਸਾਥ ਦੇ ਰਹੇ ਹਨ। ਹਥਿਆਰਾਂ ਦੀ ਗੱਲ ਕਰੀਏ ਤਾਂ ਅਮਰੀਕਾ ਨੇ ਯੂਕਰੇਨ ਨੂੰ ਸਭ ਤੋਂ ਵੱਧ ਹਥਿਆਰ ਮੁਹੱਈਆ ਕਰਵਾਏ ਹਨ। ਇਸ ਜੰਗ ਵਿਚ ਅਮਰੀਕਾ ਵੱਲੋਂ ਯੂਕਰੇਨ ਨੂੰ ਭੇਜੇ ਗਏ ਹਥਿਆਰਾਂ ਦੀ ਸੂਚੀ ਸਾਹਮਣੇ ਆਈ ਹੈ।


Global Allianz

LAW FIRM LLP

ਕਾਨੂੰਨੀ ਸਲਾਹ

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense


Atul Kapoor
C.E.O


Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਨਿਸ਼ਾਨ ਰੰਧਾਵਾ ਨੇ ਕੈਨੇਡਾ ਕੇਸਰੀ, ਗੁਰਲੀਨ ਕੌਰ ਢਿੱਲੋਂ ਬਾਲ ਕੇਸਰੀ ਤੇ ਜਗਰੂਪ ਢੀਂਡਸਾ ਨੇ ਬਾਲ ਕੇਸਰੀ ਖਿਤਾਬ ਜਿੱਤੇ





ਨਿਸ਼ਾਨ ਸਿੰਘ ਰੰਧਾਵਾ ਨੂੰ ਕੈਨੇਡਾ ਕੇਸਰੀ ਦੀ ਗੁਰਜ ਦਿੰਦੇ ਸਮੇਂ। (ਸੱਜੇ) ਜੇਤੂਆਂ ਨੂੰ ਇਨਾਮ ਦਿੰਦੇ ਸਮੇਂ ਦੀਆਂ ਤਸਵੀਰਾਂ।

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- ਸਰੀ ਸਿੱਖ ਯੂਥ ਵੱਲੋਂ ਗੁਰੂ ਨਾਨਕ ਸਿੱਖ ਟੈਂਪਲ ਸਰੀ ਦੇ ਖੁੱਲ੍ਹੇ ਮੈਦਾਨ ਵਿਚ ਅੰਤਰਰਾਸ਼ਟਰੀ ਕਬੱਡੀ, ਕੁਸ਼ਤੀ, ਵਾਲੀਬਾਲ, ਵੇਟਲਿਫਟਿੰਗ ਟੂਰਨਾਮੈਂਟ ਬੜੀ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ, ਜਿੱਥੇ ਮੀਂਹ ਵਰਦਿਆਂ ਹੀ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਕੈਨੇਡਾ ਕੇਸਰੀ ਖਿਤਾਬ ਲਈ ਨਿਸ਼ਾਨ ਸਿੰਘ ਰੰਧਾਵਾ ਤੇ ਬਲਤੇਜ ਮੁੰਡੀ ਵਿਚਕਾਰ ਮੁਕਾਬਲਾ ਹੋਇਆ, ਜਿਸ ਵਿਚ ਬੂਟਾ ਸਿੰਘ ਉਸਤਾਦ ਦਾ ਲੜਕਾ



ਨਿਸ਼ਾਨ ਸਿੰਘ ਰੰਧਾਵਾ ਕੈਨੇਡਾ ਕੇਸਰੀ ਜਿੱਤਣ ਵਿਚ ਕਾਮਯਾਬ ਰਿਹਾ। ਗੁਰਜੀਤ ਸਿੰਘ ਪੂਰੇਵਾਲ, ਸਤਨਾਮ ਸਿੰਘ ਜੌਹਲ ਤੇ ਕੁਲਵੰਤ ਸਿੰਘ ਸ਼ਾਹ ਸਿਆਟਲ ਨੇ ਇਨਾਮ ਵੰਡੇ। 16 ਸਾਲ ਤੋਂ ਘੱਟ ਉਮਰ ਵਿਚ ਗੁਰਲੀਨ ਕੌਰ ਢਿੱਲੋਂ ਨੇ ਬਾਲ ਕੇਸਰੀ ਦਾ ਖਿਤਾਬ ਜਿੱਤਿਆ। ਬੂਟਾ ਸਿੰਘ ਢੀਂਡਸਾ ਉਸਤਾਦ ਦੇ ਲੜਕੇ ਜਗਰੂਪ ਸਿੰਘ ਢੀਂਡਸਾ ਨੇ 16 ਸਾਲ ਤੋਂ ਘੱਟ ਬਾਲ ਕੇਸਰੀ ਦਾ ਖਿਤਾਬ ਜਿੱਤਿਆ। ਰੁਪਿੰਦਰ ਕੌਰ ਜੌਹਲ ਜਿਸ ਨੂੰ ਪੈਨ ਅਮਰੀਕਨ ਕੁਸ਼ਤੀ ਚੈਂਪੀਅਨਸ਼ਿਪ ਵਿਚ ਬੈਸਟ ਰੈਸਲਰ ਐਲਾਨਿਆ ਗਿਆ ਸੀ, ਨੂੰ ਕੈਨੇਡਾ ਕੇਸਰੀ (ਲੜਕੀਆਂ) ਖਿਤਾਬ ਨਾਲ ਨਿਵਾਜਿਆ ਗਿਆ। ਸੁੱਚਾ ਸਿੰਘ ਪਹਿਲਵਾਨ (ਕੋਚ), ਬੂਟਾ ਸਿੰਘ ਢੀਂਡਸਾ ਉਸਤਾਦ, ਅਮਨ ਸਿੰਘ ਢਿੱਲੋਂ (ਕੋਚ) ਤੇ ਰਾਣਾ ਪਹਿਲਵਾਨ ਨੇ ਸਿੱਖ ਯੂਥ ਕਲੱਬ ਦੇ ਪ੍ਰਧਾਨ ਰਘਬੀਰ ਸਿੰਘ ਨਿੱਝਰ ਤੇ ਸਮੁੱਚੀ ਪ੍ਰਬੰਧਕ ਟੀਮ ਦਾ ਧੰਨਵਾਦ ਕੀਤਾ। ਟੂਰਨਾਮੈਂਟ ਕਾਮਯਾਬ ਰਿਹਾ। ਜਿੱਥੇ ਕੋਈ ਵੀ ਅਣਸੁਖਾਵੀਂ ਘਟਨਾ ਨਹੀਂ ਵਾਪਰੀ।

# ਕੈਨੇਡਾ 'ਚ ਤਿੰਨ ਪੰਜਾਬੀ ਨੌਜਵਾਨਾਂ ਦੀ ਦਿਲ ਦਾ ਦੌਰਾ ਪੈਣ ਕਾਰਨ ਹੋਈ ਮੌਤ



ਮਾਰੇ ਗਏ ਨੌਜਵਾਨਾਂ ਦੀਆਂ ਤਸਵੀਰਾਂ।

ਟੋਰਾਂਟੋ, (ਰਾਜ ਗੋਗਨਾ/ ਕੁਲਤਰਨ ਪਧਿਆਣਾ/ ਪੰਜਾਬ ਮੇਲ)- ਕੈਨੇਡਾ ਵਿਚ ਲਗਾਤਾਰ ਪੰਜਾਬੀ ਨੌਜਵਾਨਾਂ ਦੀਆਂ ਭਰੀ ਜਵਾਨੀ ਵਿਚ ਹੋ ਰਹੀਆਂ ਮੌਤਾਂ ਬਾਰੇ ਰੋਜ਼ ਹੀ ਮੰਦਭਾਗੀਆ ਸੂਚਨਾਵਾਂ ਪੜ੍ਹਣ ਅਤੇ ਸੁਣਨ ਨੂੰ ਮਿਲ ਰਹੀਆਂ ਹਨ। ਕੈਨੇਡਾ ਵਿਚ ਬੀਤੇ ਕੁੱਝ ਦਿਨਾਂ ਪਹਿਲਾਂ ਤਿੰਨ ਪੰਜਾਬੀ ਨੌਜਵਾਨਾਂ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ, ਜੋ ਕਿ ਬੇਹੱਦ ਹੀ ਚਿੰਤਾਜਨਕ ਗੱਲ ਹੈ। ਇੱਥੇ ਹਰ ਹਫਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਲਗਾਤਾਰ ਪੰਜਾਬੀਆਂ ਦੀਆਂ, ਖਾਸਕਰ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ ਤੇ ਇਹ ਸਿਲਸਿਲਾ ਘੱਟ ਹੋਣ ਦੀ ਬਜਾਏ ਦਿਨੋਂ-ਦਿਨ ਵੱਧ ਰਿਹਾ ਹੈ। ਮਾਰੇ ਗਏ ਸਾਰੇ ਨੌਜਵਾਨਾਂ ਦੀ ਉਮਰ 30 ਕੁ ਸਾਲ ਦੇ ਅੰਦਰ ਹੈ।

# ਅਮਰੀਕਾ 'ਚ ਲਗਭਗ 60 ਲੱਖ ਲੋਕ ਬੇਰੁਜ਼ਗਾਰ !

ਵਾਸ਼ਿੰਗਟਨ, (ਪੰਜਾਬ ਮੇਲ)- ਅੱਜ ਵੀ ਅਮਰੀਕਾ ਵਿਚ ਲੱਖਾਂ ਲੋਕ ਰੁਜ਼ਗਾਰ ਲਈ ਅਪਲਾਈ ਕਰ ਰਹੇ ਹਨ, ਜੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਅਮਰੀਕਾ ਵਿਚ ਲਗਭਗ 60 ਲੱਖ ਲੋਕ ਬੇਰੁਜ਼ਗਾਰ ਹਨ।

ਦੁਨੀਆਂ ਦੀਆਂ ਵੱਡੀਆਂ ਕੰਪਨੀਆਂ ਅਤੇ ਸਭ ਤੋਂ ਅਮੀਰ ਲੋਕ ਅਮਰੀਕਾ 'ਚ ਰਹਿੰਦੇ ਹਨ, ਪਰ ਇਸ ਚਮਕ ਦੇ ਵਿਚਕਾਰ ਗਰੀਬੀ ਹੈ। ਅਮਰੀਕਾ ਵਿਚ

## ■ ਅੰਕੜਿਆਂ ਨੇ ਕੀਤਾ ਹੈਰਾਨ

ਪਿਛਲੇ ਕੁਝ ਸਾਲਾਂ ਵਿਚ ਬੇਰੁਜ਼ਗਾਰੀ ਦੀ ਦਰ ਵਿਚ ਵਾਧਾ ਹੋਇਆ ਹੈ ਅਤੇ ਲੱਖਾਂ ਲੋਕ ਬੇਰੁਜ਼ਗਾਰ ਹੋ ਗਏ ਹਨ। ਇੱਕ ਰਿਪੋਰਟ ਅਨੁਸਾਰ ਅਮਰੀਕਾ ਵਿਚ ਕੁੱਲ 6.37 ਮਿਲੀਅਨ (ਲਗਭਗ 63 ਲੱਖ) ਲੋਕ ਬੇਰੁਜ਼ਗਾਰ ਹਨ ਅਤੇ ਨੌਕਰੀਆਂ ਦੀ ਤਲਾਸ਼ ਵਿਚ ਹਨ। ਅਮਰੀਕਾ ਵਿਚ ਬੇਰੁਜ਼ਗਾਰੀ ਦੇ ਇਹ ਅੰਕੜੇ ਇਸ ਸਾਲ ਜੁਲਾਈ ਤੱਕ ਦੇ ਹਨ, ਜਿਸ ਵਿਚ ਦੱਸਿਆ ਗਿਆ ਹੈ ਕਿ ਰੋਜ਼ਾਨਾ ਲੱਖਾਂ ਨੌਜਵਾਨ ਨੌਕਰੀਆਂ ਲਈ ਅਪਲਾਈ ਕਰਦੇ ਹਨ। ਬੇਰੁਜ਼ਗਾਰੀ ਦਰ ਦੀ ਗੱਲ ਕਰੀਏ, ਤਾਂ ਇਸ ਵਿਕਸਤ ਦੇਸ਼ ਵਿਚ ਮੌਜੂਦਾ ਸਮੇਂ ਵਿਚ ਬੇਰੁਜ਼ਗਾਰੀ ਦੀ ਦਰ 3.5 ਫੀਸਦੀ ਹੈ। ਭਾਵ ਕਿ ਸਭ ਤੋਂ ਤਾਕਤਵਰ ਅਤੇ ਵਿਕਸਿਤ ਦੇਸ਼ ਹੋਣ ਦੇ ਬਾਵਜੂਦ ਅਮਰੀਕਾ ਦੇ ਲੱਖਾਂ ਲੋਕਾਂ ਕੋਲ ਨੌਕਰੀਆਂ ਨਹੀਂ ਹਨ।

# ਜਾਰਜੀਆ ਮਾਮਲੇ 'ਚ ਟਰੰਪ ਨੇ ਖ਼ੁਦ ਨੂੰ ਦੱਸਿਆ ਨਿਰਦੋਸ਼

## ■ ਅਗਲੇ ਹਫਤੇ ਹੋਣ ਵਾਲੀ ਸੁਣਵਾਈ 'ਚ ਨਹੀਂ ਹੋਣਗੇ ਸ਼ਾਮਲ

ਵਾਸ਼ਿੰਗਟਨ, (ਪੰਜਾਬ ਮੇਲ)- 2020 ਦੀਆਂ ਰਾਸ਼ਟਰਪਤੀ ਚੋਣਾਂ ਦੇ



ਨਤੀਜਿਆਂ ਨੂੰ ਪਲਟਣ ਨਾਲ ਜੁੜੇ ਜਾਰਜੀਆ ਮਾਮਲੇ 'ਚ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਖ਼ੁਦ ਨੂੰ ਨਿਰਦੋਸ਼ ਦੱਸਿਆ ਹੈ ਅਤੇ ਕਿਹਾ ਹੈ ਕਿ ਉਹ ਇਸ ਮਾਮਲੇ ਦੀ ਅਗਲੇ ਹਫ਼ਤੇ ਹੋਣ ਵਾਲੀ ਸੁਣਵਾਈ 'ਚ ਸ਼ਾਮਿਲ ਨਹੀਂ ਹੋਣਗੇ। ਟਰੰਪ ਉਨ੍ਹਾਂ 19 ਲੋਕਾਂ 'ਚ ਸ਼ਾਮਲ ਹਨ, ਜਿਨ੍ਹਾਂ 'ਤੇ 2020 ਦੇ ਵੋਟ ਨਤੀਜਿਆਂ ਨੂੰ ਉਲਟਾਉਣ ਦੀ ਸਾਜ਼ਿਸ਼ ਦਾ ਦੋਸ਼ ਲੱਗਾ ਹੈ। ਉਨ੍ਹਾਂ ਨੇ ਪਿਛਲੇ ਹਫ਼ਤੇ ਅਟਲਾਂਟਾ ਦੀ ਫੁਲਟਨ ਕਾਊਂਟੀ ਜੇਲ੍ਹ 'ਚ ਆਤਮ ਸਮਰਪਣ ਕੀਤਾ ਸੀ, ਜਿੱਥੇ ਕਿ ਉਨ੍ਹਾਂ ਦਾ ਮਗਸ਼ਾਟ ਲਿਆ ਗਿਆ ਸੀ। ਟਰੰਪ ਨੇ ਇਸ ਕੇਸ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਦਿਆਂ ਵਾਰ-ਵਾਰ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕੀਤਾ ਹੈ।

ਕੁੱਲ ਮਿਲਾ ਕੇ, ਟਰੰਪ ਨੂੰ ਜਾਰਜੀਆ ਦੇ ਅਧਿਕਾਰੀਆਂ 'ਤੇ ਉਸ ਸੂਬੇ 'ਚ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਪਲਟਣ ਲਈ ਕਥਿਤ ਤੌਰ 'ਤੇ ਦਬਾਅ ਪਾਉਣ ਲਈ ਧੋਖਾਖੜੀ ਸਣੇ, 13 ਸੰਗੀਨ ਮਾਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



CAPITAL DRUG TESTING
Drug and Alcohol Test
Capital DRUG TESTING
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥



(26 ਅਕਤੂਬਰ 1947 - 4 ਸਤੰਬਰ 2023)
ਸਤਿਕਾਰਯੋਗ ਸ਼੍ਰੀ ਧਿਆਨ ਚੰਦ ਜੀ (ਪਿਛਲਾ ਪਿੰਡ: ਬੋਲੀਨਾਂ ਦੋਆਬਾ)
ਸੋਮਵਾਰ 4 ਸਤੰਬਰ 2023 ਨੂੰ ਸੈਕਰਾਮੈਂਟੋ, ਕੈਲੀਫੋਰਨੀਆਂ ਵਿਖੇ
ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਹਨ।
◆ ਅੰਤਿਮ ਸੰਸਕਾਰ ◆
725 EL Camino Ave, Sacramento CA 95815
ਸ਼ਨੀਵਾਰ 9 ਸਤੰਬਰ 2023 ਬਾਅਦ ਦੁਪਹਿਰ 2 ਵਜੇ ਤੋਂ 4 ਵਜੇ ਤੱਕ
■ ਅੰਤਿਮ ਅਰਦਾਸ ■
ਸੰਸਕਾਰ ਤੋਂ ਬਾਅਦ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ
ਸ਼੍ਰੀ ਧਿਆਨ ਚੰਦ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਹੈ।
ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
6221 16th Street, Rio Linda, CA 95673
ਪਰਿਵਾਰ ਦਾ ਸੰਪਰਕ: +1 (916) 613-2796
ਗੁਰੂਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਦੁਖੀ ਪਰਿਵਾਰ ਦੇ ਦੁੱਖ ਵਿੱਚ ਸ਼ਾਮਲ ਹੈ
ਅਤੇ ਅਰਦਾਸ ਕਰਦੇ ਹਾਂ ਕਿ ਸਤਿਗੁਰੂ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।


EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਸਿਆਟਲ ਵਿਚ ਬਾਬਾ ਨੰਦ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੀ ਬਰਸੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ






ਕੁਲਦੀਪ ਸਿੰਘ ਕਾਹਲੋਂ ਤੇ ਮੇਜਰ ਸਿੰਘ ਸ਼ੇਰਪੁਰੀ ਨੂੰ ਭਾਈ ਮੋਹਣ ਸਿੰਘ ਤੇ ਹਰਸ਼ਿੰਦਰ ਸਿੰਘ ਸੰਧੂ ਸਿਰੋਪਾਓ ਦੇ ਨਿਵਾਜਦੇ ਸਮੇਂ। ਨਾਲ ਖੜ੍ਹੇ ਹਨ ਸੁਰਜੀਤ ਸਿੰਘ ਸਿੱਧੂ। (ਸੱਜੇ) ਕੁਲਦੀਪ ਸਿੰਘ ਕਾਹਲੋਂ, ਬਲਕਾਰ ਸਿੰਘ ਦਿਓਲ, ਮੇਜਰ ਸਿੰਘ, ਜਸ ਸਿੰਘ, ਗੁਰਦੁਆਰਾ ਸ੍ਰੀ ਸੁੱਖ ਮਹਿਲ ਤੇ ਲਗਰਾਂ ਦੀ ਸੇਵਾ ਕਰਨ ਵਾਲੇ ਪਰਿਵਾਰ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਗੁਰਦੁਆਰਾ ਸੱਚਾ ਮਾਰਗ ਸਿਆਟਲ ਵਿਚ ਬਾਬਾ ਨੰਦ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੀ ਬਰਸੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ। ਕੁਲਦੀਪ ਸਿੰਘ ਕਾਹਲੋਂ, ਮੇਜਰ ਸਿੰਘ ਤੇ ਬਲਕਾਰ ਸਿੰਘ ਦਿਉਲ ਤੇ ਇਲਾਕੇ ਦੀ ਸੰਗਤ ਵੱਲੋਂ ਮਿਲ ਕੇ ਸ੍ਰੀ ਅਖੰਡ ਪਾਠ ਜੀ ਦੇ ਪਾਠ ਕਰਵਾ ਕੇ ਐਤਵਾਰ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਭਾਈ ਮਨਿੰਦਰ ਸਿੰਘ ਦੇ ਕੀਰਤਨੀ ਜੱਥੇ ਨੇ ਰਸਭਿੰਨਾ ਕੀਰਤਨ ਕਰਕੇ ਬਾਬਾ ਨੰਦ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੇ ਜੀਵਨ ਬਾਰੇ ਚਾਨਣਾ ਪਾਇਆ ਤੇ ਗੁਰੂ ਦੀ ਉਪਮਾ ਕੀਤੀ। ਭਾਈ ਮੋਹਣ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਭਾਈ ਮੇਜਰ ਸਿੰਘ, ਕੁਲਦੀਪ ਸਿੰਘ ਕਾਹਲੋਂ ਦੇ ਪਰਿਵਾਰ ਨੇ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਨਿਭਾਈ। ਅਖੀਰ ਵਿਚ ਕੁਲਦੀਪ ਸਿੰਘ ਕਾਹਲੋਂ ਤੇ ਮੇਜਰ ਸਿੰਘ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ ਗਿਆ।

# ਟੈਕਸਾਸ 'ਚ ਇਕ ਬਾਰ ਦੇ ਬਾਹਰ ਯੂਨੀਵਰਸਿਟੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਫੋਰਟ ਵਰਥ ਵਿਚ ਇਕ ਬਾਰ ਦੇ ਬਾਹਰ ਟੈਕਸਾਸ ਕ੍ਰਿਸਚੀਅਨ ਯੂਨੀਵਰਸਿਟੀ ਦੇ ਇਕ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਪੁਲਿਸ ਅਨੁਸਾਰ ਸ਼ੱਕੀ ਹਮਲਾਵਰ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ ਪਰ ਉਸ ਨੇ ਹੱਤਿਆ ਦਾ ਸਪੱਸ਼ਟ ਕਾਰਨ ਨਹੀਂ ਦੱਸਿਆ। ਪੁਲਿਸ ਵੱਲੋਂ ਘਟਨਾ ਦੀ ਵੀਡੀਓ ਦੀ ਕੀਤੀ ਗਈ ਛਾਣਬੀਣ ਅਨੁਸਾਰ ਵੈਸ ਸਮਿੱਥ ਨਾਮੀ ਵਿਦਿਆਰਥੀ ਦੇ ਉਸ ਵੇਲੇ ਗੋਲੀ ਮਾਰੀ ਗਈ, ਜਦੋਂ ਉਹ ਇਕ ਬਾਰ ਦੇ ਨਾਲ ਇਕ ਪਾਸੇ ਖੜ੍ਹਾ ਸੀ। ਸ਼ੱਕੀ ਦੋਸ਼ੀ ਮੈਥੀਊ ਪੁਰਡੀ ਜੂਨੀਅਰ (21) ਉਸ ਕੋਲ ਗਿਆ ਤੇ ਉਸ ਨਾਲ ਗੱਲਬਾਤ ਕੀਤੀ। ਇਸ ਉਪਰੰਤ ਕੁਝ ਪਲਾਂ ਵਿਚ ਹੀ ਸਮਿਥ ਧਰਤੀ ਉਪਰ ਢਹਿ-ਢੇਰੀ ਹੋ ਗਿਆ ਤੇ ਪੁਰਡੀ ਉਥੋਂ ਦੌੜਨ ਵਿਚ ਸਫਲ ਹੋ ਗਿਆ। ਬਾਅਦ ਵਿਚ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਦੇ ਹਲਫੀਆ ਬਿਆਨ ਅਨੁਸਾਰ ਸਮਿੱਥ ਦੇ 3 ਗੋਲੀਆਂ ਮਾਰੀਆਂ ਗਈਆਂ, ਜੋ ਉਸ ਦੇ ਢਿੱਡ, ਮੋਢੇ ਤੇ ਸਿਰ ਵਿਚ ਵੱਜੀਆਂ। ਪੁਲਿਸ ਦਾ ਕਹਿਣਾ ਹੈ ਕਿ ਪੁਰਡੀ ਨੇ ਦੱਸਿਆ ਕਿ ਉਸ ਕਿਸੇ ਵੀ ਹਾਲਤ ਵਿਚ ਉਸ ਨੂੰ ਜੀਂਦਾ ਨਹੀਂ ਛੱਡਣਾ ਚਾਹੁੰਦਾ ਸੀ ਤੇ ਉਸ ਕੋਲ ਗੋਲੀਆਂ ਨਾ ਮੁੱਕਦੀਆਂ ਤਾਂ ਉਹ ਉਸ ਦੇ ਹੋਰ ਗੋਲੀਆਂ ਮਾਰਦਾ। ਪੁਰਡੀ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ।



ਮ੍ਰਿਤਕ ਵਿਦਿਆਰਥੀ ਵੈਸ ਸਮਿੱਥ।

# ਨਿਊਜਰਸੀ 'ਚ 13 ਮਿਲੀਅਨ ਦੀ ਧੋਖਾਧੜੀ ਦੇ ਦੋਸ਼ 'ਚ ਭਾਰਤੀ ਅਮਰੀਕੀ ਗ੍ਰਿਫ਼ਤਾਰ


**ਨਿਊਜਰਸੀ, (ਪੰਜਾਬ ਮੇਲ)-** ਨਿਊਜਰਸੀ 'ਚ ਇਕ ਭਾਰਤੀ ਅਮਰੀਕੀ ਨੂੰ ਇਕ ਤਕਨੀਕੀ ਸਹਾਇਤਾ ਕੰਪਨੀ ਦੇ ਘੁਟਾਲੇ ਵਿਚ ਸ਼ਾਮਲ ਹੋਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਨੇ 7 ਹਜ਼ਾਰ ਤੋਂ ਵੱਧ ਲੋਕਾਂ ਨੂੰ ਝਾਂਸਾ ਦੇ ਕੇ ਉਨ੍ਹਾਂ ਤੋਂ ਲਗਭਗ 13 ਮਿਲੀਅਨ ਅਮਰੀਕੀ ਡਾਲਰ ਦੀ ਧੋਖਾਧੜੀ ਕੀਤੀ। ਇਕ ਅਮਰੀਕੀ ਵਕੀਲ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਸੂਚਨਾ ਤਕਨਾਲੋਜੀ ਦੀ ਵਰਤੋਂ ਕਰਕੇ ਵਿੱਤੀ ਧੋਖਾਧੜੀ ਕਰਨ ਦੀ ਸਾਜ਼ਿਸ਼ ਦੇ ਇੱਕ ਮਾਮਲੇ ਵਿਚ ਦੋਸ਼ੀ ਮਨੋਜ ਯਾਦਵ ਨੇਵਾਰਕ ਸੰਘੀ ਅਦਾਲਤ ਵਿਚ ਅਮਰੀਕੀ ਮੈਜਿਸਟ੍ਰੇਟ ਜੱਜ ਜੋਸ ਆਰ. ਅਲਮੋਂਟੇ ਦੇ ਸਾਹਮਣੇ ਪੇਸ਼ ਹੋਏ।

ਅਮਰੀਕੀ ਵਕੀਲ ਫਿਲਿਪ ਆਰ ਸੇਲਿੰਗਰ ਨੇ ਕਿਹਾ, "ਮੁਲਜ਼ਮ ਅਤੇ ਉਸ ਦੇ ਨਾਲ ਸਾਜਿਸ਼ ਵਿਚ ਸ਼ਾਮਲ ਲੋਕਾਂ 'ਤੇ ਦੋਸ਼ ਹੈ ਕਿ ਉਨ੍ਹਾਂ ਕਈ ਪੀੜਤਾਂ ਨੂੰ ਇਹ ਦੱਸ ਦਾ ਝਾਂਸੇ ਵਿਚ ਲਿਆ ਕਿ ਉਹ ਇਕ ਪ੍ਰਮੁੱਖ ਸਾਫਟਵੇਅਰ ਕੰਪਨੀ ਨਾਲ ਸਬੰਧਤ ਇੱਕ ਜਾਇਜ਼ ਤਕਨਾਲੋਜੀ ਸਹਾਇਤਾ ਕੰਪਨੀ ਨਾਲ ਜੁੜੇ ਹੋਏ ਹਨ।" ਉਨ੍ਹਾਂ ਨੇ ਦੋਸ਼ ਲਗਾਇਆ ਕਿ ਸਾਫਟਵੇਅਰ ਕੰਪਨੀ ਦੇ ਪ੍ਰਸਿੱਧ ਲੇਖਾਕਾਰੀ ਸਾਫਟਵੇਅਰ ਨਾਲ ਜੁੜੀ ਸਮੱਸਿਆ ਦਾ ਤਕਨੀਕੀ ਹੱਲ ਕਰਨ ਦਾ ਦਾਅਵਾ ਕਰਨ ਦੇ ਬਾਅਦ ਉਨ੍ਹਾਂ ਨੇ ਕਥਿਤ ਤੌਰ 'ਤੇ ਪੀੜਤਾਂ ਤੋਂ ਅਜਿਹੀਆਂ ਸੇਵਾਵਾਂ ਲਈ ਬਹੁਤ ਜ਼ਿਆਦਾ ਫੀਸਾਂ ਵਸੂਲੀਆਂ ਜੋ ਸਾਫਟਵੇਅਰ ਕੰਪਨੀ ਦੁਆਰਾ ਅਧਿਕਾਰਤ ਨਹੀਂ ਸਨ। ਦੋਸ਼ ਹੈ ਕਿ ਯਾਦਵ ਇਸ ਧੋਖਾਧੜੀ ਵਿਚ ਨਿੱਜੀ ਤੌਰ 'ਤੇ ਸ਼ਾਮਲ ਰਿਹਾ।


## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319





# ਅਮਰੀਕੀ ਰਾਸ਼ਟਰਪਤੀ ਬਾਇਡਨ ਵੱਲੋਂ ਚੀਨ 'ਚ ਨਿਵੇਸ਼ 'ਤੇ ਪਾਬੰਦੀ

ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦਾ ਭਾਰਤ ਦੌਰਾ ਜੀ-20 ਸੰਮੇਲਨ ਲਈ ਅਹਿਮ ਸਾਬਤ ਹੋਵੇਗਾ। ਇਸ ਯਾਤਰਾ ਤੋਂ ਪਹਿਲਾਂ, ਰਾਸਟਰਪਤੀ ਜੋਅ ਬਾਇਡਨ ਨੇ ਅਮਰੀਕੀ ਕੰਪਨੀਆਂ ਨੂੰ ਚੀਨ ਵਿਚ ਆਰਟੀਫਿਸ਼ੀਅਲ ਇੰਟੈਲੀਜੈਂਸ, ਸੈਮੀਕੰਡਕਟਰ ਅਤੇ ਕੁਆਂਟਮ ਕੰਪਿਊਟਿੰਗ ਵਿਚ ਨਿਵੇਸ਼ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਤੋਂ ਪਹਿਲਾਂ ਬਾਇਡਨ ਦੇ ਇਸ ਫੈਸਲੇ ਦਾ ਭਾਰਤ ਨੂੰ ਸਿੱਧਾ ਫਾਇਦਾ ਹੋਵੇਗਾ। ਸੂਤਰਾਂ ਮੁਤਾਬਕ ਇਸ ਫੈਸਲੇ ਤੋਂ ਬਾਅਦ ਭਾਰਤ 'ਚ ਸ਼ੁਰੂ ਤੋਂ ਹੀ ਲਗਭਗ 1200 ਕਰੋੜ ਰੁਪਏ ਦੇ ਨਿਵੇਸ਼ ਦਾ ਰਾਹ ਪੱਧਰਾ

**ਅਮਰੀਕੀ ਕੰਪਨੀਆਂ ਹੁਣ ਭਾਰਤ ਵੱਲ ਮੁੜਨਗੀਆਂ**



ਕੀਤਾ ਗਿਆ ਹੈ। ਹੁਣ ਭਾਰਤ ਗਲੋਬਲ ਸੈਮੀਕੰਡਕਟਰ ਸਪਲਾਈ ਚੇਨ ਦੇ ਨਵੇਂ ਹੱਬ ਵਜੋਂ ਉਭਰ ਸਕਦਾ ਹੈ। ਹਾਲ ਹੀ 'ਚ ਪ੍ਰਧਾਨ ਮੰਤਰੀ ਮੋਦੀ ਨੇ ਆਪਣੀ ਅਮਰੀਕਾ ਫੇਰੀ ਦੌਰਾਨ ਸੈਮੀਕੰਡਕਟਰ ਅਤੇ ਜੀ.ਈ. ਜੈੱਟ ਇੰਜਣ 'ਤੇ ਸਮਝੌਤਾ ਕੀਤਾ ਸੀ। ਇਸ 'ਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਪ੍ਰਧਾਨ ਮੰਤਰੀ ਮੋਦੀ ਵਿਚਾਲੇ ਵੀ ਚਰਚਾ ਹੋਵੇਗੀ। ਦੁਵੱਲਾ ਵਪਾਰ 2026-27 ਤੱਕ 30 ਹਜ਼ਾਰ ਕਰੋੜ ਰੁਪਏ ਦੇ ਟੀਚੇ ਨੂੰ ਹਾਸਲ ਕਰਨ ਦੀ ਵੀ ਚਰਚਾ ਹੋ ਸਕਦੀ ਹੈ। ਵਰਤਮਾਨ ਵਿਚ ਦੋਵਾਂ ਦੇਸ਼ਾਂ ਵਿਚਕਾਰ 19 ਹਜ਼ਾਰ ਕਰੋੜ ਦਾ ਵਪਾਰ ਹੋ ਰਿਹਾ। ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਚੰਦਰਯਾਨ ਅਤੇ ਆਦਿਤਿਆ ਦੀ ਸਫਲਤਾ ਤੋਂ ਬਾਅਦ ਜੀ-20 'ਚ ਪੁਲਾੜ 'ਚ ਸਹਿਯੋਗ ਲਈ ਭਾਰਤ ਅਤੇ ਅਮਰੀਕਾ ਵਿਚਾਲੇ ਨਵਾਂ ਸਮਝੌਤਾ ਹੋ ਸਕਦਾ ਹੈ। ਅਮਰੀਕਾ-ਭਾਰਤ ਵਪਾਰ ਪ੍ਰੀਸ਼ਦ ਵੱਲੋਂ ਪਿਛਲੇ ਕੁਝ ਸਾਲਾਂ ਤੋਂ ਇੱਕ ਸਪੇਸ ਵਰਕਿੰਗ ਗਰੁੱਪ 'ਤੇ ਕੰਮ ਕਰ ਰਿਹਾ ਹੈ।

## 10 ਲੱਖ ਲੋਕਾਂ ਨੇ ਵੀਜ਼ਾ ਖਤਮ ਹੋਣ ਤੋਂ ਬਾਅਦ ਵੀ ਨਹੀਂ ਛੱਡਿਆ ਕੈਨੇਡਾ

ਨਵੀਂ ਦਿੱਲੀ, (ਪੰਜਾਬ ਮੇਲ)- ਕੈਨੇਡਾ 'ਚ ਮੌਜੂਦ ਪ੍ਰਵਾਸੀਆਂ ਦੀ ਗਿਣਤੀ ਬਾਰੇ ਵਿਵਾਦ ਛਿੜ ਗਿਆ ਜਦੋਂ ਸੀ.ਆਈ.ਬੀ.ਸੀ. ਨੇ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਕਿ ਤਕਰੀਬਨ 10 ਲੱਖ ਲੋਕ ਵੀਜ਼ਾ ਖਤਮ ਹੋਣ ਤੋਂ ਬਾਅਦ ਵੀ ਮੁਲਕ ਛੱਡ ਕੇ ਨਹੀਂ ਗਏ। ਬਗੈਰ ਵੀਜ਼ਾ ਤੋਂ ਰਹਿ ਰਹੇ ਲੋਕਾਂ ਦੇ ਇਸ ਅੰਕੜੇ ਨੂੰ ਰਿਹਾਇਸ਼ ਸੰਕਟ ਨਾਲ ਜੋੜਿਆ ਜਾ ਰਿਹੈ ਜੋ ਕੈਨੇਡਾ ਵਿਚ ਭਖਦਾ ਮੁੱਦਾ ਬਣ ਚੁੱਕਾ ਹੈ। ਰਿਪੋਰਟ ਮੁਤਾਬਕ 2017 ਤੋਂ 2022 ਦਰਮਿਆਨ ਵੀਜ਼ਾ ਖ਼ਤਮ ਹੋਣ ਦੇ ਬਾਵਜੂਦ ਕੈਨੇਡਾ ਵਿਚ ਰਹਿ ਰਹੇ ਲੋਕਾਂ ਦੀ ਗਿਣਤੀ ਸਾਢੇ ਸੱਤ ਲੱਖ ਤੱਕ ਪਹੁੰਚ ਗਈ ਜਦਕਿ ਇਸ ਵੇਲੇ ਇਹ ਅੰਕੜਾ 10 ਲੱਖ ਦੇ ਨੇੜੇ ਪੁੱਜ ਚੁੱਕਾ ਹੈ।

# ਵਿਵੇਕ ਰਾਮਾਸਵਾਮੀ ਵੱਲੋਂ ਅਮਰੀਕੀ ਰਾਸ਼ਟਰਪਤੀ ਅਹੁਦੇ ਲਈ ਡੋਨਾਲਡ ਟਰੰਪ ਦਾ ਸਮਰਥਨ

ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-ਅਮਰੀਕਾ ਦੀਆਂ



2024 ਦੀਆਂ ਰਾਸ਼ਟਰਪਤੀ ਚੋਣਾਂ 'ਤੇ ਦੁਨੀਆਂ ਦੀ ਨਜ਼ਰ ਹੈ। ਇਹ ਵੀ ਸੁਭਾਵਿਕ ਹੈ ਕਿ ਦੁਨੀਆਂ ਇਹ ਦੇਖਣ ਲਈ ਉਤਾਵਲੀ ਹੈ ਕਿ ਦੁਨੀਆਂ ਦੇ ਸਭ ਤੋਂ ਤਾਕਤਵਰ ਅਤੇ ਸਭ ਤੋਂ ਅਮੀਰ ਦੇਸ਼ ਦਾ ਰਾਸ਼ਟਰਪਤੀ ਕੌਣ ਬਣੇਗਾ। ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਆਪਣੀ ਦੂਜੀ ਦੌੜ ਦਾ ਐਲਾਨ ਕੀਤਾ ਹੈ। ਫਿਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਚੋਣਾਂ ਵਿਚ ਕੁੱਦਣ ਦੀ ਗੱਲ ਕੀਤੀ ਹੈ। ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਵੀ ਇਸ ਵਿਚ ਕੁੱਦਣ ਜਾ ਰਹੇ ਹਨ। ਪਰ ਰਾਮਾਸਵਾਮੀ ਨੇ ਹੈਰਾਨ ਕਰਨ ਵਾਲਾ ਇਕ ਬਿਆਨ ਵੀ ਦਿੱਤਾ ਹੈ ਕਿ ਜੇਕਰ ਉਹ ਦੁਬਾਰਾ ਚੋਣ ਲੜਦੇ ਹਨ, ਤਾਂ ਉਹ ਡੋਨਾਲਡ ਟਰੰਪ ਦਾ ਸਮਰਥਨ ਕਰਨਗੇ। ਇਸ ਤਰ੍ਹਾਂ ਅਮਰੀਕਾ ਦੀ ਰਿਪਬਲਿਕਨ ਪਾਰਟੀ ਵਿਚ ਚੋਣ ਲਈ ਮੁਕਾਬਲਾ ਦਿਲਕਸ਼ ਹੋਣ ਵਾਲਾ ਹੈ। ਇਹ ਸਭ ਜਾਣਦੇ ਹਨ ਕਿ ਹੁਣ ਡੋਨਾਲਡ ਟਰੰਪ ਕਈ ਕਾਨੂੰਨੀ ਉਲਝਣਾਂ ਵਿਚ ਕਾਫੀ ਉਲਝੇ ਹੋਏ ਹਨ, ਇਸ ਸਬੰਧ ਵਿਚ ਰਾਮਾਸਵਾਮੀ ਨੇ ਕਿਹਾ ਕਿ ਜੇਕਰ ਮੈਂ ਰਾਸ਼ਟਰਪਤੀ ਬਣਿਆ, ਤਾਂ ਮੈਂ ਸਾਬਕਾ ਰਾਸ਼ਟਰਪਤੀ ਟਰੰਪ ਦੇ ਸਾਰੇ ਅਪਰਾਧਾਂ ਨੂੰ ਮੁਆਫ ਕਰ ਦੇਵਾਂਗਾ, ਕਿਉਂਕਿ ਉਹ ਦੇਸ਼ ਨੂੰ ਹਰ

**ਵਿਵੇਕ ਰਾਮਾਸਵਾਮੀ ਦਾ ਕਹਿਣਾ ਹੈ ਕਿ ਜੇਕਰ ਉਹ ਰਾਸ਼ਟਰਪਤੀ ਬਣਦੇ ਹਨ, ਤਾਂ ਉਹ ਡੋਨਾਲਡ ਟਰੰਪ ਦੇ ਸਾਰੇ ਅਪਰਾਧਾਂ ਨੂੰ ਮਾਫ਼ ਕਰ ਦੇਣਗੇ**

ਕਦਮ 'ਤੇ ਅੱਗੇ ਲਿਜਾਣਾ ਚਾਹੁੰਦੇ ਹਨ। ਰਾਮਾਸਵਾਮੀ ਨੇ ਇਕ ਇੰਟਰਵਿਊ 'ਚ ਅੱਗੇ ਕਿਹਾ ਕਿ ਉਹ ਅਜਿਹੇ ਵਿਅਕਤੀ ਨੂੰ ਵੋਟ ਦੇਣਗੇ, ਜੋ ਦੇਸ਼ ਨੂੰ ਅੱਗੇ ਲਿਜਾਣ ਦੀ ਸਥਿਤੀ 'ਚ ਹੋਵੇ। ਮੈਨੂੰ ਨਹੀਂ ਲੱਗਦਾ ਕਿ ਬਾਇਡਨ ਉਸ ਸਥਿਤੀ ਵਿਚ ਹੈ। ਉਹ ਕਮਲਾ ਹੈਰਿਸ ਜਾਂ ਕਿਸੇ ਹੋਰ ਦੀ ਕਠਪੁਤਲੀ ਲੱਗਦੀ ਹੈ। ਜ਼ਿਕਰਯੋਗ ਹੈ ਕਿ 24ਵੀਂ ਚੋਣਾਂ ਨਾਲ ਜੁੜੀ ਮੁੱਢਲੀ ਬਹਿਸ 'ਚ ਬਹੁਤ ਵਧੀਆ ਪ੍ਰਦਰਸ਼ਨ ਕਰਨ ਤੋਂ ਬਾਅਦ ਵਿਵੇਕ ਰਾਮਾਸਵਾਮੀ ਦੀ ਲੋਕਪ੍ਰਿਅਤਾ 'ਚ ਕਾਫੀ ਵਾਧਾ ਹੋਇਆ ਹੈ। ਆਬਜ਼ਰਵਰਾਂ ਦਾ ਇਹ ਵੀ ਕਹਿਣਾ ਹੈ ਕਿ ਰਾਸ਼ਟਰਪਤੀ ਜੋਅ ਬਾਇਡਨ ਕੋਲ ਸਥਿਤੀ ਨੂੰ ਸਖ਼ਤ ਅਤੇ ਸਖ਼ਤ ਕਰਨ ਲਈ ਸਿਆਸੀ ਇੱਛਾ ਸ਼ਕਤੀ ਦੀ ਘਾਟ ਹੈ। ਇਸ ਲਈ ਉਨ੍ਹਾਂ ਨੇ ਅਮਰੀਕਾ ਦੀ ਸਾਖ ਨੂੰ ਨੀਵਾਂ ਕੀਤਾ ਹੈ। ਦੂਜੇ ਪਾਸੇ ਟਰੰਪ ਆਪਣੇ ਖਿਲਾਫ ਕਈ ਮਾਮਲਿਆਂ ਦੇ ਬਾਵਜੂਦ ਵੀ ਡਟੇ ਹੋਏ ਹਨ। ਰੂਸ-ਯੂਕਰੇਨ ਯੁੱਧ ਜਾਂ ਚੀਨ-ਤਾਈਵਾਨ ਤਣਾਅ ਦੇ ਸਮੇਂ ਵਿਚ ਟਰੰਪ ਸਭ ਤੋਂ ਢੁੱਕਵਾਂ ਵਿਅਕਤੀ ਹੈ ਕਿਉਂਕਿ ਉਹ ਔਖੇ ਸਮੇਂ ਵਿਚ ਵੀ ਖੜ੍ਹੇ ਹੋਣ ਦੀ ਤਾਕਤ ਰੱਖਦਾ ਹੈ, ਸਰਵੇਖਣ ਵਿਚ ਟਰੰਪ, ਰਾਸ਼ਟਰਪਤੀ ਬਾਇਡਨ ਤੋਂ ਬਹੁਤ ਅੱਗੇ ਰਿਹਾ ਹੈ।

# ਲੁਧਿਆਣਾ 'ਚ ਐੱਨ.ਆਰ.ਆਈ. ਨੂੰ ਅਗਵਾ ਕਰਕੇ ਫਿਰੌਤੀ ਮੰਗਣ ਵਾਲੀ ਔਰਤ ਤੇ ਉਸ ਦੇ ਦੋ ਸਾਥੀ ਗ੍ਰਿਫ਼ਤਾਰ

ਫਾਜ਼ਿਲਕਾ, (ਤੇਜਿੰਦਰ ਪਾਲ ਸਿੰਘ ਖ਼ਾਲਸਾ/ਪੰਜਾਬ ਮੇਲ)- ਫਾਜ਼ਿਲਕਾ ਸਿਟੀ ਥਾਣੇ 'ਚ ਬਲਵਿੰਦਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਪਿੰਡ ਥਾਦੇ ਵਾਲਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਇਤਲਾਹ ਦਿੱਤੀ ਕਿ ਕੈਲੀਫੋਰਨੀਆ (ਯੂ.ਐੱਸ.ਏ.) ਤੋਂ ਆਏ ਉਸ ਦੇ ਸਾਲ਼ੇ ਨਛੱਤਰ ਸਿੰਘ ਨੂੰ ਇਕ ਸਾਜ਼ਿਸ਼ ਤਹਿਤ ਲੁਧਿਆਣਾ ਦੇ ਹੋਟਲ ਪਾਰਕ ਪਲਾਜ਼ਾ 'ਚੋਂ ਅਗਵਾ ਕਰ ਲਿਆ ਗਿਆ ਹੈ।

ਪੁਲਿਸ ਨੇ ਕਾਰਵਾਈ ਕਰਦਿਆਂ ਗੁਰਵਿੰਦਰ ਸਿੰਘ ਤੇ ਰਮਨਦੀਪ ਸੋਹੀ ਵਾਸੀ ਪਿੰਡ ਸ਼ਾਮਾ ਖਾਨਕਾ ਉਰਫ ਫਰਵਾ ਵਾਲਾ

**ਹਨੀ ਟ੍ਰੈਪ ਰਾਹੀਂ ਕੀਤਾ ਸੀ ਅਗਵਾ**



ਖ਼ਿਲਾਫ਼ ਕੇਸ ਦਰਜ ਕਰ ਕੇ ਗੁਰਵਿੰਦਰ ਸਿੰਘ ਦੇ ਘਰ ਐੱਮ.ਸੀ. ਕਾਲੋਨੀ ਫਾਜ਼ਿਲਕਾ 'ਚ ਛਾਪਾ ਮਾਰ ਕੇ ਐੱਨ.ਆਰ.ਆਈ. ਨੂੰ ਬਰਾਮਦ ਕਰ ਲਿਆ ਤੇ ਗੁਰਵਿੰਦਰ ਸਿੰਘ, ਰਮਨਦੀਪ ਸੋਹੀ ਅਤੇ ਇਨ੍ਹਾਂ ਦੇ ਇਕ ਸਾਥੀ ਸੁਨੀਲ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮਾਂ ਦੇ ਕਬਜ਼ੇ 'ਚੋਂ ਇਕ ਰਾਈਫਲ 12 ਬੋਰ, ਇਕ ਰਾਈਫਲ 15 ਬੋਰ, 6 ਰੌਂਦ ਅਤੇ 2 ਪਿਸਤੌਲ 32 ਬੋਰ ਸਮੇਤ 10 ਰੌਂਦ ਬਰਾਮਦ ਕੀਤੇ ਹਨ। ਐੱਸ.ਐੱਸ.ਪੀ. ਫਾਜ਼ਿਲਕਾ ਨੇ ਦੱਸਿਆ ਕਿ ਐੱਨ.ਆਰ.ਆਈ. ਨੂੰ ਹਨੀ ਟ੍ਰੈਪ ਰਾਹੀਂ ਅਗਵਾ ਕੀਤਾ ਗਿਆ ਸੀ। ਉਸ ਦੇ ਯੂ.ਐੱਸ.ਏ. ਵਿਚ 5 ਸਟੋਰ ਹਨ। ਮੁਲਜ਼ਮ ਰਮਨਦੀਪ ਸੋਹੀ ਕਾਫੀ ਸਾਲ ਪਹਿਲਾਂ ਯੂ.ਐੱਸ.ਏ. ਗਈ ਸੀ ਅਤੇ ਉਸ ਦੇ ਸਟੋਰ 'ਚ ਕੰਮ ਕਰਦੀ ਸੀ। ਫਿਰ ਉਹ ਉਥੇ ਪੀ.ਆਰ. ਹੋ ਗਈ ਤੇ ਹੁਣ ਭਾਰਤ ਆ ਚੁੱਕੀ ਸੀ। ਲੜਕੀ ਵੱਲੋਂ ਨਛੱਤਰ ਸਿੰਘ 'ਤੇ ਨਜ਼ਰ ਰੱਖੀ ਜਾ ਰਹੀ ਸੀ ਅਤੇ ਪਤਾ ਕੀਤਾ ਕਿ ਉਹ ਭਾਰਤ ਆਇਆ ਹੋਇਆ ਹੈ ਅਤੇ ਇਨ੍ਹਾਂ ਨੇ ਸਾਜ਼ਿਸ਼ ਤਹਿਤ ਉਸ ਨੂੰ ਅਗਵਾ ਕਰ ਲਿਆ। ਉਸ ਦੀ ਕੁੱਟਮਾਰ ਕੀਤੀ, ਕੱਪੜੇ ਉਤਾਰ ਕੇ ਵੀਡੀਓ ਬਣਾਈ ਅਤੇ 20 ਕਰੋੜ ਦੀ ਮੰਗ ਕੀਤੀ ਅਤੇ 10 ਕਰੋੜ ਰੁਪਏ ਦੇਣ ਬਦਲੇ ਉਸ ਨੂੰ ਛੱਡਣ 'ਤੇ ਗੱਲ ਮੁੱਕ ਗਈ ਤੇ ਯੂ.ਐੱਸ.ਏ. ਵਿਚ ਪ੍ਰਾਪਰਟੀ ਰਾਹੀਂ ਲੈਣ-ਦੇਣ ਕਰਨ ਦੀ ਗੱਲ ਹੋਈ।




# ਅਮਰੀਕਾ ਦੀ ਪ੍ਰਥਮ ਮਹਿਲਾ ਜਿਲ ਬਾਇਡਨ ਕੋਰੋਨਾ ਪਾਜ਼ੀਟਿਵ

- 2 ਦਿਨਾਂ ਬਾਅਦ ਭਾਰਤ ਆਉਣ ਵਾਲੀ ਸੀ
- ਰਾਸ਼ਟਰਪਤੀ ਜੋਅ ਬਾਇਡਨ ਦੀ ਕੋਰੋਨਾ ਰਿਪੋਰਟ ਆਈ ਨੈਗੇਟਿਵ



ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਪਤਨੀ ਅਤੇ ਫਸਟ ਲੇਡੀ ਜਿਲ ਬਾਇਡਨ ਭਾਰਤ ਵਿਚ ਜੀ-20 ਸੰਮੇਲਨ ਵਿਚ ਸ਼ਾਮਲ ਹੋਣ ਵਾਲੇ ਸਨ। ਇਸ ਤੋਂ ਪਹਿਲਾਂ ਵੀ ਦੋਵਾਂ ਦੀਆਂ ਕੋਵਿਡ ਰਿਪੋਰਟਾਂ ਸਾਹਮਣੇ ਆ ਚੁੱਕੀਆਂ ਹਨ, ਜਿਸ ਵਿਚ ਫਸਟ ਲੇਡੀ ਜਿਲ ਬਾਇਡਨ ਦੀ ਕੋਰੋਨਾ ਰਿਪੋਰਟ ਪਾਜ਼ੀਟਿਵ ਆਈ ਹੈ। ਜਦਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਰਿਪੋਰਟ ਨੈਗੇਟਿਵ ਆਈ ਹੈ। ਹਾਲਾਂਕਿ, ਯੂ.ਐੱਸ. ਦਫਤਰ ਦੇ ਅਨੁਸਾਰ, ਫਸਟ ਲੇਡੀ ਜਿਲ ਬਾਇਡਨ ਵਿਚ ਕੋਵਿਡ ਦੇ ਕੋਈ ਲੱਛਣ ਨਹੀਂ ਹਨ। ਇਸ ਦੌਰਾਨ ਉਹ ਆਪਣੇ ਘਰ ਡੇਲਾਵੇਅਰ ਰਾਜ ਵਿਚ ਸਥਿਤ ਆਪਣੀ ਰਿਹਾਇਸ਼ 'ਤੇ ਹੀ ਰਹਿਣਗੇ। ਉਸ ਦੇ ਸੰਚਾਰ ਨਿਰਦੇਸ਼ਕ ਨੇ ਇਕ ਬਿਆਨ ਵਿਚ ਕਿਹਾ ਕਿ ਵ੍ਹਾਈਟ ਹਾਊਸ ਦੀ ਮੈਡੀਕਲ ਯੂਨਿਟ ਨੇ ਆਪਣੇ ਨੇੜੇ ਦੇ ਲੋਕਾਂ ਨੂੰ ਸੂਚਿਤ ਕੀਤਾ ਹੈ। ਦੱਸਣਯੋਗ ਹੈ ਕਿ ਪਹਿਲੀ ਮਹਿਲਾ ਜਿਲ ਬਾਇਡਨ ਨੇ ਆਪਣੇ ਪਤੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਨਾਲ ਫਸਟ ਲੇਡੀ ਜਿਲ ਬਾਇਡਨ 7 ਸਤੰਬਰ ਨੂੰ ਭਾਰਤ ਆਉਣ ਵਾਲੇ ਸਨ। ਵ੍ਹਾਈਟ ਹਾਊਸ ਤੋਂ ਮਿਲੀ ਜਾਣਕਾਰੀ ਮੁਤਾਬਕ ਜੋਅ ਬਾਇਡਨ 8 ਸਤੰਬਰ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਦੁਵੱਲੀ ਗੱਲਬਾਤ ਕਰਨਗੇ। ਫਿਰ ਉਹ 9 ਅਤੇ 10 ਸਤੰਬਰ ਨੂੰ ਜੀ-20 ਸੰਮੇਲਨ ਵਿਚ ਸ਼ਿਰਕਤ ਕਰਨਗੇ, ਜਿੱਥੇ ਰਾਸ਼ਟਰਪਤੀ ਜੀ-20 ਦੇ ਹੋਰ ਮੈਂਬਰਾਂ ਨਾਲ ਗਲੋਬਲ ਮੁੱਦਿਆਂ ਦੇ ਹੱਲ ਲੱਭਣ ਲਈ ਵਿਚਾਰਾਂ ਕਰਨਗੇ।


## ਅਮਰੀਕਾ 'ਚ ਕਰੋਨਾ ਦੇ 10 ਹਜ਼ਾਰ ਤੋਂ ਵੱਧ ਆਏ ਕੇਸਾਂ ਨੇ ਵਧਾਈ ਚਿੰਤਾ

-21 ਲੋਕਾਂ ਦੀ ਹੋਈ ਮੌਤ

ਵਾਸ਼ਿੰਗਟਨ, (ਪੰਜਾਬ ਮੇਲ)- ਇੱਕ ਵਾਰ ਫਿਰ ਕੋਰੋਨਾ ਨੇ ਦਸਤਕ ਦੇ ਦਿੱਤੀ ਹੈ। ਕੋਰੋਨਾ ਤੋਂ ਬਾਅਦ ਹੁਣ ਉਸਦਾ ਨਵਾਂ ਵੇਰੀਐਂਟ ਪੀਰੋਲਾ ਨੇ ਕਹਿਰ ਮਚਾਇਆ ਹੈ। ਦੱਸ ਦੇਈਏ ਕਿ ਇਸ ਵੇਰੀਐਂਟ ਦੇ ਅਮਰੀਕਾ 'ਚ 10 ਹਜ਼ਾਰ ਤੋਂ ਵੱਧ ਕੇਸ ਸਾਹਮਣੇ ਆ ਚੁੱਕੇ ਹਨ ਤੇ 21 ਮੌਤਾਂ ਹੋਣ ਦੀ ਖਬਰ ਸਾਹਮਣੇ ਆਈ ਹੈ। ਅਮਰੀਕਾ, ਦੱਖਣੀ ਅਫਰੀਕਾ ਤੇ ਇਜ਼ਰਾਇਲ ਵਰਗੇ ਦੇਸ਼ਾਂ 'ਚ ਇਹ ਵੇਰੀਐਂਟ ਤੇਜੀ ਨਾਲ ਵੱਧ ਰਿਹਾ ਹੈ। ਇਕ ਹਫਤੇ 'ਚ 10 ਹਜ਼ਾਰ ਕੇਸ ਆਏ ਹਨ ਤੇ ਮੌਤਾਂ ਦੇ ਮਾਮਲੇ 'ਚ 21 ਫੀਸਦੀ ਵਾਧਾ ਹੋਇਆ ਹੈ। ਦੱਸਣਯੋਗ ਹੈ ਕਿ ਇਹ ਓਮੀਕਰੋਨ ਦਾ ਹੀ ਨਵਾਂ ਰੂਪ ਹੈ ਜੋ ਕਿ ਤੇਜ਼ੀ ਨਾਲ ਆਪਣੇ ਪੈਰ ਪਸਾਰ ਰਿਹਾ ਹੈ।

# ਟੈਕਸਾਸ 'ਚ ਇਕ ਰੈਸਟੋਰੈਂਟ ਦੀ ਕੰਧ ਤੋੜ ਕੇ ਅੰਦਰ ਵੜੀ ਕਾਰ; 23 ਜ਼ਖਮੀ

- ਜ਼ਖਮੀਆਂ ਵਿਚੋਂ ਕੁਝ ਦੇ ਮਾਮੂਲੀ ਤੇ ਕੁਝ ਦੇ ਗੰਭੀਰ ਸੱਟਾਂ ਵੱਜੀਆਂ



ਟੈਕਸਾਸ 'ਚ ਰੈਸਟੋਰੈਂਟ ਦੀ ਕੰਧ ਤੋੜ ਕੇ ਅੰਦਰ ਵੜੀ ਐੱਸ.ਯੂ.ਵੀ. ਗੱਡੀ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕਾ ਦੇ ਟੈਕਸਾਸ ਰਾਜ 'ਚ ਹਿਊਸਟਨ ਸ਼ਹਿਰ ਤੋਂ ਤਕਰੀਬਨ 35 ਮੀਲ ਦੂਰ ਰੋਸਨਬਰਗ ਵਿਖੇ ਇਕ ਐੱਸ.ਯੂ.ਵੀ. ਗੱਡੀ ਰੈਸਟੋਰੈਂਟ ਦੀ ਕੰਧ ਨਾਲ ਟਕਰਾ ਕੇ ਅੰਦਰ ਵੜ ਜਾਣ ਦੀ ਖਬਰ ਹੈ। ਇਸ ਘਟਨਾ 'ਚ 2 ਦਰਜ਼ਨ ਦੇ ਕਰੀਬ ਲੋਕ ਜ਼ਖਮੀ ਹੋਏ ਹਨ। ਇਹ ਜਾਣਕਾਰੀ ਟੈਕਸਾਸ ਪੁਲਿਸ ਨੇ ਦਿੱਤੀ ਹੈ। ਰੋਸਨਬਰਗ, ਟੈਕਸਾਸ ਪੁਲਿਸ ਨੇ ਇਕ ਫੇਸਬੁੱਕ ਪੋਸਟ 'ਚ ਕਿਹਾ ਹੈ ਕਿ ਸਵੇਰੇ 11.22 ਵਜੇ ਦੇ ਆਸਪਾਸ ਫੋਨ ਆਉਣੇ ਸ਼ੁਰੂ ਹੋਏ, ਜਿਨ੍ਹਾਂ ਵਿਚ ਇਸ ਹਾਦਸੇ ਬਾਰੇ ਜਾਣਕਾਰੀ ਦਿੱਤੀ ਗਈ। ਰੋਸਨਬਰਗ ਪੁਲਿਸ ਵਿਭਾਗ ਅਨੁਸਾਰ ਡੈਨੀ'ਜ਼ ਰੈਸਟੋਰੈਂਟ ਵਿਖੇ ਵਾਪਰੇ ਇਸ ਹਾਦਸੇ ਵਿਚ ਰੈਸਟੋਰੈਂਟ ਵਿਚ ਮੌਜੂਦ 23 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਹੈ। ਪੁਲਿਸ ਅਨੁਸਾਰ ਹਸਪਤਾਲ ਲਿਜਾਣ ਸਮੇਂ ਸਾਰੇ ਪੀੜਤ ਹੋਸ਼ ਵਿਚ ਸਨ। ਜ਼ਖਮੀਆਂ ਵਿਚੋਂ ਕਈਆਂ ਦੇ ਮਾਮੂਲੀ ਤੇ ਕੁਝ ਹੋਰਨਾਂ ਦੇ ਗੰਭੀਰ ਸੱਟਾਂ ਵੱਜੀਆਂ ਹਨ। ਜ਼ਖਮੀਆਂ ਵਿਚ 12 ਸਾਲ ਤੋਂ ਲੈ ਕੇ 60 ਸਾਲ ਦੇ ਲੋਕ ਸ਼ਾਮਲ ਹਨ। ਐੱਸ.ਯੂ.ਵੀ. ਦਾ ਡਰਾਈਵਰ ਵਾਲ-ਵਾਲ ਬੱਚ ਗਿਆ ਹੈ ਤੇ ਉਹ ਜ਼ਖਮੀ ਨਹੀਂ ਹੋਇਆ। ਪੁਲਿਸ ਨੇ ਰੈਸਟੋਰੈਂਟ ਦੀ ਨਾਕਾਬੰਦੀ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਰੈਸਟੋਰੈਂਟ ਦੇ ਮਾਲਕ ਜਾਂ ਕਿਸੇ ਹੋਰ ਅਧਿਕਾਰੀ ਨੇ ਹਾਦਸੇ ਬਾਰੇ ਕੁਝ ਵੀ ਕਹਿਣ ਤੋਂ ਮਨਾ ਕਰ ਦਿੱਤਾ ਹੈ। ਕੇਵਲ ਏਨਾ ਕਿਹਾ ਹੈ ਕਿ ਇਸ ਵੇਲੇ ਹਾਦਸੇ ਬਾਰੇ ਉਹ ਕੁਝ ਨਹੀਂ ਕਹਿ ਸਕਦੇ।

## ਅਮਰੀਕਾ 'ਚ ਏਸ਼ੀਆਈ ਮੂਲ ਦੇ ਲੋਕਾਂ ਦੀਆਂ ਗਹਿਣਿਆਂ ਦੀਆਂ ਦੁਕਾਨਾਂ ਲੁੱਟਣ ਦੇ ਦੋਸ਼ 'ਚ 16 ਵਿਅਕਤੀ ਗ੍ਰਿਫ਼ਤਾਰ




ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਚਾਰ ਰਾਜਾਂ 'ਚ ਭਾਰਤੀ ਅਤੇ ਹੋਰ ਏਸ਼ੀਆਈ ਨਿਵਾਸੀਆਂ ਦੀਆਂ ਗਹਿਣਿਆਂ ਦੀਆਂ ਦੁਕਾਨਾਂ ਵਿਚ ਕਥਿਤ ਤੌਰ 'ਤੇ ਇਕ ਸਾਲ ਵਿਚ ਕਈ ਹਿੰਸਕ ਲੁੱਟਾਂ-ਖੋਹਾਂ ਕਰਨ ਦੇ ਦੋਸ਼ ਵਿਚ ਇਕ ਵੱਡੇ ਅਪਰਾਧੀ ਗਰੋਹ ਦੇ ਕੁੱਲ 16 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਡਿਸਟ੍ਰਿਕਟ ਆਫ ਕੋਲੰਬੀਆ ਦੇ ਅਮਰੀਕੀ ਅਟਾਰਨੀ ਦਫਤਰ ਦੁਆਰਾ ਜਾਰੀ ਕੀਤੇ ਗਏ ਇੱਕ ਬਿਆਨ ਅਨੁਸਾਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਅੱਠ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ, ਜਦੋਂ ਕਿ ਬਾਕੀ ਅੱਠ ਪਹਿਲਾਂ ਫੜੇ ਗਏ ਸਨ। ਦੋਸ਼ਾਂ ਅਨੁਸਾਰ 7 ਜਨਵਰੀ, 2022 ਤੋਂ 27 ਜਨਵਰੀ, 2023 ਤੱਕ ਸ਼ੱਕੀਆਂ ਨੇ ਕੋਲੰਬੀਆ ਦੇ ਡਿਸਟ੍ਰਿਕਟ ਵਿਚ ਨਿਊ ਜਰਸੀ, ਪੈਨਸਿਲਵੇਨੀਆ, ਵਰਜੀਨੀਆ ਅਤੇ ਫਲੋਰੀਡਾ ਵਿਚ ਏਸ਼ੀਅਨ ਅਮਰੀਕਨਾਂ ਦੀ ਮਲਕੀਅਤ ਵਾਲੇ ਗਹਿਣਿਆਂ ਦੇ ਸਟੋਰਾਂ ਨੂੰ ਲੁੱਟਣ ਦੀ ਸਾਜ਼ਿਸ਼ ਰਚੀ ਸੀ।

## ਯੂਬਾ ਸਿਟੀ 'ਚ ਦੀਦਾਰ ਸਿੰਘ ਬੈਂਸ ਪਾਰਕ ਦਾ ਉਦਘਾਟਨ




ਯੂਬਾ ਸਿਟੀ, (ਪੰਜਾਬ ਮੇਲ)-ਬੀਤੇ ਦਿਨੀਂ ਕੈਲੀਫੋਰਨੀਆ ਦੇ ਪੰਜਾਬੀ ਬਹੁ-ਗਿਣਤੀ ਵਾਲੇ ਸ਼ਹਿਰ ਯੂਬਾ ਸਿਟੀ ਵਿਖੇ ਪ੍ਰਸਿੱਧ ਫਾਰਮਰ ਸਵਰਗੀ ਦੀਦਾਰ ਸਿੰਘ ਬੈਂਸ ਦੀ ਯਾਦ ਵਿਚ ਬਣਾਏ ਗਏ ਪਾਰਕ ਦਾ ਉਦਘਾਟਨ ਧੂਮਧਾਮ ਨਾਲ ਕੀਤਾ ਗਿਆ। ਇਸ ਮੌਕੇ ਸਟਰ ਕਾਊਂਟੀ ਆਫ਼ਿਸ ਦੇ ਅਹੁਦੇਦਾਰਾਂ, ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਤੋਂ ਇਲਾਵਾ ਦੀਦਾਰ ਸਿੰਘ ਬੈਂਸ ਦੇ ਪਰਿਵਾਰਕ ਮੈਂਬਰਾਂ ਦਾ ਭਰਪੂਰ ਇਕੱਠ ਹੋਇਆ ।

ਤਿੰਨ ਮਿਲੀਅਨ ਡਾਲਰਾਂ ਦੀ ਲਾਗਤ ਨਾਲ ਬਣਾਇਆ ਗਿਆ ਇਹ ਪਾਰਕ ਕਰੀਬ ਪੰਜ ਏਕੜ ਵਿਚ ਫੈਲਿਆ ਹੋਇਆ ਹੈ। ਯਾਦ ਰਹੇ ਕਿ ਇਸ ਪਾਰਕ ਲਈ ਜਗ੍ਹਾ ਦੀਦਾਰ ਸਿੰਘ ਬੈਂਸ ਪਰਿਵਾਰ ਵੱਲੋਂ ਹੀ ਦਾਨ ਕੀਤੀ ਗਈ ਹੈ। ਇਸ ਪਾਰਕ ਵਿਚ ਦੋ ਪੈਵੇਲੀਅਨ, ਇਕ ਬਾਈਕ ਪਾਰਕ, ਇਕ ਫੁੱਲ ਬਾਸਕਟ ਵਾਲ ਕੋਰਟ, ਇਕ ਓਪਨ-ਏਅਰ ਕਸਰਤ-ਸ਼ਾਲਾ ਅਤੇ ਗ਼ੁਸਲਖ਼ਾਨਿਆਂ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਇਥੇ ਬਣਾਇਆ ਗਿਆ ਬਾਈਸਿਕਲ ਥੀਮ ਕੈਲੀਫੋਰਨੀਆ ਦਾ ਦੂਜਾ ਸਭ ਤੋਂ ਵੱਡਾ ਥੀਮ ਮੰਨਿਆ ਗਿਆ ਹੈ।

## ਕੈਪੀਟਲ ਹਿੱਲ ਹਿੰਸਾ ਮਾਮਲਾ: 'ਪ੍ਰਾਊਡ ਬੁਆਏਜ਼' ਦੇ 2 ਆਗੂਆਂ ਨੂੰ ਸੁਣਾਈ ਗਈ ਸਜ਼ਾ

ਵਾਸ਼ਿੰਗਟਨ, (ਪੰਜਾਬ ਮੇਲ)- "ਪ੍ਰਾਊਡ ਬੁਆਏਜ਼" ਸਮੂਹ ਦੇ ਨੇਤਾ ਜੋਅ ਬਿਗਸ ਨੂੰ ਕਥਿਤ ਤੌਰ 'ਤੇ 6 ਜਨਵਰੀ 2021 ਨੂੰ ਯੂ.ਐੱਸ. ਕੈਪੀਟਲ ਤੱਕ ਸੱਜੇ-ਪੱਖੀ ਸੰਗਠਨ ਦੇ ਬਦਨਾਮ ਮਾਰਚ ਦੀ ਅਗਵਾਈ ਕਰਨ ਲਈ 17 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਖਾਸ ਤੌਰ 'ਤੇ, ਇਹ ਇੱਕ ਦੋਸ਼ੀ ਦੰਗਾਕਾਰੀ ਨੂੰ ਦਿੱਤੀ ਗਈ ਹੁਣ ਤੱਕ ਦੀ ਸਭ ਤੋਂ ਲੰਬੀ ਸਜ਼ਾਵਾਂ ਵਿਚੋਂ ਇੱਕ ਹੈ। ਜੋਅ ਬਿਗਸ ਨੂੰ ਵਾਸ਼ਿੰਗਟਨ, ਡੀ.ਸੀ. ਦੀ ਜਿਊਰੀ ਵੱਲੋਂ 2020 ਦੀਆਂ ਚੋਣਾਂ ਤੋਂ ਬਾਅਦ ਤਤਕਾਲੀ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਜੋਅ ਬਾਇਡਨ ਨੂੰ ਸੱਤਾ ਦੇ ਸ਼ਾਂਤੀਪੂਰਨ ਤਬਾਦਲੇ ਨੂੰ ਰੋਕਣ ਦੀ ਕੋਸ਼ਿਸ਼ ਕਰਨ ਲਈ ਦੇਸ਼ ਧ੍ਰੋਹੀ ਸਾਜ਼ਿਸ਼ ਸਮੇਤ ਕਈ ਦੋਸ਼ਾਂ ਲਈ ਦੋਸ਼ੀ ਠਹਿਰਾਇਆ ਗਿਆ ਸੀ।




# ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਸ਼ਾਹਮੁਖੀ 'ਚ ਪ੍ਰਕਾਸ਼ਿਤ ਪੁਸਤਕ 'ਜੱਸਾ ਸਿੰਘ ਰਾਮਗੜ੍ਹੀਆ' ਦਾ ਰਿਲੀਜ਼ ਸਮਾਗਮ

**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਬਾਰੇ ਸ਼ਾਹਮੁਖੀ 'ਚ ਪ੍ਰਕਾਸ਼ਿਤ ਪੁਸਤਕ ਰਿਲੀਜ਼ ਕਰਨ ਲਈ ਗੁਰਦੁਆਰਾ ਸਾਹਿਬ ਬਰੁੱਕਸਾਈਡ, ਸਰੀ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਵੱਲੋਂ ਰਚਿਤ, ਗੁਰਮੁਖੀ ਅਤੇ ਰੋਮਨ ਵਿਚ ਬਹੁਤ ਸਮਾਂ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੀ ਇਸ ਪੁਸਤਕ ਨੂੰ ਹੁਣ ਲਾਹੌਰ (ਪਾਕਿਸਤਾਨ) ਦੇ ਨਾਮਵਰ ਅਦੀਬ ਪ੍ਰੋ. ਆਸ਼ਿਕ ਰਹੀਲ ਨੇ ਸ਼ਾਹਮੁਖੀ ਵਿਚ ਲਿਪੀਆਂਤਰ ਕੀਤਾ ਹੈ।

ਸਮਾਗਮ ਦੇ ਮੁੱਖ ਬੁਲਾਰੇ ਅਤੇ ਪ੍ਰਸਿੱਧ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਨੇ ਇਸ ਪੁਸਤਕ ਨੂੰ ਸ਼ਾਹਮੁਖੀ 'ਚ ਪ੍ਰਕਾਸ਼ਿਤ ਕਰਨ ਦੇ ਉਦੇਸ਼ ਬਾਰੇ ਚਾਨਣਾ ਪਾਇਆ।



ਇਸ ਪੁਸਤਕ ਦਾ ਮੁੱਖ ਬੰਦ ਜੈਤੇਗ ਸਿੰਘ ਅਨੰਤ ਅਤੇ ਪਾਕਿਸਤਾਨ ਦੇ ਨਾਮਵਰ ਇਤਿਹਾਸਕਾਰ ਪ੍ਰੋ. ਅਖ਼ਤਰ ਸੰਧੂ ਵੱਲੋਂ ਲਿਖਿਆ ਗਿਆ ਹੈ।

ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਦੇ ਰੂਹੇ-ਰਵਾਂ ਗਿਆਨ ਸਿੰਘ ਸੰਧੂ ਅਤੇ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਵੀ ਇਸ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ ਅਤੇ ਉਨ੍ਹਾਂ ਨੇ ਇਸ ਪੁਸਤਕ ਨੂੰ ਸ਼ਾਹਮੁਖੀ ਵਿਚ ਪ੍ਰਕਾਸ਼ਿਤ ਕਰਵਾਉਣ ਦੇ ਵਡੇਰੇ ਕਾਰਜ ਲਈ ਜੈਤੇਗ ਸਿੰਘ ਅਨੰਤ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਅਤੇ ਸੁਰਿੰਦਰ ਸਿੰਘ ਜੱਬਲ ਨੂੰ ਮੁਬਾਰਕਬਾਦ ਦਿੱਤੀ।

ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਇਹ ਪੁਸਤਕ ਮਹਾਨ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਸ਼ਨਾਂ ਦਾ ਆਖਰੀ ਪੜਾਅ ਹੈ। ਸੁਸਾਇਟੀ ਵੱਲੋਂ ਉਨ੍ਹਾਂ ਦੀ ਜਨਮ ਸ਼ਤਾਬਦੀ ਦੇ ਸੰਬੰਧ ਵਿਚ ਵੱਡ-ਆਕਾਰੀ ਕੌਫੀ ਟੇਬਲ ਪੁਸਤਕ ਪ੍ਰਕਾਸ਼ਿਤ ਕੀਤੀ ਗਈ, ਇਕ ਵੱਡਾ ਸਮਾਗਮ ਕਰਵਾਇਆ ਗਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਸਿਕ ਰਸਾਲੇ ਗੁਰਮਤਿ ਪ੍ਰਕਾਸ਼ ਦਾ ਜੱਸਾ ਸਿੰਘ ਰਾਮਗੜ੍ਹੀਆ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਵਾਇਆ ਅਤੇ ਹੁਣ ਸ਼ਾਹਮੁਖੀ 'ਚ ਪ੍ਰਕਾਸ਼ਿਤ ਇਹ ਪੁਸਤਕ ਉਨ੍ਹਾਂ ਦੀ ਵਿਰਾਸਤ ਨੂੰ ਸਮੁੱਚੇ ਪੰਜਾਬੀ ਭਾਈਚਾਰੇ 'ਚ ਫੈਲਾਉਣ ਦਾ ਹੀ ਇਕ ਯਤਨ ਹੈ।

ਇਸ ਮੌਕੇ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੀ ਸਮੁੱਚੀ ਟੀਮ ਵੱਲੋਂ ਪੁਸਤਕ ਰਿਲੀਜ਼ ਕੀਤੀ ਗਈ। ਅੰਤ ਵਿਚ ਸੁਸਾਇਟੀ ਦੇ ਪ੍ਰਧਾਨ ਧਰਮ ਸਿੰਘ ਪਨੇਸਰ ਨੇ ਇਸ ਪੁਸਤਕ ਲਈ ਜੈਤੇਗ ਸਿੰਘ ਅਨੰਤ ਅਤੇ ਸੁਰਿੰਦਰ ਸਿੰਘ ਜੱਬਲ ਵੱਲੋਂ ਕੀਤੀ ਮਿਹਨਤ ਅਤੇ ਯੋਗਦਾਨ ਲਈ ਦਾ ਧੰਨਵਾਦ ਕੀਤਾ ਅਤੇ ਸਮਾਗਮ ਸਮੇਂ ਹਾਜ਼ਰ ਸਾਰੀ ਸੰਗਤ ਦਾ ਸ਼ੁਕਰੀਆ ਅਦਾ ਕੀਤਾ।

# ਟਰੂਡੋ ਸਰਕਾਰ ਵਿਦਿਆਰਥੀਆਂ ਦਾ ਸਟੱਡੀ ਵੀਜ਼ਾ ਸੀਮਤ ਕਰਨ ਦੀ ਤਿਆਰੀ 'ਚ

**ਓਟਵਾ, (ਪੰਜਾਬ ਮੇਲ)-** ਕੈਨੇਡਾ ਦੇ ਹਾਊਸਿੰਗ, ਇਨਫਰਾਸਟਰੱਕਚਰ ਤੇ ਕਮਿਊਨਿਟੀਜ਼ ਮੰਤਰੀ ਸ਼ਾਨ ਫ੍ਰੇਜ਼ਰ ਨੇ ਸੰਕੇਤ ਦਿੱਤੇ ਹਨ ਕਿ ਟਰੂਡੋ ਸਰਕਾਰ ਨੂੰ ਸਟੱਡੀ ਵੀਜ਼ੇ ਦਾ ਮੁਲਾਂਕਣ ਕਰਨ ਦੀ ਲੋੜ ਹੈ ਤੇ ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰਕੇ ਗਿਣਤੀ ਨੂੰ ਸੀਮਿਤ ਕੀਤਾ ਜਾ ਸਕਦਾ ਹੈ। ਫ੍ਰੇਜ਼ਰ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਕੈਨੇਡਾ 'ਚ ਤੇਜ਼ੀ ਨਾਲ ਆ ਰਹੇ ਵਿਦਿਆਰਥੀਆਂ ਕਰਕੇ ਜ਼ਮੀਨ ਤੇ ਮਕਾਨ ਦੇ ਰੇਟਾਂ 'ਤੇ ਕਾਫੀ ਬੁਰਾ ਪ੍ਰਭਾਵ ਪੈ ਰਿਹਾ ਹੈ।



ਕੈਨੇਡਾ ਦੀ ਟਰੂਡੋ ਸਰਕਾਰ ਦੇ ਮੰਤਰੀ ਦੇ ਬਿਆਨ ਦਾ ਪੰਜਾਬ 'ਤੇ ਡੂੰਘਾ ਪ੍ਰਭਾਵ ਪੈ ਸਕਦਾ ਹੈ। ਇਸ ਫੈਸਲੇ ਨਾਲ ਭਾਰਤੀਆਂ ਦਾ ਕੈਨੇਡਾ ਆਉਣ ਦਾ ਸੁਪਨਾ ਟੁੱਟ ਸਕਦਾ ਹੈ। ਕੈਨੇਡਾ ਵਿਚ ਲੋਕਾਂ ਦੇ ਰਹਿਣ ਦੀ ਜਗ੍ਹਾ ਘੱਟ ਪੈ ਰਹੀ ਹੈ। ਇਸ ਲਈ ਕੈਨੇਡਾ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 'ਤੇ ਲਗਾਮ ਲਗਾਉਣ ਦੀ ਤਿਆਰੀ ਵਿਚ ਹੈ। 2022 'ਚ ਕੈਨੇਡਾ 'ਚ 184 ਦੇਸ਼ਾਂ ਤੋਂ 8 ਲੱਖ ਤੋਂ ਜ਼ਿਆਦਾ ਵਿਦਿਆਰਥੀ ਆਏ, ਜਦੋਂਕਿ 2015 'ਚ ਇਹ ਗਿਣਤੀ 4 ਲੱਖ ਤੋਂ ਘੱਟ ਸੀ।

ਕੈਨੇਡਾ ਦੇ ਓਟਵਾ ਵਿਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਦੇ ਲੀਡਰ ਜਸਵਿੰਦਰ ਸਿੰਘ ਜੱਸਾ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਇਹ ਭੀੜ ਆਉਣਾ ਸਿਆਸਤ ਦਾ ਇਕ ਹਿੱਸਾ ਸੀ। ਕੈਨੇਡਾ 2024 ਤੱਕ ਆਪਣੇ ਵਿਦਿਆਰਥੀ ਵੀਜ਼ਾ ਪ੍ਰੋਗਰਾਮ ਵਿਚ ਇਕ ਨਵੇਂ ਭਰੋਸੇਯੋਗ ਢਾਂਚੇ ਨੂੰ ਲਾਗੂ ਕਰਨ ਦੀ ਯੋਜਨਾ ਬਣਾ ਰਿਹਾ ਹੈ।

# ਨਿਊਯਾਰਕ ਪਹੁੰਚੇ ਹਜ਼ਾਰਾਂ ਪ੍ਰਵਾਸੀਆਂ ਨੂੰ ਨੌਕਰੀਆਂ ਤੇ ਪੱਕੇ ਘਰਾਂ ਦੀ ਤਲਾਸ਼

**ਨਿਊਯਾਰਕ, (ਪੰਜਾਬ ਮੇਲ)-** ਅਮਰੀਕੀ ਸੂਬੇ ਨਿਊਯਾਰਕ 'ਚ ਵੱਡੀ ਗਿਣਤੀ ਵਿਚ ਪ੍ਰਵਾਸੀ ਪਹੁੰਚੇ ਹੋਏ ਹਨ। ਇਹ ਪ੍ਰਵਾਸੀ ਕਈ ਦੇਸ਼ਾਂ ਤੋਂ ਆਏ ਹਨ। ਇਨ੍ਹਾਂ ਵਿਚੋਂ ਹਜ਼ਾਰਾਂ ਲੋਕਾਂ ਨੂੰ ਹੋਟਲਾਂ, ਸਕੂਲਾਂ, ਪਾਰਕਿੰਗ ਸਥਾਨਾਂ ਅਤੇ ਕੁਝ ਹੋਰ ਅਸਥਾਈ ਸ਼ੈਲਟਰਾਂ ਵਿਚ ਰਿਹਾਇਸ਼ ਮਿਲੀ ਹੈ। ਇਨ੍ਹਾਂ ਵਿਚੋਂ ਇਕ ਸ਼ਰਨਾਰਥੀ ਅਲੀ ਸਈਦ ਹੈ, ਜੋ 2021 ਵਿਚ ਅਫਗਾਨਿਸਤਾਨ ਵਿਚ ਸਿਵਲ ਇੰਜੀਨੀਅਰ ਸੀ। ਤਾਲਿਬਾਨ ਦੇ ਸੱਤਾ ਵਿਚ ਆਉਣ ਤੋਂ ਬਾਅਦ, ਉਹ ਦੇਸ਼ ਛੱਡ ਕੇ ਭੱਜ ਗਿਆ ਅਤੇ ਪਹਿਲਾਂ ਬ੍ਰਾਜ਼ੀਲ ਚਲਾ ਗਿਆ। ਇਸ ਤੋਂ ਬਾਅਦ ਦੱਖਣੀ ਸਰਹੱਦ ਰਾਹੀਂ ਅਮਰੀਕਾ ਪਹੁੰਚਿਆ। ਸਈਦ ਉਨ੍ਹਾਂ ਇੱਕ ਲੱਖ ਤੋਂ ਵੱਧ ਪ੍ਰਵਾਸੀਆਂ ਵਿਚੋਂ ਇੱਕ ਹੈ, ਜੋ ਇਸ ਸਾਲ ਨਿਊਯਾਰਕ ਪਹੁੰਚੇ ਸਨ। ਮੇਅਰ ਦਫਤਰ ਦਾ ਕਹਿਣਾ ਹੈ ਕਿ ਉਹ ਲਗਭਗ 60 ਹਜ਼ਾਰ ਲੋਕਾਂ ਦੀ ਦੇਖਭਾਲ ਕਰ ਰਹੇ ਹਨ।

**■ ਪ੍ਰਵਾਸੀਆਂ ਕੋਲ ਪਛਾਣ ਪੱਤਰ ਨਾ ਹੋਣ ਕਾਰਨ ਬੈਂਕ ਖਾਤੇ ਖੋਲ੍ਹਣ, ਸਥਾਨਕ ਸੇਵਾਵਾਂ ਅਤੇ ਨੌਕਰੀਆਂ ਪ੍ਰਾਪਤ ਕਰਨ 'ਚ ਆ ਰਹੀਆਂ ਨੇ ਮੁਸ਼ਕਲਾਂ**

ਸ਼ਰਣ ਮੰਗਣ ਦਾ ਅਧਿਕਾਰ ਨਿਊਯਾਰਕ ਸਿਟੀ ਵਿਚ ਕਾਨੂੰਨੀ ਹੈ। ਅਧਿਕਾਰੀ ਸ਼ਰਣ ਮੰਗਣ ਵਾਲੇ ਕਿਸੇ ਵੀ ਵਿਅਕਤੀ ਨੂੰ ਕਾਨੂੰਨੀ ਤੌਰ 'ਤੇ ਬਾਹਰ ਨਹੀਂ ਕੱਢ ਸਕਦੇ। ਸ਼ਹਿਰ ਅਤੇ ਨਿਊਯਾਰਕ ਰਾਜ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਦੀ ਆਮਦ ਨੂੰ ਰੱਖਣ ਦੇ ਢੰਗਾਂ ਸਬੰਧੀ ਅਦਾਲਤ ਵਿਚ ਲੜ ਰਹੇ ਹਨ। ਨਿਊਯਾਰਕ ਸਿਟੀ ਰੂਜ਼ਵੈਲਟ ਵਰਗੇ ਹੋਟਲਾਂ ਵਿਚ ਸ਼ਰਣ ਮੰਗਣ ਵਾਲਿਆਂ ਦੀ ਰਿਹਾਇਸ਼ ਨੂੰ ਰੋਕਣ ਦੀ ਯੋਜਨਾ ਬਣਾ ਰਹੀ ਹੈ। ਉਸ ਨੇ ਪਾਬੰਦੀ ਦੇ ਹੁਕਮ ਜਾਰੀ ਕਰਨ ਲਈ ਨਿਊਯਾਰਕ ਦੀਆਂ 30 ਕਾਉਂਟੀਆਂ ਵਿਰੁੱਧ ਮੁਕੱਦਮੇ ਦਾਇਰ ਕੀਤੇ ਹਨ।

ਜੂਨ ਦੇ ਸ਼ੁਰੂ ਵਿਚ ਰਵਾਇਤੀ ਸ਼ੈਲਟਰਾਂ ਨੂੰ ਭਰਨ ਤੋਂ ਬਾਅਦ ਸ਼ਹਿਰ ਵਿਚ 206 ਐਮਰਜੈਂਸੀ ਸ਼ੈਲਟਰ ਬਣਾਏ ਗਏ ਹਨ। ਇਨ੍ਹਾਂ ਥਾਵਾਂ 'ਤੇ ਜ਼ਰੂਰੀ ਸਹੂਲਤਾਂ ਦੀ ਘਾਟ ਲਈ ਨਿਊਯਾਰਕ ਸਿਟੀ ਪ੍ਰਸ਼ਾਸਨ ਦੀ ਆਲੋਚਨਾ ਕੀਤੀ ਜਾ ਰਹੀ ਹੈ। ਮੇਅਰ ਦੇ ਦਫ਼ਤਰ ਦਾ ਕਹਿਣਾ ਹੈ ਕਿ ਇਹ ਆਸਰਾ ਵੇਟਿੰਗ ਰੂਮ ਹਨ। ਉਹ ਲੰਬੇ ਸਮੇਂ ਤੱਕ ਚੱਲਣ ਲਈ ਨਹੀਂ ਬਣਾਏ ਗਏ ਹਨ। ਉੱਧਰ ਕੇਂਦਰ ਸਰਕਾਰ ਤੋਂ ਨਿਊਯਾਰਕ ਵਿਚ ਸ਼ਰਣ ਮੰਗਣ ਵਾਲੇ ਲੋਕਾਂ ਨੂੰ ਫੈਡਰਲ ਵਰਕ ਪਰਮਿਟ ਦੇਣ ਦੀ ਰਫ਼ਤਾਰ ਮੱਠੀ ਹੈ।

# ਸਰੀ ਸਥਿਤ ਸਕੂਲ ਵਿਚ ਹੋਣ ਵਾਲਾ ਖਾਲਿਸਤਾਨ ਰੈਫਰੈਂਡਮ ਸਮਾਗਮ ਰੱਦ

**ਸਰੀ, (ਪੰਜਾਬ ਮੇਲ)-** ਕੈਨੇਡਾ ਦੇ ਇਕ ਸਕੂਲ ਵਿਚ 10 ਸਤੰਬਰ ਲਈ ਰੱਖੇ ਖਾਲਿਸਤਾਨ ਰੈਫਰੈਂਡਮ ਸਮਾਗਮ ਨੂੰ ਰੱਦ ਕਰ ਦਿੱਤਾ ਗਿਆ ਹੈ। ਕੁਝ ਲੋਕਾਂ ਵੱਲੋਂ ਸਮਾਗਮ ਦੇ ਪੋਸਟਰ 'ਤੇ ਹਥਿਆਰਾਂ ਦੀਆਂ ਤਸਵੀਰਾਂ ਸਕੂਲ ਅਥਾਰਿਟੀਜ਼ ਦੇ ਧਿਆਨ ਵਿਚ ਲਿਆਂਦੇ ਜਾਣ ਮਗਰੋਂ ਸਮਾਗਮ ਰੱਦ ਕੀਤਾ ਗਿਆ ਹੈ। ਸਰੀ ਸਕੂਲ ਡਿਸਟ੍ਰਿਕਟ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਉਸ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਕਸਬੇ ਵਿਚ ਤਮੰਨਾਵਿਸ ਸੈਕੰਡਰੀ ਸਕੂਲ 'ਚ ਰੱਖਿਆ ਸਮਾਗਮ ਰੱਦ ਕਰ ਦਿੱਤਾ ਹੈ ਕਿਉਂਕਿ ਸਮਾਗਮ ਦੇ ਪ੍ਰਬੰਧਕ ਵਾਰ-ਵਾਰ ਗੁਜ਼ਾਰਿਸ਼ਾਂ ਕਰਨ ਦੇ ਬਾਵਜੂਦ 'ਸਬੰਧਤ ਤਸਵੀਰਾਂ' ਲਾਹੁਣ ਵਿਚ ਨਾਕਾਮ ਰਹੇ। ਸਰੀ ਸਕੂਲ ਡਿਸਟ੍ਰਿਕਟ ਨੇ ਦਿ ਇੰਡੋ-ਕਨੈਡੀਅਨ ਵੁਆਇਸ ਵੈੱਬਸਾਈਟ 'ਤੇ ਪ੍ਰਕਾਸ਼ਿਤ ਇਕ ਬਿਆਨ ਵਿਚ ਕਿਹਾ, "ਕਰਾਰ ਦੀ ਉਲੰਘਣਾ ਕਾਰਨ ਸਾਡੇ ਇਕ ਸਕੂਲ ਵਿਚ ਭਾਈਚਾਰੇ ਵੱਲੋਂ ਰੱਖੇ ਸਮਾਗਮ ਨੂੰ ਰੱਦ ਕਰ ਦਿੱਤਾ ਗਿਆ ਹੈ। ਸਾਡੇ ਸਕੂਲ ਵਿਚ ਸਮਾਗਮ ਦੀ ਪ੍ਰਮੋਸ਼ਨ ਲਈ ਲੱਗੀ ਸਮੱਗਰੀ ਵਿਚ ਹਥਿਆਰਾਂ ਦੀਆਂ ਵੀ ਤਸਵੀਰਾਂ ਸਨ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Inderjeet Singh Mann
CA Lic# 0H82488

Anthem.

COVERED CALIFORNIA

Certified Insurance Agent

Designed By Punjab Mail USA

Ph.: (916) 900-2000

# ਆਸਟ੍ਰੇਲੀਆ ਵੱਲੋਂ 'ਮਹਾਮਾਰੀ ਇਵੈਂਟ ਵੀਜ਼ਾ' ਬੰਦ ਕਰਨ ਦਾ ਐਲਾਨ

**ਸਿਡਨੀ, (ਪੰਜਾਬ ਮੇਲ)-** ਆਸਟ੍ਰੇਲੀਆਈ ਸਰਕਾਰ ਨੇ ਫਰਵਰੀ 2024 ਤੋਂ ਬਾਅਦ 'ਮਹਾਮਾਰੀ ਇਵੈਂਟ ਵੀਜ਼ਾ' ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ। ਇਹ ਇੱਕ ਅਜਿਹਾ ਕਦਮ ਹੈ, ਜਿਸ ਨਾਲ ਵੱਡੀ ਗਿਣਤੀ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਕਾਮਿਆਂ ਨੂੰ ਦੇਸ਼ ਵਿਚ ਰਹਿਣ ਲਈ ਹੋਰ ਵਿਕਲਪਾਂ ਦੀ ਭਾਲ ਲਈ ਸੰਘਰਸ਼ ਕਰਨਾ ਪੈ ਸਕਦਾ ਹੈ। ਗੌਰਤਲਬ ਹੈ ਕਿ ਇਸ ਐਲਾਨ ਨਾਲ ਆਸਟ੍ਰੇਲੀਆ ਵਿਚ ਵੱਡੀ ਗਿਣਤੀ ਵਿਚ ਰਹਿ ਰਿਹਾ ਪੰਜਾਬੀ ਭਾਈਚਾਰਾ ਵੀ ਪ੍ਰਭਾਵਿਤ ਹੋਵੇਗਾ।

ਸਬਕਲਾਸ 408 ਵਜੋਂ ਵੀ ਜਾਣਿਆ ਜਾਂਦਾ ਇਹ ਵੀਜ਼ਾ 2020 ਵਿਚ ਮਹਾਮਾਰੀ ਦੇ ਸਿਖਰ ਦੌਰਾਨ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਹਾਇਤਾ ਲਈ ਪੇਸ਼ ਕੀਤਾ ਗਿਆ ਸੀ, ਜੋ ਦੇਸ਼ ਛੱਡਣ ਵਿਚ ਅਸਮਰੱਥ ਸਨ। ਗ੍ਰਹਿ ਮਾਮਲਿਆਂ ਦੇ ਮੰਤਰੀ ਕਲੇਰ ਓ'ਨੀਲ ਅਤੇ ਇਮੀਗ੍ਰੇਸ਼ਨ ਮੰਤਰੀ ਐਂਡਰਿਊ ਗਾਈਲਸ ਨੇ ਸਾਂਝੇ ਤੌਰ 'ਤੇ ਵੀਰਵਾਰ ਨੂੰ ਐਲਾਨ ਕੀਤਾ ਕਿ "ਫਰਵਰੀ 2024 ਤੋਂ ਸਾਰੇ ਬਿਨੈਕਾਰਾਂ ਲਈ ਵੀਜ਼ਾ ਬੰਦ ਕਰ ਦਿੱਤਾ ਜਾਵੇਗਾ"।

ਇਕ ਪਰਿਵਰਤਨਸ਼ੀਲ ਉਪਾਅ ਵਜੋਂ ਇਹ ਘੋਸ਼ਣਾ ਕੀਤੀ ਗਈ ਸੀ ਕਿ 2 ਸਤੰਬਰ, 2023 ਤੋਂ ਮਹਾਮਾਰੀ ਇਵੈਂਟ ਵੀਜ਼ਾ ਸਿਰਫ ਮੌਜੂਦਾ ਧਾਰਕਾਂ ਦੀਆਂ ਅਰਜ਼ੀਆਂ ਲਈ ਖੁੱਲ੍ਹਾ ਹੋਵੇਗਾ। ਸ਼ਨੀਵਾਰ ਤੋਂ ਨਵੀਆਂ ਅਰਜ਼ੀਆਂ ਨੂੰ ਛੇ ਮਹੀਨੇ ਦਾ ਵੀਜ਼ਾ ਮਿਲੇਗਾ ਅਤੇ 405 ਆਸਟ੍ਰੇਲੀਆਈ ਡਾਲਰ ਦਾ ਇੱਕ ਅਰਜ਼ੀ ਚਾਰਜ ਵੀ ਲਗਾਇਆ ਜਾਵੇਗਾ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੀਜ਼ਾ ਸਿਰਫ਼ ਉਨ੍ਹਾਂ ਲੋਕਾਂ ਦੁਆਰਾ ਵਰਤਿਆ ਜਾ ਰਿਹਾ ਹੈ, ਜਿਨ੍ਹਾਂ ਦੇ "ਆਸਟ੍ਰੇਲੀਆ ਵਿਚ ਰਹਿਣ ਅਤੇ ਯੋਗਦਾਨ ਪਾਉਣ ਦੀ ਅਸਲ ਲੋੜ ਹੈ"। ਇਨ੍ਹਾਂ ਨਵੀਆਂ ਤਬਦੀਲੀਆਂ ਅਨੁਸਾਰ ਵੈਧ ਮਹਾਮਾਰੀ ਇਵੈਂਟ ਵੀਜ਼ਾ ਵਾਲੇ ਲੋਕ ਉਦੋਂ ਤੱਕ ਕਾਨੂੰਨੀ ਰਹਿਣਗੇ, ਜਦੋਂ ਤੱਕ ਉਹਨਾਂ ਦੇ ਮੌਜੂਦਾ ਵੀਜ਼ੇ ਦੀ ਮਿਆਦ ਖ਼ਤਮ ਨਹੀਂ ਹੋ ਜਾਂਦੀ। ਜਿਨ੍ਹਾਂ ਕੋਲ ਹੋਰ ਵੀਜ਼ਾ ਅਰਜ਼ੀਆਂ ਲਈ ਕੋਈ ਵਿਕਲਪ ਨਹੀਂ ਹਨ, ਉਨ੍ਹਾਂ ਦੇ ਵੀਜ਼ੇ ਦੀ ਮਿਆਦ ਪੁੱਗਣ 'ਤੇ ਆਸਟ੍ਰੇਲੀਆ ਛੱਡਣ ਦੀ ਉਮੀਦ ਕੀਤੀ ਜਾਂਦੀ ਹੈ।

ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਸਰਕਾਰ ਨੇ ਹਾਲ ਹੀ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਅਸੀਮਤ ਕੰਮ ਦੇ ਘੰਟੇ ਅਤੇ ਵਰਕਿੰਗ ਹੋਲੀਡੇ ਵੀਜ਼ਾ ਧਾਰਕਾਂ ਲਈ ਕੰਮ ਵਿਚ ਛੋਟਾਂ ਸਮੇਤ ਕੋਵਿਡ-ਯੁੱਗ ਦੇ ਉਪਾਵਾਂ ਦੀ ਇੱਕ ਲੜੀ ਨੂੰ ਖ਼ਤਮ ਕਰਨ ਤੋਂ ਬਾਅਦ ਇਹ ਕਦਮ ਚੁੱਕਿਆ ਹੈ। ਮਹਾਮਾਰੀ ਇਵੈਂਟ ਵੀਜ਼ਾ ਸ਼ੁਰੂ ਵਿਚ ਆਸਟ੍ਰੇਲੀਆ ਵਿਚ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਲਈ ਰਾਹਤ ਪ੍ਰਦਾਨ ਕਰਨ ਲਈ ਪੇਸ਼ ਕੀਤਾ ਗਿਆ ਸੀ, ਜੋ ਕੋਵਿਡ-ਸਬੰਧਤ ਸਰਹੱਦੀ ਬੰਦ ਹੋਣ ਦੌਰਾਨ ਦੇਸ਼ ਛੱਡਣ ਵਿਚ ਅਸਮਰੱਥ ਸਨ। ਇਸਨੇ ਵਿਦਿਆਰਥੀਆਂ ਨੂੰ ਦੇਸ਼ ਵਿਚ ਵਾਧੂ 12 ਮਹੀਨਿਆਂ ਲਈ ਰਹਿਣ ਦੀ ਇਜਾਜ਼ਤ ਦਿੱਤੀ, ਜੇਕਰ ਉਨ੍ਹਾਂ ਦੇ ਵੀਜ਼ੇ ਦੀ ਮਿਆਦ ਖ਼ਤਮ ਹੋ ਜਾਂਦੀ ਹੈ ਅਤੇ ਇੱਕ ਠਹਿਰਨ ਦੌਰਾਨ ਕਈ ਵਾਰ ਆਸਟ੍ਰੇਲੀਆ ਜਾਂ ਉਸ ਤੋਂ ਯਾਤਰਾ ਕਰਨ ਦੀ ਇਜਾਜ਼ਤ ਦਿੱਤੀ।

■ ਵੱਡੀ ਗਿਣਤੀ 'ਚ ਰਹਿ ਰਿਹਾ ਪੰਜਾਬੀ ਭਾਈਚਾਰਾ ਵੀ ਹੋਵੇਗਾ ਪ੍ਰਭਾਵਿਤ




## ਨੋਬੇਲ ਫਾਊਂਡੇਸ਼ਨ ਨੇ ਪੁਰਸਕਾਰ ਵੰਡ ਸਮਾਗਮ ਲਈ ਰੂਸ, ਬੇਲਾਰੂਸ ਤੇ ਇਰਾਨ ਨੂੰ ਭੇਜੇ ਸੱਦੇ ਵਾਪਸ ਲਏ

**ਸਟਾਕਹੋਮ, (ਪੰਜਾਬ ਮੇਲ)-** ਨੋਬੇਲ ਫਾਊਂਡੇਸ਼ਨ ਨੇ ਇਸ ਵਰ੍ਹੇ ਹੋਣ ਵਾਲੇ ਪੁਰਸਕਾਰ ਵੰਡ ਸਮਾਗਮ ਲਈ ਰੂਸ, ਬੇਲਾਰੂਸ ਤੇ ਇਰਾਨ ਦੇ ਪ੍ਰਤੀਨਿਧੀਆਂ (ਰਾਜਦੂਤਾਂ) ਨੂੰ ਭੇਜੇ ਗਏ ਸੱਦੇ ਵਾਪਸ ਲੈ ਲਏ ਹਨ। ਇਨ੍ਹਾਂ ਦੇਸ਼ਾਂ ਨੂੰ ਸੱਦੇ ਬੀਤੇ ਦਿਨੀਂ ਹੀ ਭੇਜੇ ਗਏ ਸਨ ਤੇ ਇਨ੍ਹਾਂ ਸੱਦਿਆਂ ਖ਼ਿਲਾਫ਼ ਗੰਭੀਰ ਪ੍ਰਤੀਕਰਮ ਮਿਲੇ ਸਨ। ਸਵੀਡਨ ਦੇ ਕਾਨੂੰਨਸਾਜ਼ਾਂ ਨੇ ਬੀਤੇ ਦਿਨੀਂ ਕਿਹਾ ਸੀ ਕਿ ਜੇਕਰ ਇਨ੍ਹਾਂ ਦੇਸ਼ਾਂ ਦੇ ਪ੍ਰਤੀਨਿਧੀਆਂ ਨੂੰ ਪਿਛਲੇ ਵਰ੍ਹੇ ਦੀ ਨੀਤੀ 'ਚ ਬਦਲਾਅ ਕਰਦਿਆਂ ਸੱਦੇ ਭੇਜੇ ਗਏ ਤਾਂ ਉਹ ਇਸ ਸਾਲ ਹੋਣ ਵਾਲੇ ਪੁਰਸਕਾਰ ਵੰਡ ਸਮਾਗਮ ਵਿਚ ਸ਼ਾਮਲ ਨਹੀਂ ਹੋਣਗੇ। ਇਨ੍ਹਾਂ ਕਾਨੂੰਨਸਾਜ਼ਾਂ ਨੇ ਰੂਸ ਵੱਲੋਂ ਯੂਕਰੇਨ ਖ਼ਿਲਾਫ਼ ਛੇੜੀ ਗਈ ਜੰਗ ਤੇ ਇਰਾਨ ਵੱਲੋਂ ਮਨੁੱਖੀ ਅਧਿਕਾਰਾਂ ਦੇ ਕੀਤੇ ਗਏ ਘਾਣ ਨੂੰ ਸਮਾਗਮ ਦਾ ਬਾਈਕਾਟ ਕਰਨ ਲਈ ਮੁੱਖ ਕਾਰਨ ਦੱਸਿਆ ਸੀ।

# ਬ੍ਰਿਟਿਸ਼ ਕੋਲੰਬੀਆ 'ਚ ਜਨਵਰੀ ਤੋਂ ਜੁਲਾਈ ਤੱਕ ਨਸ਼ਿਆਂ ਨੇ ਲਈ 1,455 ਲੋਕਾਂ ਦੀ ਜਾਨ

**ਬ੍ਰਿਟਿਸ਼ ਕੋਲੰਬੀਆ, (ਪੰਜਾਬ ਮੇਲ)-** ਬੀ.ਸੀ. ਕੋਰੋਨਰਜ਼ ਸਰਵਿਸ ਦੇ ਤਾਜ਼ਾ ਅੰਕੜਿਆਂ ਮੁਤਾਬਕ, ਇਸ ਸਾਲ ਜਨਵਰੀ ਅਤੇ ਜੁਲਾਈ ਦੇ ਵਿਚਕਾਰ, ਘੱਟੋ-ਘੱਟ 1,455 ਬ੍ਰਿਟਿਸ਼ ਕੋਲੰਬੀਅਨਾਂ ਨੇ ਜ਼ਹਿਰੀਲੀਆਂ ਦਵਾਈਆਂ ਨਾਲ ਆਪਣੀਆਂ ਜਾਨਾਂ ਗੁਆ ਦਿੱਤੀਆਂ, ਜੋ ਕਿ ਇੱਕ ਕੈਲੰਡਰ ਸਾਲ ਦੇ ਪਹਿਲੇ ਸੱਤ ਮਹੀਨਿਆਂ 'ਚ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ ਹੈ। ਇਹ ਮਹੀਨੇ ਲਈ ਇੱਕ ਦਿਨ 'ਚ ਲਗਭਗ 6 ਮੌਤਾਂ ਹਨ।

ਜਾਰੀ ਕੀਤੇ ਗਏ ਇਹ ਅੰਕੜੇ ਦਰਸਾਉਂਦੇ ਹਨ ਕਿ ਪਿਛਲੇ ਜੁਲਾਈ ਮਹੀਨੇ ਦੇ ਮੁਕਾਬਲੇ ਮੌਤਾਂ 'ਚ ਪੰਜ ਫ਼ੀਸਦੀ ਦੀ ਕਮੀ ਅਤੇ ਜੂਨ ਦੇ ਮੁਕਾਬਲੇ ਚਾਰ ਫ਼ੀਸਦੀ ਵਾਧਾ ਹੋਇਆ ਹੈ। ਮੁੱਖ ਕੋਰੋਨਰ ਲੀਜ਼ਾ ਲੈਪੋਂਟੇ ਨੇ ਅੰਕੜਿਆਂ ਦੇ ਨਾਲ ਇੱਕ ਬਿਆਨ 'ਚ ਕਿਹਾ, "ਮੈਂ ਇੱਕ ਵਾਰ ਫਿਰ ਇਹ ਦੱਸਦਿਆਂ ਦੁਖੀ ਹਾਂ ਕਿ ਬ੍ਰਿਟਿਸ਼ ਕੋਲੰਬੀਆ ਦੇ ਜ਼ਹਿਰੀਲੇ ਡਰੱਗ ਸੰਕਟ ਦੇ ਘਟਣ ਦੇ ਕੋਈ ਸੰਕੇਤ ਨਹੀਂ ਦਿਖ ਰਹੇ ਹਨ।" ਉਨ੍ਹਾਂ ਅੱਗੇ ਕਿਹਾ ਕਿ ਅਸੀਂ ਜ਼ਹਿਰੀਲੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਦੇ ਕਾਰਨ ਸੂਬੇ 'ਚ ਰਿਕਾਰਡ ਗਿਣਤੀ 'ਚ ਮੌਤਾਂ ਦਾ ਅਨੁਭਵ ਕਰ ਰਹੇ ਹਾਂ।

ਜੁਲਾਈ 'ਚ ਦਰਜ ਕੀਤੀਆਂ ਗਈਆਂ ਨਸ਼ੀਲੇ ਪਦਾਰਥਾਂ ਦੀਆਂ 88.4 ਫ਼ੀਸਦੀ ਮੌਤਾਂ 'ਚ ਫੈਂਟਾਨਿਲ ਅਤੇ ਇਸਦੇ ਐਨਾਲਾਗ ਮਿਲੇ ਹਨ। ਲੈਪੋਂਟੇ ਨੇ ਕਿਹਾ ਕਿ ਵੀਰਵਾਰ ਨੂੰ ਕੌਮਾਂਤਰੀ ਓਵਰਡੋਜ਼ ਜਾਗਰੂਕਤਾ ਦਿਵਸ ਹੈ, ਜਿਹੜਾ ਕਿ ਨਸ਼ਿਆਂ ਕਾਰਨ ਮਰਨ ਵਾਲੇ ਪਰਿਵਾਰਾਂ, ਦੋਸਤਾਂ, ਸਹਿਕਰਮੀਆਂ ਅਤੇ ਗੁਆਂਢੀਆਂ ਨੂੰ ਯਾਦ ਕਰਨ ਦਾ ਦਿਨ ਹੈ।

ਉਨ੍ਹਾਂ ਕਿਹਾ, "ਅਸੀਂ ਉਨ੍ਹਾਂ ਦੀ ਯਾਦ ਦਾ ਸਨਮਾਨ ਕਰਦੇ ਹਾਂ ਅਤੇ ਉਨ੍ਹਾਂ ਦੇ ਅਜ਼ੀਜ਼ਾਂ ਦੇ ਨਾਲ ਸੋਗ ਮਨਾਉਂਦੇ ਹਾਂ, ਸਾਨੂੰ ਫੈਸਲਾ ਲੈਣ ਵਾਲਿਆਂ ਕੋਲ ਇਨ੍ਹਾਂ ਰੋਕੀਆਂ ਜਾ ਸਕਣ ਵਾਲੀਆਂ ਮੌਤਾਂ ਨੂੰ ਵਾਪਰਨ ਤੋਂ ਰੋਕਣ ਲਈ ਹੋਰ ਵਧੇਰੇ ਯਤਨ ਕਰਨ ਦੀ ਅਪੀਲ ਕਰਨੀ ਚਾਹੀਦੀ ਹੈ। ਇਸ ਜਨਤਕ ਸਿਹਤ ਐਮਰਜੈਂਸੀ ਦੇ ਨਤੀਜੇ ਵਜੋਂ ਗੰਭੀਰ ਜੋਖਮ ਅਤੇ ਜਾਨਾਂ ਦੀ ਹਾਨੀ 'ਤੇ ਤੁਰੰਤ ਪ੍ਰਤੀਕਿਰਿਆ ਦੀ ਲੋੜ ਹੈ। ਸਾਨੂੰ ਹਰ ਰੋਜ਼ ਛੇ ਜਾਨਾਂ ਦੇ ਲਗਾਤਾਰ ਨੁਕਸਾਨ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ।"

ਸਾਲ 2016 ਦੇ ਅਪ੍ਰੈਲ 'ਚ ਓਵਰਡੋਜ਼ ਸੰਕਟ ਨੂੰ ਜਨਤਕ ਸਿਹਤ ਐਮਰਜੈਂਸੀ ਘੋਸ਼ਿਤ ਕੀਤੇ ਜਾਣ ਤੋਂ ਬਾਅਦ, ਘੱਟੋ ਘੱਟ 12,739 ਬ੍ਰਿਟਿਸ਼ ਕੋਲੰਬੀਅਨ ਜ਼ਹਿਰੀਲੀਆਂ ਦਵਾਈਆਂ ਨਾਲ ਮਰ ਚੁੱਕੇ ਹਨ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਜੁਲਾਈ 'ਚ, ਮਰਨ ਵਾਲੇ ਲੋਕਾਂ 'ਚ 83 ਫ਼ੀਸਦੀ ਪੁਰਸ਼ ਸਨ ਅਤੇ ਇਹ ਅੰਕੜਾ ਪਿਛਲੇ ਮਹੀਨਿਆਂ ਦੀ ਤੁਲਨਾ 'ਚ ਥੋੜ੍ਹਾ ਵੱਧ ਹੈ। ਉੱਥੇ ਹੀ 66 ਫੀਸਦੀ ਲੋਕ 30 ਤੋਂ 59 ਸਾਲ ਦੀ ਉਮਰ ਦੇ ਸਨ, ਜੋ ਕਿ ਸਾਲ ਦੇ ਬਾਕੀ ਅੰਕੜਿਆਂ ਦੇ ਨਾਲ ਹੀ ਮੇਲ ਖਾਂਦਾ ਹੈ। ਉੱਥੇ ਹੀ ਜੁਲਾਈ 'ਚ 18 ਸਾਲ ਤੋਂ ਘੱਟ ਉਮਰ ਦੇ ਤਿੰਨ ਲੋਕਾਂ ਦੀ ਨਸ਼ੀਲੇ ਪਦਾਰਥਾਂ ਦੀ ਨਾਜਾਇਜ਼ ਵਰਤੋਂ ਕਾਰਨ ਮੌਤ ਹੋਈ ਹੈ। ਇਸ ਉਮਰ ਸਮੂਹ ਦੇ ਲੋਕਾਂ ਲਈ ਮੌਤਾਂ ਦੀ ਸਭ ਤੋਂ ਵੱਧ ਰਿਕਾਰਡ ਸੰਖਿਆ ਅਪ੍ਰੈਲ 'ਚ ਦਰਜ ਕੀਤੀ ਗਈ ਸੀ, ਜਦੋਂ ਨਸ਼ਿਆਂ ਨੇ ਪੰਜ ਨੌਜਵਾਨਾਂ ਦੀ ਜਾਨ ਲਈ ਸੀ। ਕੋਰੋਨਰਜ਼ ਸਰਵਿਸ ਮੁਤਾਬਕ, ਬੀ. ਸੀ. 'ਚ 10 ਤੋਂ 59 ਸਾਲ ਦੀ ਉਮਰ ਦੇ ਲੋਕਾਂ ਲਈ ਮੌਤ ਦਾ ਮੁੱਖ ਕਾਰਨ ਡਰੱਗਜ਼ ਦਾ ਜ਼ਹਿਰੀਲਾਪਣ ਹੈ।

# ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦਸੰਬਰ 'ਚ ਕਰਨਗੇ ਭਾਰਤ ਦਾ ਦੌਰਾ



**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦਸੰਬਰ ਵਿਚ ਭਾਰਤ ਦੇ ਕਰਨਾਟਕ ਦਾ ਦੌਰਾ ਕਰਨਗੇ। ਇੱਥੇ ਮਾਂਡਿਆ ਵਿਚ, ਉਹ ਬੋਧੀ ਗੁਰੂ ਦਲਾਈ ਲਾਮਾ ਦੇ ਨਾਲ ਇੱਕ ਅੰਤਰਰਾਸ਼ਟਰੀ ਯੋਗਾ ਅਤੇ ਧਿਆਨ ਕੇਂਦਰ ਦਾ ਨੀਂਹ ਪੱਥਰ ਰੱਖਣਗੇ। ਭੂਤਾਈ ਟਰੱਸਟ ਦੀ ਪ੍ਰਧਾਨ ਡਾ. ਲਕਸ਼ਮੀ ਨਰਸਿਮਹਾਮੂਰਤੀ ਅਤੇ ਅਮਰੀਕੀ ਡਾਕਟਰ ਅਤੇ ਮਾਂਡਿਆ ਜ਼ਿਲ੍ਹੇ ਦੇ ਇੰਚਾਰਜ ਮੰਤਰੀ ਚੇਲੁਵਰਾਇਆ ਸਵਾਮੀ ਦੀ ਅਗਵਾਈ ਹੇਠ ਇੱਕ ਵਫ਼ਦ ਵੀਰਵਾਰ ਨੂੰ ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਨੂੰ ਮਿਲਿਆ। ਵਫ਼ਦ ਨੇ ਦਸੰਬਰ ਵਿਚ ਬਰਾਕ ਓਬਾਮਾ ਦੀ ਮਾਂਡਿਆ ਫੇਰੀ ਬਾਰੇ ਚਰਚਾ ਕੀਤੀ। ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਤਿੱਬਤੀ ਧਾਰਮਿਕ ਨੇਤਾ ਦਲਾਈ ਲਾਮਾ ਟਰੱਸਟ ਦੁਆਰਾ ਬਣਾਏ ਜਾ ਰਹੇ ਅੰਤਰਰਾਸ਼ਟਰੀ ਯੋਗਾ ਅਤੇ ਧਿਆਨ ਕੇਂਦਰ ਦਾ ਨੀਂਹ ਪੱਥਰ ਰੱਖਣ ਲਈ ਦਸੰਬਰ ਵਿਚ ਹਾਲੇਗੇਰੇ, ਮਾਂਡਿਆ ਪਹੁੰਚਣਗੇ। ਜ਼ਿਕਰਯੋਗ ਹੈ ਕਿ ਪੀ.ਐੱਮ. ਮੋਦੀ ਦੇ ਹਾਲੀਆ ਅਮਰੀਕਾ ਦੌਰੇ ਦੌਰਾਨ ਸਾਬਕਾ ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਭਾਰਤ ਵਿਚ ਧਰਮ ਦੀ ਆਜ਼ਾਦੀ ਨੂੰ ਲੈ ਕੇ ਬਿਆਨ ਦਿੱਤਾ ਸੀ। ਇਸ 'ਤੇ ਉਹ ਆਪਣੇ ਹੀ ਦੇਸ਼ ਵਿਚ ਘਿਰੇ ਨਜ਼ਰ ਆਏ। ਨਾਲ ਹੀ ਭਾਰਤ ਦੇ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਉਨ੍ਹਾਂ ਨੂੰ ਘੇਰ ਲਿਆ।







# ਮਲੇਸ਼ੀਆ ਏਅਰਲਾਈਨ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਕਰੇਗੀ ਸ਼ੁਰੂ

- **ਵਿਦੇਸ਼ ਵੱਸਦੇ ਪੰਜਾਬੀ ਭਾਈਚਾਰੇ ਵਿਚ ਖ਼ੁਸ਼ੀ ਦੀ ਲਹਿਰ**
- **ਆਸਟਰੇਲੀਆ, ਨਿਊਜ਼ੀਲੈਂਡ ਸਣੇ ਕਈ ਮੁਲਕਾਂ ਤੋਂ ਹਵਾਈ ਯਾਤਰਾ ਹੋਵੇਗੀ ਹੋਰ ਸੁਖਾਲੀ: ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ**





**ਅੰਮ੍ਰਿਤਸਰ, (ਪੰਜਾਬ ਮੇਲ)-** ਆਸਟਰੇਲੀਆ, ਨਿਊਜ਼ੀਲੈਂਡ, ਥਾਈਲੈਂਡ, ਹਾਂਗਕਾਂਗ ਅਤੇ ਕਈ ਹੋਰ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਵਿਚ ਰਹਿੰਦੇ ਪੰਜਾਬੀ ਭਾਈਚਾਰੇ ਲਈ ਇੱਕ ਵੱਡੀ ਖ਼ੁਸ਼ਖਬਰੀ ਹੈ। ਮਲੇਸ਼ੀਆ ਦੀ ਸਭ ਤੋਂ ਵੱਡੀ ਮੰਨੀ ਜਾਣ ਵਾਲੀ ਮਲੇਸ਼ੀਆ ਏਅਰਲਾਈਨ ਆਉਣ ਵਾਲੇ ਸਰਦੀਆਂ ਦੇ ਮੌਸਮ ਵਿਚ 8 ਨਵੰਬਰ ਤੋਂ ਕੁਆਲਾਲੰਪੁਰ ਤੋਂ ਪੰਜਾਬ ਦੇ ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਜਾ ਰਹੀ ਹੈ।

ਅੰਮ੍ਰਿਤਸਰ ਦੇ ਨਵੇਂ ਮਹੱਤਵਪੂਰਨ ਹਵਾਈ ਸੰਪਰਕ ਬਾਰੇ ਇੱਕ ਸਾਂਝੇ ਬਿਆਨ ਵਿਚ ਜਾਣਕਾਰੀ ਦਿੰਦੇ ਹੋਏ ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਕਨਵਨੀਰ ਇੰਡੀਆ ਤੇ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੇ ਸਕੱਤਰ ਯੋਗੇਸ਼ ਕਾਮਰਾ ਨੇ ਦੱਸਿਆ ਕਿ ਮਲੇਸ਼ੀਆ ਏਅਰਲਾਈਨ ਕੁਆਲਾਲੰਪੁਰ ਤੋਂ ਅੀਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਵਾਲੀ ਮਲੇਸ਼ੀਆ ਦੀ ਤੀਜੀ ਏਅਰਲਾਈਨ ਬਣਨ ਜਾ ਰਹੀ ਹੈ। ਵਰਤਮਾਨ ਵਿਚ ਬੈਟਿਕ ਏਅਰ ਹਫਤੇ ਵਿਚ ਤਿੰਨ ਦਿਨ, ਜਦੋਂਕਿ ਏਅਰ ਏਸ਼ੀਆ ਐਕਸ 3 ਸਤੰਬਰ ਤੋਂ ਇਸ ਰੂਟ 'ਤੇ ਹਫਤੇ ਵਿਚ ਚਾਰ ਦਿਨ ਇਹਨਾਂ ਉਡਾਣਾਂ ਦਾ ਸੰਚਾਲਨ ਕਰੇਗੀ।

ਮਲੇਸ਼ੀਆ ਏਅਰਲਾਈਨ ਦੀ ਵੈੱਬਸਾਈਟ 'ਤੇ ਉਪਲੱਬਧ ਸਮਾਂ ਸੂਚੀ ਅਨੁਸਾਰ, ਏਅਰਲਾਈਨ ਹਫਤੇ 'ਚ ਹਰ ਬੁੱਧਵਾਰ ਅਤੇ ਸ਼ਨੀਵਾਰ ਵਾਲੇ ਦਿਨ ਆਪਣੇ 160-ਸੀਟਾਂ (144 ਇਕਾਨਮੀ ਅਤੇ 16 ਬਿਜ਼ਨਸ ਕਲਾਸ) ਦੇ ਬੋਇੰਗ 737 ਜਹਾਜ਼ ਨਾਲ ਉਡਾਣਾਂ ਦਾ ਸੰਚਾਲਨ ਕਰੇਗੀ। ਕੁਆਲਾਲੰਪੁਰ ਤੋਂ ਸ਼ਾਮ 6:50 ਵਜੇ ਰਵਾਨਾ ਹੋ ਕੇ, ਇਹ ਉਡਾਣ ਅੰਮ੍ਰਿਤਸਰ ਵਿਖੇ ਰਾਤ 10:10 ਵਜੇ ਪਹੁੰਚੇਗੀ। ਅੰਮ੍ਰਿਤਸਰ ਤੋਂ ਫਿਰ ਰਾਤ 11:25 ਵਜੇ ਰਵਾਨਾ ਹੋ ਕੇ ਮਲੇਸ਼ੀਆ ਦੀ ਅਗਲੀ ਸਵੇਰ ਨੂੰ 7:30 ਵਜੇ ਕੁਆਲਾਲੰਪੁਰ ਪਹੁੰਚੇਗੀ।

ਇਸ ਨਵੀਂ ਉਡਾਣ ਦੇ ਐਲਾਨ 'ਤੇ ਆਪਣੀ ਖੁਸ਼ੀ ਜ਼ਾਹਰ ਕਰਦੇ ਹੋਏ, ਗੁਮਟਾਲਾ ਨੇ ਕਿਹਾ, "ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਵਲੋਂ ਲਗਾਤਾਰ ਅੰਕੜਿਆਂ ਅਤੇ ਹੋਰ ਮਹੱਤਵਪੂਰਨ ਜਾਣਕਾਰੀ ਸਣੇ ਏਅਰਲਾਈਨਾਂ ਕੋਲ ਅੰਮ੍ਰਿਤਸਰ ਲਈ ਦੁਨੀਆਂ ਦੇ ਵੱਖ-ਵੱਖ ਮੁਲਕਾਂ ਜਿੱਥੇ ਵੱਡੀ ਗਿਣਤੀ ਵਿਚ ਪੰਜਾਬੀ ਭਾਈਚਾਰਾ ਵੱਸਦਾ ਹੈ ਨਾਲ ਹਵਾਈ ਸੰਪਰਕ ਲਈ ਅਣਥੱਕ ਮਿਹਨਤ ਨਾਲ ਵਕਾਲਤ ਕੀਤੀ ਜਾ ਰਹੀ ਹੈ। ਅਗਸਤ 2018 ਵਿਚ ਸ਼ੁਰੂ ਹੋਈ ਏਅਰ ਏਸੀਆ ਐਕਸ, ਲੰਡਨ ਆਦਿ ਕਈ ਉਡਾਣਾਂ ਇਸੇ ਮੁਹਿੰਮ ਦਾ ਨਤੀਜਾ ਹਨ।"

ਕਾਮਰਾ ਨੇ ਅੱਗੇ ਦੱਸਿਆ ਕਿ ਮਲੇਸ਼ੀਆ ਏਅਰਲਾਈਨਜ਼ ਕੁਆਲਾਲੰਪੁਰ ਰਾਹੀਂ ਸਿਰਫ ਦੋ ਤੋਂ ਤਿੰਨ ਘੰਟਿਆਂ ਵਿਚ ਯਾਤਰੀਆਂ ਨੂੰ ਮੈਲਬੋਰਨ, ਸਿਡਨੀ, ਪਰਥ, ਐਡੀਲੇਡ, ਔਕਲੈਂਡ, ਬੈਂਕਾਕ, ਫੂਕੇਟ, ਹਾਂਗਕਾਂਗ, ਮਨੀਲਾ ਅਤੇ ਕਈ ਹੋਰ ਸ਼ਹਿਰਾਂ ਨੂੰ ਜੋੜੇਗੀ। ਵਿਦੇਸ਼ ਵੱਸਦੇ ਪੰਜਾਬੀ ਭਾਈਚਾਰੇ ਕੋਲ ਹੁਣ ਦਿੱਲੀ ਰਾਹੀਂ ਖੱਜਲ-ਖੁਆਰ ਹੋਣ ਦੀ ਬਜਾਏ ਮਲੇਸ਼ੀਆਂ ਦੀਆਂ ਇਨ੍ਹਾਂ ਵੱਖ-ਵੱਖ ਏਅਰਲਾਈਨਾਂ ਅਤੇ ਸਕੂਟ-ਸਿੰਗਾਪੁਰ ਏਅਰਲਾਈਨ 'ਤੇ ਸਿੱਧਾ ਅੰਮਿਤਸਰ ਪਹੁੰਚਣ ਦੇ ਕਈ ਵਿਕਲਪ ਉਪਲੱਬਧ ਹੋਣਗੇ, ਘੱਟ ਸਮਾਂ ਲੱਗੇਗਾ ਅਤੇ ਕਿਰਾਇਆ ਵੀ ਘੱਟ ਹੋਵੇਗਾ। ਇਸ ਨਾਲ ਖੇਤਰ ਵਿਚ ਸੈਰ-ਸਪਾਟੇ ਨੂੰ ਹੋਰ ਹੁਲਾਰਾ ਮਿਲਣ ਦੀ ਉਮੀਦ ਹੈ।

ਗੁਮਟਾਲਾ ਅਤੇ ਕਾਮਰਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ-ਮੰਤਰੀ ਭਗਵੰਤ ਮਾਨ ਨੂੰ ਅੰਮ੍ਰਿਤਸਰ ਹਵਾਈ ਅੱਡੇ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ। ਭਾਰਤ ਅਤੇ ਵਿਸ਼ਵ ਦੀਆਂ ਕਈ ਏਅਰਲਾਈਨਾਂ ਹੁਣ ਇੱਥੋਂ ਸਿੱਧੀਆਂ ਉਡਾਣਾਂ ਸ਼ੁਰੂ ਕਰ ਰਹੀਆਂ ਹਨ। ਉਨ੍ਹਾਂ ਨੇ ਧਿਆਨ ਦਿਵਾਇਆ ਕਿ ਹਵਾਈ ਅੱਡੇ ਨੂੰ ਅੰਮ੍ਰਿਤਸਰ ਸ਼ਹਿਰ ਅਤੇ ਪੰਜਾਬ ਦੇ ਹੋਰਨਾਂ ਸ਼ਹਿਰਾਂ ਨਾਲ ਜੋੜਨ ਲਈ ਬੱਸ ਸੇਵਾ ਦੀ ਅਣਹੋਂਦ ਸੂਬਾ ਸਰਕਾਰ ਵਲੋਂ ਇਸ ਹਵਾਈ ਅੱਡੇ ਲਈ ਬੁਨਿਆਦੀ ਲੋੜਾਂ ਦੀ ਅਣਦੇਖੀ ਨੂੰ ਉਜਾਗਰ ਕਰਦੀ ਹੈ। ਇਸ ਤੋਂ ਇਲਾਵਾ, ਪੰਜਾਬ ਦੇ ਆਰਥਿਕ ਵਿਕਾਸ ਵਿਚ ਇਸ ਏਅਰਪੋਰਟ ਦੇ ਮਹੱਤਵਪੂਰਨ ਯੋਗਦਾਨ ਦੇ ਬਾਵਜੂਦ, ਹਵਾਈ ਅੱਡੇ ਤੋਂ ਉਡਾਣਾਂ ਸੰਬੰਧੀ ਪੰਜਾਬ ਦੀਆਂ ਸਮੇਂ ਦੀਆਂ ਸਰਕਾਰਾਂ ਨੇ ਬਹੁਤ ਘੱਟ ਪ੍ਰਚਾਰ ਦੇ ਯਤਨ ਕੀਤੇ ਹਨ।

ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਦਿੱਲੀ ਹਵਾਈ ਅੱਡੇ ਲਈ ਸਰਕਾਰੀ ਬੱਸ ਸੇਵਾ ਸ਼ੁਰੂ ਕਰ ਦਿੱਤੀ ਗਈ ਪਰ ਵਰਤਮਾਨ ਵਿਚ, ਹਵਾਈ ਅੱਡਾ ਲੰਡਨ, ਬਰਮਿੰਘਮ, ਮਿਲਾਨ, ਰੋਮ, ਦੁਬਈ, ਸ਼ਾਰਜਾਹ, ਦੋਹਾ, ਸਿੰਗਾਪੁਰ ਅਤੇ ਕੁਆਲਾਲੰਪੁਰ ਨਾਲ ਜੁੜਿਆ ਹੈ। ਏਅਰ ਇੰਡੀਆ, ਏਅਰ ਇੰਡੀਆ ਐਕਸਪ੍ਰੈੱਸ, ਇੰਡੀਗੋ, ਸਪਾਈਸਜੈੱਟ, ਕਤਰ ਏਅਰਵੇਜ਼, ਸਕੂਟ, ਬਾਟਿਕ ਏਅਰ, ਏਅਰ ਏਸ਼ੀਆ ਐਕਸ ਅਤੇ ਨਿਓਸ ਏਅਰਲਾਈਨ ਇੱਥੋਂ ਅੰਤਰਰਾਸ਼ਟਰੀ ਉਡਾਣਾਂ ਦਾ ਸੰਚਾਲਨ ਕਰ ਰਹੀਆਂ ਹਨ। ਹਫਤੇ ਵਿਚ ਅੰਮ੍ਰਿਤਸਰ ਤੋਂ 400 ਤੋਂ ਵੱਧ ਅੰਤਰਰਾਸ਼ਟਰੀ ਅਤੇ ਘਰੇਲੂ ਉਡਾਣਾਂ ਦੀ ਰਵਾਨਗੀ ਅਤੇ ਆਮਦ ਹੋਣ ਦੇ ਬਾਵਜੂਦ ਪੰਜਾਬ ਦੀਆਂ ਪਿਛਲੀਆਂ ਅਤੇ ਮੌਜੂਦਾ ਸਰਕਾਰ ਦਾ ਬੱਸ ਸੇਵਾ ਮੁਹੱਈਆ ਕਰਵਾਉਣ ਦੀ ਮੰਗ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ, ਹਾਲਾਂਕਿ ਇਸ ਸਮੇਂ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਵੀ ਮਾਝੇ ਤੋਂ ਹਨ।

# ਵਟਸਐਪ ਨੇ ਜੁਲਾਈ 'ਚ 72 ਲੱਖ ਤੋਂ ਜ਼ਿਆਦਾ ਖਾਤਿਆਂ 'ਤੇ ਲਗਾਈ ਪਾਬੰਦੀ


**ਵਾਸ਼ਿੰਗਟਨ, (ਪੰਜਾਬ ਮੇਲ)-** ਸੋਸ਼ਲ ਮੀਡੀਆ ਕੰਪਨੀ ਵਟਸਐਪ ਨੇ ਜੁਲਾਈ ਮਹੀਨੇ 'ਚ ਪਲੇਟਫਾਰਮ ਤੋਂ 72 ਲੱਖ ਭਾਰਤੀ ਖਾਤਿਆਂ ਨੂੰ ਬੈਨ ਕਰ ਦਿੱਤਾ ਹੈ। ਇਹ ਕਾਰਵਾਈ ਆਈ.ਟੀ. ਨਿਯਮ 2021 ਦੇ ਤਹਿਤ ਕੀਤੀ ਗਈ ਹੈ।




ਸੋਸ਼ਲ ਮੀਡੀਆ ਕੰਪਨੀਆਂ ਨੂੰ ਆਈ.ਟੀ. ਨਿਯਮ 2021 ਦੇ ਤਹਿਤ ਹਰ ਮਹੀਨੇ ਮਾਸਿਕ ਯੂਜ਼ਰ ਸੇਫਟੀ ਰਿਪੋਰਟ ਜਾਰੀ ਕਰਨੀ ਪੈਂਦੀ ਹੈ। ਮੇਟਾ ਨੇ ਜੁਲਾਈ ਮਹੀਨੇ ਲਈ ਵਟਸਐਪ ਸੇਫਟੀ ਰਿਪੋਰਟ ਜਾਰੀ ਕੀਤੀ ਹੈ। ਕੰਪਨੀ ਨੇ ਜੁਲਾਈ 'ਚ ਪਲੇਟਫਾਰਮ ਤੋਂ 72 ਲੱਖ ਭਾਰਤੀ ਖਾਤਿਆਂ 'ਤੇ ਪਾਬੰਦੀ ਲਗਾ ਦਿੱਤੀ ਹੈ। ਕੰਪਨੀ ਨੇ ਕਿਹਾ ਕਿ 1 ਤੋਂ 31 ਜੁਲਾਈ ਦਰਮਿਆਨ ਉਸ ਨੇ 72,28,000 ਵਟਸਐਪ ਖਾਤਿਆਂ ਨੂੰ ਬੈਨ ਕਰ ਦਿੱਤਾ ਹੈ, ਜਦਕਿ 31,08,000 ਖਾਤਿਆਂ ਨੂੰ ਬਿਨਾਂ ਕਿਸੇ ਸ਼ਿਕਾਇਤ ਦੇ ਪਹਿਲਾਂ ਹੀ ਬੈਨ ਕਰ ਦਿੱਤਾ ਗਿਆ ਹੈ। ਇਨ੍ਹਾਂ ਖਾਤਿਆਂ ਨੂੰ ਕੰਪਨੀ ਨੇ ਆਪਣੀ ਨਿਗਰਾਨੀ ਹੇਠ ਬੈਨ ਕੀਤਾ ਹੈ।

ਜੁਲਾਈ ਵਿਚ ਬਹੁਤ ਸਾਰੀਆਂ ਸ਼ਿਕਾਇਤਾਂ ਮਿਲੀਆਂ ਸਨ। ਵਟਸਐਪ ਦੇ ਭਾਰਤ ਵਿਚ 550 ਮਿਲੀਅਨ ਤੋਂ ਵੱਧ ਸਰਗਰਮ ਉਪਭੋਗਤਾ ਹਨ। ਜੁਲਾਈ ਮਹੀਨੇ ਵਿਚ ਕੰਪਨੀ ਨੂੰ ਰਿਕਾਰਡ 11,067 ਸ਼ਿਕਾਇਤਾਂ ਮਿਲੀਆਂ, ਜਿਨ੍ਹਾਂ ਵਿਚੋਂ ਕੰਪਨੀ ਨੇ 72 'ਤੇ ਕਾਰਵਾਈ ਕੀਤੀ। "ਅਕਾਊਂਟ ਐਕਸ਼ਨਡ" ਉਨ੍ਹਾਂ ਰਿਪੋਰਟਾਂ ਨੂੰ ਦਰਸਾਉਂਦਾ ਹੈ, ਜਿੱਥੇ ਕੰਪਨੀ ਨੇ ਰਿਪੋਰਟ ਦੇ ਆਧਾਰ 'ਤੇ ਉਪਚਾਰਕ ਕਾਰਵਾਈ ਕੀਤੀ ਹੈ, ਜਦੋਂਕਿ ਰਿਪੋਰਟ ਅਤੇ ਕਾਰਵਾਈ ਦਾ ਮਤਲਬ ਜਾਂ ਤਾਂ ਖਾਤੇ 'ਤੇ ਪਾਬੰਦੀ ਲਗਾਉਣਾ ਜਾਂ ਪਹਿਲਾਂ ਪਾਬੰਦੀਸ਼ੁਦਾ ਖਾਤੇ ਨੂੰ ਬਹਾਲ ਕਰਨਾ ਹੈ। ਵਟਸਐਪ ਮੁਤਾਬਕ ਯੂਜ਼ਰ ਸੇਫਟੀ ਰਿਪੋਰਟ ਦੱਸਦੀ ਹੈ ਕਿ ਕੰਪਨੀ ਨੂੰ ਕਿੰਨੀਆਂ ਸ਼ਿਕਾਇਤਾਂ ਮਿਲੀਆਂ ਹਨ ਅਤੇ ਪਲੇਟਫਾਰਮ ਨੂੰ ਸੁਰੱਖਿਅਤ ਰੱਖਣ ਲਈ ਕੰਪਨੀ ਨੇ ਕੀ ਕਾਰਵਾਈ ਕੀਤੀ ਹੈ। ਇਸ ਤੋਂ ਇਲਾਵਾ ਵਟਸਐਪ ਨੇ ਕਿਹਾ ਕਿ 1 ਜੁਲਾਈ ਤੋਂ 31 ਜੁਲਾਈ ਦਰਮਿਆਨ ਸ਼ਿਕਾਇਤ ਅਪੀਲੀ ਕਮੇਟੀ ਤੋਂ ਪੰਜ ਆਦੇਸ਼ ਪ੍ਰਾਪਤ ਹੋਏ ਸਨ ਅਤੇ ਇਨ੍ਹਾਂ ਦੀ ਪਾਲਣਾ ਕੀਤੇ ਗਏ ਹੁਕਮ ਵੀ ਪੰਜ ਸਨ। ਮੇਟਾ ਨੇ ਇਹ ਵੀ ਕਿਹਾ ਕਿ ਵਟਸਐਪ ਤੋਂ ਇਲਾਵਾ, ਇਸ ਨੇ ਜੁਲਾਈ 2023 ਵਿਚ ਭਾਰਤ ਵਿਚ ਫੇਸਬੁੱਕ ਤੋਂ 21 ਮਿਲੀਅਨ ਖਰਾਬ ਸਮੱਗਰੀ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਤੋਂ ਇਲਾਵਾ, ਜੁਲਾਈ 2023 ਵਿਚ ਹੀ, ਇੰਸਟਾਗ੍ਰਾਮ ਤੋਂ 5.9 ਮਿਲੀਅਨ ਖਰਾਬ ਸਮੱਗਰੀ ਨੂੰ ਵੀ ਮਿਟਾਇਆ ਗਿਆ ਸੀ।

ਇੰਨੇ ਸਾਰੇ ਖਾਤਿਆਂ 'ਤੇ ਪਾਬੰਦੀ ਕਿਉਂ ਲਗਾਈ ਗਈ ਹੈ? ਵਟਸਐਪ ਨੇ ਕੰਪਨੀ ਦੇ ਨਿਯਮਾਂ ਅਤੇ ਸ਼ਰਤਾਂ ਦੇ ਖਿਲਾਫ ਜਾ ਕੇ ਪਲੇਟਫਾਰਮ 'ਤੇ ਸਰਗਰਮ ਹੋਣ ਵਾਲੇ ਖਾਤਿਆਂ 'ਤੇ ਪਾਬੰਦੀ ਲਗਾ ਦਿੱਤੀ ਹੈ।




# ਆਸਟ੍ਰੇਲੀਆ 'ਚ 'ਕਾਮਿਆਂ' ਨੂੰ ਰਾਹਤ ਦੇਣ ਲਈ ਲਿਆਂਦਾ ਜਾ ਰਿਹੈ ਕਾਨੂੰਨ!

**ਸਿਡਨੀ, (ਪੰਜਾਬ ਮੇਲ)-** ਆਸਟ੍ਰੇਲੀਅਨ ਸਰਕਾਰ ਵੱਲੋਂ ਪ੍ਰਸਤਾਵਿਤ ਨਵੇਂ ਕਾਨੂੰਨਾਂ ਤਹਿਤ ਜਾਣਬੁੱਝ ਕੇ ਕਾਮਿਆਂ ਨੂੰ ਘੱਟ ਤਨਖਾਹ ਦੇਣ ਵਾਲੇ ਮਾਲਕਾਂ ਨੂੰ ਜੇਲ੍ਹ ਅਤੇ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ। ਇਸ ਕਾਨੂੰਨ ਨਾਲ ਆਸਟ੍ਰੇਲੀਆ ਵਿਚ ਕੰਮ ਕਰ ਰਹੇ ਪੰਜਾਬੀ ਭਾਈਚਾਰੇ ਨੂੰ ਬਹੁਤ ਫ਼ਾਇਦਾ ਹੋਵੇਗਾ। ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਅਨੁਸਾਰ ਕੰਮ ਵਾਲੀ ਥਾਂ ਦੇ ਸਬੰਧਾਂ ਬਾਰੇ ਮੰਤਰੀ ਟੋਨੀ ਬੁਰਕੇ ਨੇ ਐਤਵਾਰ ਨੂੰ ਆਸਟ੍ਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ (ਏ.ਬੀ.ਸੀ.) ਨੂੰ ਦੱਸਿਆ ਕਿ ਉਹ



ਸੰਸਦ ਵਿਚ ਉਦਯੋਗਿਕ ਸਬੰਧਾਂ ਵਿਚ ਬਦਲਾਅ ਲਈ ਕਾਨੂੰਨ ਪੇਸ਼ ਕਰਨਗੇ। ਪ੍ਰਸਤਾਵਿਤ ਕਾਨੂੰਨਾਂ ਦੇ ਤਹਿਤ ਜਾਣਬੁੱਝ ਕੇ ਤਨਖਾਹ ਚੋਰੀ ਮਾਮਲੇ 'ਚ ਸ਼ਾਮਲ ਪਾਏ ਜਾਣ ਵਾਲੇ ਮਾਲਕਾਂ ਲਈ ਵੱਧ ਤੋਂ ਵੱਧ ਅਪਰਾਧਿਕ ਸਜ਼ਾ ਨੂੰ ਵਧਾ ਕੇ 10 ਸਾਲ ਦੀ ਕੈਦ ਅਤੇ 7.8 ਮਿਲੀਅਨ ਆਸਟ੍ਰੇਲੀਅਨ ਡਾਲਰ (5.03 ਮਿਲੀਅਨ ਡਾਲਰ) ਤੱਕ ਦਾ ਜੁਰਮਾਨਾ ਲਗਾਇਆ ਜਾਵੇਗਾ ਜਾਂ ਇਸ ਰਕਮ ਤੋਂ ਤਿੰਨ ਗੁਣਾ ਵੱਧ ਜੁਰਮਾਨਾ ਲਗਾਇਆ ਜਾਵੇਗਾ। ਇਹ ਕਾਨੂੰਨ ਇੱਕ "ਲੂਪਹੋਲ" ਮਤਲਬ ਖਾਮੀਆਂ ਨੂੰ ਬੰਦ ਕਰ ਦੇਵੇਗਾ। ਉਨ੍ਹਾਂ ਨੇ ਕਿਹਾ ਕਿ "ਜੇਕਰ ਮਾਲਕ ਜਾਣਬੁੱਝ ਕੇ ਕਾਮੇ ਦੀ ਤਨਖਾਹ ਵਿਚੋਂ ਪੈਸੇ ਰੋਕਦਾ ਹੈ, ਇਹ ਕੋਈ ਅਪਰਾਧਿਕ ਅਪਰਾਧ ਨਹੀਂ ਹੈ। ਇਹ ਇੱਕ ਸਾਧਾਰਨ ਕਮੀ ਹੈ, ਇਸਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ। ਇੱਥੇ ਉਦੇਸ਼ ਲੋਕਾਂ ਨੂੰ ਜੇਲ੍ਹ ਭੇਜਣਾ ਨਹੀਂ ਹੈ। ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਨੂੰ ਸਹੀ ਢੰਗ ਨਾਲ ਭੁਗਤਾਨ ਕੀਤਾ ਜਾਵੇ।"

## ਜ਼ੇਲੇਂਸਕੀ ਵੱਲੋਂ ਰੱਖਿਆ ਮੰਤਰੀ ਓਲੇਕਸੀ ਬਰਖ਼ਾਸਤ

**ਯੂਕਰੇਨ, (ਪੰਜਾਬ ਮੇਲ)-** ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਐਤਵਾਰ ਨੂੰ ਕਿਹਾ ਕਿ ਇਸ ਹਫਤੇ ਓਲੇਕਸੀ ਰੇਜ਼ਨੀਕੋਵ ਦੀ ਥਾਂ ਕ੍ਰੀਮੀਆ ਦੇ ਤਾਤਾਰ ਸਾਂਸਦ ਰੁਸਤਮ ਉਮੇਰੋਵ ਨੂੰ ਦੇਸ਼ ਦਾ ਨਵਾਂ ਰੱਖਿਆ ਮੰਤਰੀ ਨਿਯੁਕਤ ਕੀਤਾ ਜਾਵੇਗਾ। ਜ਼ੇਲੇਂਸਕੀ ਨੇ ਆਪਣੇ ਅਧਿਕਾਰਤ ਟੈਲੀਗ੍ਰਾਮ ਅਕਾਉਂਟ 'ਤੇ ਇਹ ਘੋਸ਼ਣਾ ਕਰਦੇ ਹੋਏ ਲਿਖਿਆ ਕਿ ਉਮੇਰੋਵ ਨੇ "550 ਦਿਨਾਂ ਤੋਂ ਵੱਧ ਸਮੇਂ ਤੱਕ ਵੱਡੇ ਪੱਧਰ ਦੀ ਜੰਗ ਦੀ ਅਗਵਾਈ ਕੀਤੀ ਹੈ, ਜਿਸ ਤੋਂ ਬਾਅਦ ਨਵੀਂ ਲੀਡਰਸ਼ਿਪ ਦੀ ਲੋੜ ਮਹਿਸੂਸ ਹੋ ਰਹੀ ਹੈ।"

ਜ਼ੇਲੇਂਸਕੀ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ "ਰੱਖਿਆ ਮੰਤਰਾਲਾ ਨੂੰ ਨਵੇਂ ਦ੍ਰਿਸ਼ਟੀਕੋਣ ਨਾਲ ਅੱਗੇ ਵਧਣ ਅਤੇ ਫੌਜ ਅਤੇ ਸਮਾਜ ਦੋਵਾਂ ਨਾਲ ਗੱਲਬਾਤ ਲਈ ਵੱਖ-ਵੱਖ ਰੂਪਾਂ ਦੀ ਲੋੜ ਹੈ।"

## ਸਫਾ 1 ਦਾ ਬਾਕੀ ਅਮਰੀਕਾ 'ਚ 1 ਲੱਖ ਤੋਂ ਵੱਧ ਭਾਰਤੀ ਬੱਚਿਆਂ...

ਪ੍ਰਣਾਲੀ ਦੇ ਅਧਾਰ 'ਤੇ ਅਮਰੀਕਾ ਵਿਚ ਨਹੀਂ ਰਹਿ ਸਕਦਾ ਹੈ। ਇਹੀ ਕਾਰਨ ਹੈ ਕਿ ਐੱਚ-1ਬੀ ਵੀਜ਼ਾ ਤਹਿਤ ਅਮਰੀਕਾ ਗਏ ਭਾਰਤੀ ਗ੍ਰੀਨ ਕਾਰਡ ਲੈਣਾ ਚਾਹੁੰਦੇ ਹਨ, ਤਾਂ ਜੋ ਉਨ੍ਹਾਂ ਨੂੰ ਆਪਣੇ ਪਰਿਵਾਰ ਨਾਲ ਰਹਿਣ ਦਾ ਮੌਕਾ ਮਿਲ ਸਕੇ। ਹਾਲਾਂਕਿ ਗ੍ਰੀਨ ਕਾਰਡ ਦੀ ਪ੍ਰਕਿਰਿਆ ਪੂਰੀ ਹੋਣ ਤੱਕ ਐੱਚ-4 ਵੀਜ਼ਾ 'ਤੇ ਅਮਰੀਕਾ 'ਚ ਰਹਿ ਰਹੇ 1.34 ਲੱਖ ਭਾਰਤੀ ਬੱਚੇ 21 ਸਾਲ ਤੋਂ ਵੱਧ ਉਮਰ ਦੇ ਹੋਣਗੇ ਅਤੇ ਉਨ੍ਹਾਂ ਨੂੰ ਦੇਸ਼ ਛੱਡਣਾ ਹੋਵੇਗਾ।

ਜੇਕਰ ਇੰਦਾਂ ਹੁੰਦਾ ਹੈ ਤਾਂ ਬੱਚਿਆਂ ਨੂੰ ਆਪਣੇ ਪਰਿਵਾਰ ਅਤੇ ਮਾਪਿਆਂ ਤੋਂ ਜ਼ਬਰਦਸਤੀ ਵੱਖ ਹੋਣਾ ਪਵੇਗਾ। ਇਸ ਦਾ ਕਾਰਨ ਇਹ ਹੈ ਕਿ ਨੌਕਰੀ ਲਈ ਪ੍ਰਾਪਤ ਐੱਚ-1ਬੀ ਵੀਜ਼ਾ ਤਹਿਤ ਮਾਪਿਆਂ ਨੂੰ ਅਮਰੀਕਾ ਵਿਚ ਰਹਿਣ ਦਾ ਅਧਿਕਾਰ ਹੋਵੇਗਾ। ਪਰ ਬੱਚਿਆਂ ਦੇ ਵੀਜ਼ੇ ਦੀ ਮਿਆਦ ਖਤਮ ਹੋ ਜਾਵੇਗੀ। ਅਜਿਹੇ 'ਚ ਉਨ੍ਹਾਂ ਨੂੰ ਜਾਂ ਤਾਂ ਭਾਰਤ ਪਰਤਣਾ ਹੋਵੇਗਾ ਜਾਂ ਫਿਰ ਕਿਸੇ ਹੋਰ ਦੇਸ਼ 'ਚ ਰਹਿਣ ਲਈ ਜਾਣਾ ਹੋਵੇਗਾ।

ਹਾਲਾਂਕਿ, ਆਪਣੇ ਮਾਪਿਆਂ ਤੋਂ ਵੱਖ ਹੋਏ ਬੱਚਿਆਂ ਕੋਲ ਅਮਰੀਕਾ ਵਿਚ ਰਹਿਣ ਦਾ ਵਿਕਲਪ ਵੀ ਹੈ। ਜੇਕਰ ਉਹ ਚਾਹੁਣ ਤਾਂ ਐੱਫ-1 ਜਾਂ ਵਿਦਿਆਰਥੀ ਵੀਜ਼ਾ ਲੈ ਕੇ ਅਮਰੀਕਾ ਵਿਚ ਰਹਿ ਸਕਦੇ ਹਨ। ਪਰ ਇਸ ਦੇ ਲਈ ਉਨ੍ਹਾਂ ਨੂੰ ਲੱਖਾਂ ਰੁਪਏ ਯੂਨੀਵਰਸਿਟੀ ਫੀਸ ਦੇਣੀ ਪਵੇਗੀ। ਜੇਕਰ ਉਨ੍ਹਾਂ ਨੂੰ ਅਮਰੀਕਾ ਵਿਚ ਰਹਿਣ ਅਤੇ ਪੜ੍ਹਾਈ ਕਰਨ ਦਾ ਮੌਕਾ ਮਿਲਦਾ ਹੈ, ਤਾਂ ਵੀ ਉਨ੍ਹਾਂ ਲਈ 'ਇੰਪਲਾਇਟ ਆਥੋਰਾਈਜ਼ੇਸ਼ਨ ਡਾਕੂਮੈਂਟ' (ਈ.ਏ.ਡੀ.) ਹਾਸਲ ਕਰਨਾ ਮੁਸ਼ਕਲ ਹੋ ਜਾਵੇਗਾ। ਜੇਕਰ ਉਹ ਪੜ੍ਹਾਈ ਤੋਂ ਬਾਅਦ ਈ.ਏ.ਡੀ. ਪ੍ਰਾਪਤ ਕਰ ਲੈਂਦੇ ਹਨ, ਤਾਂ ਉਹ ਲੰਬੇ ਸਮੇਂ ਤੱਕ ਅਮਰੀਕਾ ਵਿਚ ਰਹਿ ਸਕਦੇ ਹਨ।

## ਅਮਰੀਕਾ ਅਗਲੇ 2 ਸਾਲਾਂ 'ਚ ਹਜ਼ਾਰਾਂ ਖੁਦਮੁਖਤਿਆਰ ਜੰਗੀ ਰੋਬੋਟ ਤਿਆਰ ਕਰਨ ਦੀ ਬਣਾ ਰਿਹੈ ਯੋਜਨਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਉਪ ਰੱਖਿਆ ਮੰਤਰੀ ਕੈਥਲੀਨ ਹਿਕਸ ਨੇ ਇਕ ਭਾਸ਼ਣ ਵਿਚ ਐਲਾਨ ਕੀਤਾ ਕਿ ਚੀਨ ਦੀ ਵਧਦੀ ਤਾਕਤ ਨੂੰ ਦੇਖਦੇ ਹੋਏ ਉਨ੍ਹਾਂ ਦੇ ਦੇਸ਼ ਦੀ ਫੌਜ ਅਗਲੇ 2 ਸਾਲਾਂ ਵਿਚ ਹਜ਼ਾਰਾਂ ਖੁਦਮੁਖਤਿਆਰ ਹਥਿਆਰ ਪ੍ਰਣਾਲੀਆਂ ਦੀ ਵਰਤੋਂ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ। ਅਮਰੀਕਾ ਦੀ ਰਿਪਲੀਕੇਟਰ ਪਹਿਲ ਦਾ ਉਦੇਸ਼ ਫੌਜ ਦੀਆਂ ਸਾਰੀਆਂ ਸ਼ਾਖਾਵਾਂ ਲਈ ਵੱਡੀ ਗਿਣਤੀ 'ਚ ਕਿਫਾਇਤੀ ਪ੍ਰਣਾਲੀਆਂ ਦਾ ਉਤਪਾਦਨ ਕਰਨ ਲਈ ਰੱਖਿਆ ਅਤੇ ਹੋਰ ਤਕਨਾਲੋਜੀ ਕੰਪਨੀਆਂ ਨਾਲ ਤਾਲਮੇਲ ਕਰਨਾ ਹੈ।



ਪਿਛਲੇ ਲਗਭਗ ਇਕ ਦਹਾਕੇ ਤੋਂ ਵੱਖ-ਵੱਖ ਪੱਧਰਾਂ ਵਿਚ ਆਜ਼ਾਦ ਸੰਚਾਲਨ ਲਈ ਸਮੱਰਥ ਫੌਜੀ ਪ੍ਰਣਾਲੀਆਂ ਤੇਜ਼ੀ ਨਾਲ ਆਮ ਵਾਂਗ ਹੋਈਆਂ ਹਨ ਪਰ ਅਮਰੀਕੀ ਐਲਾਨ ਸਪੱਸ਼ਟ ਕਰਦਾ ਹੈ ਕਿ ਜੰਗ ਦਾ ਭਵਿੱਖ ਬਦਲ ਗਿਆ ਹੈ- ਲੜਾਕੇ ਰੋਬੋਟ ਦਾ ਦੌਰ ਆ ਗਿਆ ਹੈ। ਵਿਚਾਰ ਨੂੰ ਹਕੀਕਤ ਵਿਚ ਬਦਲਣ ਦਾ ਸਮਾਂ ਆ ਗਿਆ ਹੈ। ਪਿਛਲੇ ਦਹਾਕੇ ਵਿਚ, ਫੌਜੀ ਉਦੇਸ਼ਾਂ ਲਈ ਉੱਨਤ ਰੋਬੋਟਿਕ ਪ੍ਰਣਾਲੀਆਂ ਦਾ ਮਹੱਤਵਪੂਰਨ ਵਿਕਾਸ ਹੋਇਆ ਹੈ। ਇਨ੍ਹਾਂ ਵਿਚੋਂ ਕਈ ਤਾਂ ਸੰਸ਼ੋਧਿਤ ਵਪਾਰਕ ਤਕਨਾਲੋਜੀ 'ਤੇ ਆਧਾਰਿਤ ਹਨ, ਜੋ ਆਪਣੇ ਆਪ ਵਿਚ ਵਧੇਰੇ ਸਮਰਥ, ਸਸਤੀ ਅਤੇ ਵਿਆਪਕ ਤੌਰ 'ਤੇ ਉਪਲਬਧ ਹੋ ਗਈ ਹੈ। ਹਾਲ ਹੀ ਵਿਚ, ਧਿਆਨ ਇਸ ਗੱਲ 'ਤੇ ਪ੍ਰਯੋਗ ਕਰਨ 'ਤੇ ਕੇਂਦਰਿਤ ਹੋ ਗਿਆ ਹੈ ਕਿ ਜੰਗ ਵਿਚ ਇਨ੍ਹਾਂ ਦੀ ਸਭ ਤੋਂ ਵਧੀਆ ਵਰਤੋਂ ਕਿਵੇਂ ਕੀਤੀ ਜਾਵੇ। ਯੂਕਰੇਨ ਵਿਚ ਰੂਸ ਦੀ ਜੰਗ ਨੇ ਦਿਖਾ ਦਿੱਤਾ ਹੈ ਕਿ ਅਸਲ ਦੁਨੀਆਂ ਵਿਚ ਤਾਇਨਾਤੀ ਲਈ ਤਕਨਾਲੋਜੀ ਤਿਆਰ ਹੈ। ਬਖਤਰਬੰਦ ਵਾਹਨਾਂ ਅਤੇ ਤੋਪਖਾਨੇ ਦਾ ਪਤਾ ਲਗਾਉਣ ਅਤੇ ਉਨ੍ਹਾਂ 'ਤੇ ਹਮਲਾ ਕਰਨ ਲਈ ਰੋਬੋਟ ਹਵਾਈ ਵਾਹਨ ਦੀ ਵਿਆਪਕ ਤੌਰ 'ਤੇ ਵਰਤੋਂ ਕੀਤੀ ਗਈ ਹੈ।

## ਸਫਾ 1 ਦਾ ਬਾਕੀ ਦੁਨੀਆਂ ਦੇ ਟਾਪ-10 ਅਰਬਪਤੀਆਂ 'ਚ ਐਲੋਨ ਮਸਕ ਚੋਟੀ...

ਇਸ ਦੇ ਨਾਲ ਹੀ ਲੈਰੀ ਐਲੀਸਨ ਦੀ ਕੁੱਲ ਸੰਪਤੀ 134 ਬਿਲੀਅਨ ਡਾਲਰ ਹੈ, ਉਹ ਚੌਥੇ ਨੰਬਰ 'ਤੇ ਹੈ। ਬਿਲ ਗੇਟਸ ਪੰਜਵੇਂ ਸਥਾਨ 'ਤੇ ਹਨ। ਉਸ ਦੀ ਸੰਪਤੀ 129 ਬਿਲੀਅਨ ਡਾਲਰ ਹੈ, ਜਦੋਂਕਿ ਲੈਰੀ ਪੇਜ ਦੀ ਕੁੱਲ ਜਾਇਦਾਦ 122 ਬਿਲੀਅਨ ਡਾਲਰ ਹੈ ਅਤੇ ਉਹ ਛੇਵੇਂ ਨੰਬਰ 'ਤੇ ਹੈ।

ਇਸ ਤੋਂ ਬਾਅਦ ਸੱਤਵੇਂ ਸਥਾਨ 'ਤੇ ਵਾਰੇਨ ਬਫੇ, ਅੱਠਵੇਂ ਸਥਾਨ 'ਤੇ ਸਰਗੇਈ ਬ੍ਰਿਨ, ਨੌਵੇਂ ਸਥਾਨ 'ਤੇ ਸਟੀਵ ਬਾਲਮਰ ਅਤੇ ਦਸਵੇਂ ਸਥਾਨ 'ਤੇ ਮਾਰਕ ਜ਼ੁਕਰਬਰਗ ਹਨ।


ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਦੀ ਜਾਇਦਾਦ ਵਿਚ ਵਾਧਾ ਹੋਇਆ ਹੈ। ਪਿਛਲੇ 24 ਘੰਟਿਆਂ ਵਿਚ ਉਸਦੀ ਜਾਇਦਾਦ ਵਿਚ 670 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਹੁਣ ਉਨ੍ਹਾਂ ਦੀ ਕੁੱਲ ਸੰਪਤੀ (ਮੁਕੇਸ਼ ਅੰਬਾਨੀ ਨੈੱਟਵਰਥ) 91.2 ਬਿਲੀਅਨ ਡਾਲਰ ਹੋ ਗਈ ਹੈ। ਇਸ ਵਾਧੇ ਤੋਂ ਬਾਅਦ ਉਹ ਦੁਨੀਆਂ ਦੇ ਅਰਬਪਤੀਆਂ ਦੀ ਸੂਚੀ 'ਚ 12ਵੇਂ ਸਥਾਨ 'ਤੇ ਹੈ।

ਪਿਛਲੇ ਹਫਤੇ ਰਿਲਾਇੰਸ ਇੰਡਸਟਰੀਜ਼ ਦੇ ਐੱਮ-ਕੈਪ 'ਚ ਭਾਰੀ ਗਿਰਾਵਟ ਆਈ ਹੈ। ਇਸ ਤੋਂ ਬਾਅਦ ਵੀ ਇਹ ਭਾਰਤ ਦੀ ਸਭ ਤੋਂ ਕੀਮਤੀ ਕੰਪਨੀ ਦੀ ਸੂਚੀ 'ਚ ਨੰਬਰ-1 'ਤੇ ਹੈ।

ਭਾਰਤੀ ਉਦਯੋਗਪਤੀ ਗੌਤਮ ਅਡਾਨੀ ਦੀ ਜਾਇਦਾਦ ਵਿਚ ਵਾਧਾ ਹੋਇਆ ਹੈ। ਪਿਛਲੇ 24 ਘੰਟਿਆਂ 'ਚ ਉਨ੍ਹਾਂ ਦੀ ਕੁੱਲ ਜਾਇਦਾਦ 'ਚ 8015 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਇਸ ਤੋਂ ਬਾਅਦ ਉਨ੍ਹਾਂ ਦੀ ਨੈੱਟਵਰਥ (ਗੌਤਮ ਅਡਾਨੀ ਨੈੱਟਵਰਥ) 62.8 ਬਿਲੀਅਨ ਡਾਲਰ ਹੋ ਗਈ ਹੈ। ਉਹ ਦੁਨੀਆ ਦੇ ਅਰਬਪਤੀਆਂ ਦੀ ਸੂਚੀ 'ਚ 21ਵੇਂ ਸਥਾਨ 'ਤੇ ਹੈ।







## ਅਮਰੀਕੀ ਮਜ਼ਦੂਰ ਦਿਵਸ ’ਤੇ ਵਿਸ਼ੇਸ਼

# ਅਮਰੀਕੀ ਮਜ਼ਦੂਰ ਦਿਵਸ ਦਾ ਇਤਿਹਾਸਿਕ ਪਿਛੋਕੜ

ਡਾ. ਚਰਨਜੀਤ ਸਿੰਘ ਗੁਮਟਾਲਾ
001-937-573-9812 ਡੇਟਨ, ਓਹਾਇਓ ਯੂ.ਐੱਸ.ਏ., ਵਟਸਐਪ : 91-94175-33060



(Punjab Mail USA)

ਦੁਨੀਆਂ ਭਰ ਵਿਚ 1 ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਪਰ ਅਮਰੀਕਾ ਤੇ ਕੈਨੇਡਾ ਵਿਚ ਮਜ਼ਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਮਨਾਇਆ ਜਾਂਦਾ ਹੈ, ਹਾਲਾਂਕਿ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦਾ ਜਨਮ-ਦਾਤਾ ਵੀ ਅਮਰੀਕਾ ਹੀ ਹੈ। ਇਸ ਸਾਲ ਇਨ੍ਹਾਂ ਦੋਵਾਂ ਮੁਲਕਾਂ ਵਿਚ ਇਹ ਦਿਨ 4 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਦਿਨ ਦੋਵਾਂ ਦੇਸ਼ਾਂ ਵਿਚ ਕੌਮੀ ਛੁੱਟੀ ਹੁੰਦੀ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜਦ ਬਾਕੀ ਸਾਰੀ ਦੁਨੀਆਂ ਵਿਚ ਇਹ ਦਿਵਸ ਪਹਿਲੀ ਮਈ ਮਨਾਇਆ ਜਾਂਦਾ ਹੈ, ਤਾਂ ਇਨ੍ਹਾਂ ਦੋਵਾਂ ਮੁਲਕਾਂ ਵਿਚ ਕਿਉਂ ਨਹੀਂ? ਅਮਰੀਕੀ ਹਾਕਮ ਮਈ ਦਿਵਸ ਨੂੰ ਕਮਿਊਨਿਸਟ ਪੱਖੀ ਤੇ ਅਰਾਜਕਤਾ (ਅਨਾਰਕਿਸਟ) ਸਮਝਦੇ ਹਨ। ਜਿਵੇਂ ਦੀਵਾਲੀ ਵਾਲੇ ਦਿਨ ਭਾਰਤ ਵਿਚ ਕਾਰਖਾਨੇਦਾਰ ਮਜ਼ਦੂਰਾਂ ਨੂੰ ਤੋਹਫ਼ੇ ਦਿੰਦੇ ਹਨ, ਉਸੇ ਤਰ੍ਹਾਂ ਅਮਰੀਕਾ ਤੇ ਕੈਨੇਡਾ ਵਿਚ ਵੀ ਮਾਲਕ ਆਪਣੇ ਨੌਕਰਾਂ ਦੀ ਖ਼ੂਬ ਸੇਵਾ ਕਰਦੇ ਹਨ। ਇਹ ਦਿਨ ਉਨ੍ਹਾਂ ਅਮਰੀਕਾ ਕਾਮਿਆਂ ਨੂੰ ਸਮਰਪਿਤ ਹੈ, ਜਿਨ੍ਹਾਂ ਨੇ ਦੇਸ਼ ਨੂੰ ਖੁਸ਼ਹਾਲ ਬਣਾਇਆ ਅਤੇ ਇਸ ਦੀ ਭਲਾਈ ਲਈ ਕੰਮ ਕੀਤਾ। ਅਮਰੀਕੀ ਕਿਰਤੀ ਨੇ ਨਾ ਕੇਵਲ ਅਮਰੀਕਾ, ਸਗੋਂ ਸਾਰੀ ਦੁਨੀਆਂ ਲਈ ਰਾਹ ਦਸੇਰਾ ਦਾ ਕੰਮ ਕੀਤਾ ਹੈ।

ਜਿੱਥੋਂ ਤੱਕ ਇਸ ਦਿਨ ਦੀ ਸ਼ੁਰੂਆਤ ਦਾ ਸੰਬੰਧ ਹੈ, 1880 ਵਿਚ ਮੰਦਵਾੜੇ ਨੇ ਅਮਰੀਕਾ ਨੂੰ ਬਹੁਤ ਨੁਕਸਾਨ ਪਹੁੰਚਾਇਆ। ਮੰਦੇ ਕਾਰਨ ਮਜ਼ਦੂਰਾਂ ਦੀ ਤਨਖਾਹ ਘੱਟ ਗਈ ਅਤੇ ਬੇਰੁਜ਼ਗਾਰੀ ਵਿਚ ਭਾਰੀ ਵਾਧਾ ਹੋਇਆ। ਇਸ ਮੌਕੇ ’ਤੇ ਨਾਇਟਸ ਆਫ਼ ਲੇਬਰ ਨਾਂ ਦੀ ਜਥੇਬੰਦੀ ਮਜ਼ਦੂਰਾਂ ਦੀ ਮਦਦ ਲਈ ਅੱਗੇ ਆਈ। ਉਸ ਨੇ ਮਜ਼ਦੂਰਾਂ ਦੀਆਂ ਪ੍ਰੰਪਰਾਗਤ ਮੰਗਾਂ, ਜਿਨ੍ਹਾਂ ਵਿਚ ਦਿਨ ਵਿਚ ਕੰਮ ਕਰਨ ਦਾ ਸਮਾਂ 8 ਘੰਟੇ ਕਰਨ, ਸਹਿਕਾਰੀ ਅਦਾਰੇ ਸਥਾਪਤ ਕਰਨ, ਬਾਲ ਮਜ਼ਦੂਰੀ ਉਪਰ ਪਾਬੰਦੀ ਲਾਉਣ, ਔਰਤਾਂ ਤੇ ਮਰਦਾਂ ਨੂੰ ਬਰਾਬਰ ਤਨਖਾਹ ਦੇਣ, ਮਜ਼ਦੂਰੀ ਅੰਕੜਿਆਂ ਲਈ ਵੱਖਰਾ ਬਿਊਰੋ ਸਥਾਪਤ ਕਰਨ, ਜੇਲ੍ਹ ਮਜ਼ਦੂਰੀ ਲਈ ਠੇਕੇਦਾਰੀ ਪ੍ਰਣਾਲੀ ਖ਼ਤਮ ਕਰਨ, ਪੜਾਅਵਾਰ ਇਨਕਮ ਟੈਕਸ ਲਾਉਣ, ਰੇਲਵੇ ਤੇ ਟੈਲੀਗ੍ਰਾਫ ਵਿਭਾਗ ਸਰਕਾਰ ਨੂੰ ਸੌਂਪਣ, ਪਬਲਿਕ ਜ਼ਮੀਨ ਅਸਲੀ ਆਬਾਦਕਾਰਾਂ ਲਈ ਰਿਜ਼ਰਵ ਕਰਨ ਆਦਿ ਸ਼ਾਮਲ ਸਨ, ਨੂੰ ਲੈ ਕੇ 5 ਸਤੰਬਰ 1882 ਨੂੰ ਨਿਊਯਾਰਕ ਸਿਟੀ ਵਿਚ ਇੱਕ ਬਹੁਤ ਵੱਡੀ ਪਰੇਡ ਦਾ ਆਯੋਜਨ



ਕੀਤਾ। ਇਸ ਦਿਨ ਮੰਗਲਵਾਰ ਸੀ। ਮਜ਼ਦੂਰਾਂ ਨੇ ਆਪਣੀ ਤਨਖਾਹ ਕਟਾਕੇ ਇਸ ਪਰੇਡ ਵਿਚ ਭਾਗ ਲਿਆ। ਨਿਊਯਾਰਕ ਦੇ ਜਿਹੜੇ ਮਜ਼ਦੂਰ ਇਸ ਪਰੇਡ ਵਿਚ ਸ਼ਾਮਲ ਨਾ ਹੋਏ, ਉਨ੍ਹਾਂ ਨੂੰ ਯੂਨੀਅਨ ਨੇ ਜੁਰਮਾਨਾ ਕੀਤਾ। ਇਸ ਪਰੇਡ ਵਿਚ ਨਿਊਯਾਰਕ ਸਿਟੀ ਦੇ ਸੈਂਟਰਲ ਲੇਬਰ ਯੂਨੀਅਨ ਦੇ ਸੈਕਟਰੀ ਮੈਥਿਊ ਮੈਗਾਇਰ ਨੇ ਇਸ ਦਿਨ ਲੇਬਰ ਡੇ ਦੇ ਤੌਰ ’ਤੇ ਛੁੱਟੀ ਕਰਨ ਦੀ ਤਜਵੀਜ਼ ਰੱਖੀ।

ਨਾਇਟਸ ਆਫ ਲੇਬਰ ਜਥੇਬੰਦੀ ਦੀ ਨੀਂਹ 9 ਦਸੰਬਰ, 1869 ਨੂੰ ਫਿਲਾਡੈਲਫੀਆ ਵਿਖੇ 9 ਦਰਜ਼ੀਆਂ ਨੇ ਹੁਨਰਮੰਦ ਤੇ ਗ਼ੈਰ-ਹੁਨਰਮੰਦ ਕਾਮਿਆਂ ਦੀ ਇੱਕ ਸਾਂਝੀ ਜਥੇਬੰਦੀ ਬਨਾਉਣ ਲਈ ਰੱਖੀ ਸੀ। ਸਟੀਫਨਸ ਜੋ ਕਿ ਪੇਸ਼ੇ ਵਜੋਂ ਦਰਜ਼ੀ ਸੀ, ਇਸ ਦਾ ਲੀਡਰ ਸੀ। ਹੌਲੀ-ਹੌਲੀ ਇਸ ਵਿਚ ਸਭ ਤਰ੍ਹਾਂ ਦੇ ਕਾਮੇ ਸ਼ਾਮਲ ਹੋ ਗਏ ਤੇ ਇਹ ਇੱਕ ਮਜ਼ਬੂਤ ਜਥੇਬੰਦੀ ਬਣ ਗਈ। ਅਸਲ ਵਿਚ ਇਸ ਲਾਮਬੰਦੀ ਪਿੱਛੇ ਅਮਰੀਕੀ ਗ੍ਰਹਿ ਯੁੱਧ (1861-1865) ਸੀ, ਜਿਸ ਨੇ ਕਿਰਤੀਆਂ ਨੂੰ ਜਾਗਰੂਕ ਕੀਤਾ ਤੇ ਉਹ ਆਪਣੇ ਹੱਕਾਂ ਲਈ ਲਾਮਬੰਦ ਹੋਣੇ ਸ਼ੁਰੂ ਹੋਏ।

5 ਸਤੰਬਰ, 1883 ਨੂੰ ਸੈਂਟਰਲ ਲੇਬਰ ਯੂਨੀਅਨ ਵਲੋਂ ਦੂਜਾ ਮਜ਼ਦੂਰ ਦਿਵਸ ਛੁੱਟੀ ਦੇ ਤੌਰ ’ਤੇ ਮਨਾਇਆ ਗਿਆ। ਪਰ 1884 ਵਿਚ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਗਿਆ। 1894 ਵਿਚ ਯੂ.ਐੱਸ. ਕਾਂਗਰਸ ਨੇ ਇਸ ਨੂੰ ਕੌਮੀ ਛੁੱਟੀ ਵਜੋਂ ਮਾਨਤਾ ਦਿੱਤੀ। ਇਸ ਦਿਨ ਪਰੇਡਾਂ ਹੁੰਦੀਆਂ ਹਨ, ਮਜ਼ਦੂਰਾਂ ਤੇ ਰਾਜਨੀਤਿਕ ਆਗੂਆਂ ਵੱਲੋਂ ਭਾਸ਼ਨ ਦਿੱਤੇ ਜਾਂਦੇ ਹਨ।

ਜਿੱਥੋਂ ਤੱਕ 1 ਮਈ ਨੂੰ ਬਾਕੀ ਦੇਸ਼ਾਂ ਵਿਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਉਣ ਦਾ ਸੰਬੰਧ ਹੈ, ਇਸ ਦਾ ਪਿਛੋਕੜ ਵੀ ਅਮਰੀਕਾ ਨਾਲ ਜੁੜਿਆ ਹੋਇਆ ਹੈ। ਇਕ ਮਈ 1886 ਨੂੰ ਅਮੈਰਿਕਨ ਲੇਬਰ ਫੇਡਰੇਸ਼ਨ ਨੇ ਕੰਮ ਦਾ ਸਮਾਂ 8 ਘੰਟੇ ਕਰਨ ਦੀ ਮੰਗ ਨੂੰ ਲੈ ਕੇ ਦੇਸ਼ ਭਰ ਵਿਚ ਹੜਤਾਲ ਕਰਨ ਦਾ ਐਲਾਨ ਕੀਤਾ। ਇਸ ਹੜਤਾਲ ਨੂੰ ਭਰਵਾਂ ਹੁੰਗਾਰਾ ਮਿਲਿਆ। ਲੱਖਾਂ ਕਾਮੇ ਕੰਮ ਛੱਡ ਕੇ ਹੜਤਾਲ ਵਿਚ ਸ਼ਾਮਲ ਹੋ ਗਏ ਤੇ ਦਿਨ-ਬ-ਦਿਨ ਹੜਤਾਲੀ ਕਾਮਿਆਂ ਦੀ ਗਿਣਤੀ ਵੱਧਣ ਲੱਗੀ। 3 ਮਈ ਨੂੰ ਮਜ਼ਦੂਰ ਆਗੂ ਅਗਸਤ ਸਪਾਇਸ ਸ਼ਿਕਾਗੋ ਵਿਖੇ ਮੈਕ ਕਾਰਮਿਕ ਰੀਪਰ ਪਲਾਂਟ ਦੇ ਕਾਮਿਆਂ ਨੂੰ ਸੰਬੋਧਨ ਕਰ ਰਿਹਾ ਸੀ ਕਿ ਪੁਲਿਸ ਨੇ ਕੈਪਟਨ ਬੋਨਫੀਲਡ ਦੀ ਅਗਵਾਈ ਵਿਚ ਆ ਕੇ ਗੋਲੀ ਚਲਾਈ, ਜਿਸ ਨਾਲ ਦੋ ਕਾਮੇ ਮਾਰੇ ਗਏ। ਰਾਤ ਨੂੰ ਮਜ਼ਦੂਰ ਆਗੂਆਂ ਨੇ ਮੀਟਿੰਗ ਕਰਕੇ ਇਨ੍ਹਾਂ ਮੌਤਾਂ ਦੇ ਰੋਸ ਵਜੋਂ ਰੈਲੀ ਕਰਨ ਦਾ ਫੈਸਲਾ ਕੀਤਾ। 4 ਮਈ ਨੂੰ ਸ਼ਿਕਾਗੋ ਦੇ ਹੇਅ ਮਾਰਕੀਟ ਸੁਕੇਅਰ ਵਿਚ ਇੱਕ ਜ਼ਬਰਦਸਤ ਰੈਲੀ ਕੀਤੀ ਗਈ। 176 ਪੁਲਿਸ ਕਰਮਚਾਰੀਆਂ ਨੇ ਇਸ ਰੈਲੀ ਨੂੰ ਖਿਡਾਉਣ ਲਈ ਕਾਮਿਆਂ ਉਪਰ ਮਿਲਟਰੀ ਦੀ ਤਰ੍ਹਾਂ ਹਮਲਾ ਕੀਤਾ। ਕਿਸੇ ਅਗਿਆਤ ਵਿਅਕਤੀ ਨੇ ਇੱਕ ਡੈਨੇਮਾਇਟ ਬੰਬ ਸੁੱਟਿਆ, ਜਿਸ ਨਾਲ ਇੱਕ ਪੁਲਿਸ ਅਫ਼ਸਰ ਮਾਰਿਆ ਗਿਆ ਤੇ ਕਈ ਜ਼ਖ਼ਮੀ ਹੋ ਗਏ। ਇਸ ਦੇ ਜੁਆਬ ਵਿਚ ਪੁਲਿਸ ਨੇ ਗੋਲੀ ਚਲਾ ਦਿੱਤੀ। ਘੱਟੋ-ਘੱਟ 4 ਮਜ਼ਦੂਰ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ। ਪੁਲਿਸ ਦੀ ਆਪਣੀ ਗੋਲੀ ਨਾਲ 6 ਪੁਲਿਸ ਕਰਮਚਾਰੀ ਵੀ ਮਾਰੇ ਗਏ। ਬੰਬ ਸੁੱਟਣ ਵਾਲੇ ਦਾ ਕੋਈ ਥਹੁ-ਪਤਾ ਨਾ ਲੱਗਾ। ਪੁਲਿਸ ਨੇ ਮੀਟਿੰਗ ਵਿਚ ਭਾਸ਼ਨ ਦੇਣ ਵਾਲਿਆਂ ਅਤੇ ਪ੍ਰਬੰਧਕਾਂ ਨੂੰ ਫੜ ਲਿਆ। ਮਜ਼ਦੂਰ ਆਗੂ ਅਲਬਰਟ ਪਾਰਸਨਸ ਬਚ ਨਿਕਲਿਆ, ਪਰ ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਵੀ ਆਪਣੇ ਸਾਥੀਆਂ ਨਾਲ ਮੁਕੱਦਮੇ ਵਿਚ ਸ਼ਾਮਲ ਹੋ ਗਿਆ। ਅੱਠ ਆਗੂਆਂ ਉਪਰ ਮੁਕੱਦਮਾ ਚਲਾਇਆ ਗਿਆ। ਸੱਤਾਂ ਨੂੰ ਫ਼ਾਂਸੀ ਦੀ ਸਜ਼ਾ ਅਤੇ ਇੱਕ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਇਸ ਮੁਕੱਦਮੇ ਵਿਚ ਬਚਾਅ ਪੱਖ ਦੇ ਵਕੀਲ ਨੂੰ ਸੁਣਿਆ ਨਾ ਗਿਆ ਤੇ ਜਿਸ ਜੱਜ ਕੋਲ ਇਹ ਮੁਕੱਦਮਾ ਲੱਗਿਆ, ਉਹ ਮਜ਼ਦੂਰ ਵਿਰੋਧੀ ਸੀ। 11 ਨਵੰਬਰ, 1887 ਨੂੰ ਫ਼ਾਂਸੀ ਦੇਣ ਦੀ ਮਿਤੀ ਤਹਿ ਕੀਤੀ ਗਈ। 10 ਨਵੰਬਰ ਨੂੰ ਗਵਰਨਰ ਨੇ 2 ਦੀ ਸਜ਼ਾ ਘੱਟ ਕਰਕੇ ਉਮਰ ਕੈਦ ਕਰ ਦਿੱਤੀ। ਇਸ ਤਰ੍ਹਾਂ ਉਨ੍ਹਾਂ ਨੂੰ ਫ਼ਾਂਸੀ ਲੱਗਣ ਤੋਂ ਬਚਾ ਲਿਆ ਗਿਆ। ਲਾਉਸ ਲਿੰਗ ਨੇ ਧਮਾਕਾਯੋਗ ਡੈਨੇਮਾਇਟ ਟੋਪੀ ਚੱਕ ਮਾਰ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ ਤੇ ਬਾਕੀ ਚਾਰ ਆਗੂਆਂ ਜਿਨ੍ਹਾਂ ਵਿਚ ਅਗਸਤ ਸਪਾਇਸ, ਅਡਲਫ ਫਿਸ਼ਰ, ਐਲਬਰਟ ਪਾਰਨਸ ਅਤੇ ਜਾਰਜ ਏਜੰਲਸ ਸ਼ਾਮਲ ਸਨ, ਨੂੰ 11 ਨਵੰਬਰ ਨੂੰ ਫ਼ਾਂਸੀ ਦਿੱਤੀ ਗਈ। ਇਸ ਦਿਨ ਨੂੰ "ਬਲੈਕ ਫਰਾਈਡੇ" ਕਰਕੇ ਜਾਣਿਆ ਜਾਂਦਾ ਹੈ।

1893 ਵਿਚ ਉਨ੍ਹਾਂ ਦੀ ਯਾਦ ਵਿਚ ਹੇਅ ਮਾਰਕੀਟ ਸ਼ਹੀਦੀ ਸਮਾਰਕ ਬਣਾਇਆ ਗਿਆ, ਜੋ 25 ਜੂਨ, 1893 ਨੂੰ ਸਮਰਪਿਤ ਕੀਤਾ ਗਿਆ। ਇਸ ਯਾਦਗਾਰ ਦੇ ਮੱਥੇ ’ਤੇ ਅਗਸਤ ਸਪਾਇਸ ਦੇ ਆਖਰੀ ਸ਼ਬਦ ਉਕਰੇ ਹੋਏ ਹਨ। ਅਗਲੇ ਦਿਨ ਸੂਬਾਈ ਗਵਰਨਰ ਨੇ 3 ਬਚੇ ਹੋਏ ਲੀਡਰਾਂ ਪਾਸੋਂ ਮਾਫੀ ਮੰਗੀ ਕਿਉਂਕਿ ਅਮਰੀਕੀ ਸੰਵਿਧਾਨ ਪੁਰ-ਅਮਨ ਢੰਗ ਨਾਲ ਇਕੱਠੇ ਹੋਣ ਤੇ ਆਪਣੀ ਗੱਲ ਕਹਿਣ ਦਾ ਹੱਕ ਦਿੰਦਾ ਹੈ ਪਰ ਜੱਜ ਨੇ ਇਨ੍ਹਾਂ ਅਧਿਕਾਰਾਂ ਦਾ ਖਿਆਲ ਨਹੀਂ ਰੱਖਿਆ। 1889 ਵਿਚ ਦੂਜੀ ਸੋਸ਼ਲਿਸਟ ਇੰਟਰਨੈਸ਼ਨਲ ਦੀ ਪਹਿਲੀ ਪੈਰਿਸ ਕਾਂਗਰਸ ਨੇ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਲੇਬਰ-ਡੇ ਮਨਾਉਣ ਦਾ ਫੈਸਲਾ ਕੀਤਾ। ਉਸ ਦਿਨ ਤੋਂ ਭਾਰਤ ਸਮੇਤ ਸਾਰੇ ਦੇਸ਼ਾਂ ਵਿਚ 1 ਮਈ ਨੂੰ ਅੰਤਰਾਸ਼ਟਰੀ ਮਜ਼ਦੂਰ ਦਿਵਸ ਦੇ ਤੌਰ ’ਤੇ ਮਨਾਇਆ ਜਾਂਦਾ ਹੈ।


ਇਸ ਪਿੱਛੋਂ ਅਮਰੀਕੀ ਕਿਰਤੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲਣ ਲੱਗੀਆਂ। ਕਿਰਤੀਆਂ ਨੂੰ 65 ਸਾਲ ਪਿੱਛੋਂ ਪੈਨਸ਼ਨ ਮਿਲਣ ਲੱਗੀ। ਸਮਾਜਿਕ ਸੁਰੱਖਿਆ ਮੁਹੱਈਆ ਹੋਣ ਲੱਗੀ। ਕਿਰਤੀਆਂ ਨੂੰ ਛਾਂਟੀ ਸਮੇਂ ਵਿਸ਼ੇਸ਼ ਰਾਸ਼ੀ ਦਿੱਤੀ ਜਾਣ ਲੱਗੀ। ਹੁਣ ਵੀ 6 ਮਹੀਨੇ ਤੋਂ ਵੱਧ ਨੌਕਰੀਆਂ ਤੋਂ ਹਟਾਏ ਕਾਮਿਆਂ ਨੂੰ ਸਰਕਾਰ ਵੱਲੋਂ ਸਹਾਇਤਾ ਕੀਤੀ ਜਾ ਰਹੀ ਹੈ। ਕੰਮ ਦੇ ਘੰਟੇ ਨਿਸ਼ਚਿਤ ਹੋਣ ਲੱਗੇ ਤੇ ਸਰਕਾਰ ਕੰਮ ਕਰਨ ਦੇ ਘੱਟੋ-ਘੱਟ ਦਰ ਨਿਸ਼ਚਿਤ ਕਰਨ ਲੱਗੀ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ


e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ‘ਜੋ ਦਿਖਾ, ਸੋ ਲਿਖਾ’

# ਮਾਨ ਸਰਕਾਰ ਨੂੰ ਪੰਚਾਇਤਾਂ ਤੋੜਨ ਦਾ ਫੁਰਮਾਨ ਲੈਣਾ ਪਿਆ ਵਾਪਸ

## ਪਟਵਾਰੀਆਂ ਦੀ ਹੜਤਾਲ ’ਤੇ “ਐਸਮਾ” ਲਗਾ ਕੇ ਬੁਰੀ ਫਸੀ ਸਰਕਾਰ


**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)




ਪੰਜਾਬ ਵਿਚ ਬਦਲਾਅ ਕਰਨ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਬਹੁਤ ਸਾਰੇ ਵਿਵਾਦਾਂ ਵਿਚ ਘਿਰ ਚੁੱਕੀ ਹੈ ਅਤੇ ਚਾਰੇ ਪਾਸੇ ਭਾਰੀ ਕਿਰਕਰੀ ਹੋ ਰਹੀ ਹੈ। ਪਿਛਲੇ ਦਿਨਾਂ ਵਿਚ ਸਰਕਾਰ ਨੇ ਦੋ ਵੱਡੇ ਫੈਸਲੇ ਲਏ ਨੇ, ਜਿਨ੍ਹਾਂ ਕਰਕੇ ਸਰਕਾਰ ਦੀ ਭਾਰੀ ਕਿਰਕਿਰੀ ਹੋ ਰਹੀ ਹੈ ਅਤੇ ਪੂਰੀ ਤਰ੍ਹਾਂ ਵਿਰੋਧੀਆਂ ਦੇ ਨਿਸ਼ਾਨੇ ’ਤੇ ਆ ਚੁੱਕੀ ਹੈ। ਭਗਵੰਤ ਮਾਨ ਦੇ ਇਨ੍ਹਾਂ ਦੋ ਫੈਸਲਿਆਂ ਵਿਚੋਂ ਇਕ ਚੁਣੀਆਂ ਪੰਚਾਇਤੀ ਸੰਸਥਾਵਾਂ ਨੂੰ ਭੰਗ ਕਰਨ ਅਤੇ ਦੂਜਾ ਪਟਵਾਰੀਆਂ ਅਤੇ ਕਾਨੂੰਨਗੋਆਂ ਦੀ ਕਲਮ ਛੋੜ ਹੜਤਾਲ ਖ਼ਿਲਾਫ਼ ਸਭ ਤੋਂ ਸਖ਼ਤ ਐਸਮਾ ਐਕਟ ਲਗਾਉਣਾ ਹੈ। ਇਨ੍ਹਾਂ ਦੋਵੇਂ ਫੈਸਲਿਆਂ ਤੋਂ ਸਰਕਾਰ ਦੀਆਂ ਤਾਨਾਸ਼ਾਹੀ ਪ੍ਰਵਿਰਤੀਆਂ ਅਤੇ ਆਪਹੁਦਰੇਪਣ ਦੀ ਸਪੱਸ਼ਟ ਝਲਕ ਦਿੱਸਦੀ ਹੈ ਅਤੇ ਮਾਨ ਸਰਕਾਰ ਦੀ ਜਨਤਾ ਵਿਚ ਭਰੋਸੇਯੋਗਤਾ ਨੂੰ ਭਾਰੀ ਝਟਕਾ ਲੱਗਾ ਹੈ ।

### ਪੰਚਾਇਤਾਂ ਤੋੜਨ ’ਤੇ ਯੂ ਟਰਨ

ਪੰਜਾਬ ਸਰਕਾਰ ਵਲੋਂ ਸੂਬੇ ਦੀਆਂ ਸੂਬੇ ’ਚ 13241 ਪੰਚਾਇਤਾਂ, 157 ਪੰਚਾਇਤ ਸਮਿਤੀਆਂ ਤੇ 23 ਜ਼ਿਲ੍ਹਾ ਪਰਿਸ਼ਦ ਪ੍ਰੀਸ਼ਦਾਂ ਬਲਾਕ ਸੰਮਤੀਆਂ 10 ਅਗਸਤ ਨੂੰ ਇਕ ਨੋਟੀਫਿਕੇਸ਼ਨ ਰਾਹੀਂ ਭੰਗ ਕਰ ਦਿੱਤੀਆਂ ਗਈਆਂ। ਜ਼ਿਲ੍ਹਾ ਪ੍ਰੀਸ਼ਦਾਂ ਬਲਾਕ ਅਤੇ ਸੰਮਤੀਆਂ ਦੀ ਚੋਣ 25 ਨਵੰਬਰ 2023 ਤੱਕ ਅਤੇ ਪੰਚਾਇਤੀ ਚੋਣਾਂ 31 ਦਸੰਬਰ 2023 ਤੱਕ ਕਰਵਾਉਣ ਦਾ ਐਲਾਨ ਕੀਤਾ ਗਿਆ, ਜਿਸ ਨਾਲ ਪੰਚਾਇਤੀ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਹੋਇਆ। ਇਨ੍ਹਾਂ ਸੰਸਥਾਵਾਂ ਲਈ 1,00,312 ਨੁਮਾਇੰਦੇ ਚੁਣੇ ਜਾਣੇ ਨੇ, ਜਿਨ੍ਹਾਂ ਵਿਚ 41,922 ਔਰਤਾਂ ਹੋਣਗੀਆਂ। ਇਸ ਦੇ ਨਾਲ ਹੀ ਪੰਚਾਇਤ ਵਿਭਾਗ ਵਲੋਂ ਇਨ੍ਹਾਂ ਸੰਸਥਾਵਾਂ ਦੇ ਸਾਰੇ ਵਿੱਤੀ ਲੈਣ-ਦੇਣ ਬੰਦ ਕਰ ਦਿੱਤੇ ਗਏ ਅਤੇ ਤੁਰੰਤ ਪ੍ਰਸ਼ਾਸਕ ਲਗਾ ਕੇ ਬਕਾਇਆ ਗ੍ਰਾਂਟਾਂ ਸੱਤਾਧਾਰੀ ਕਾਰਕੁਨਾਂ ਦੀ ਮਰਜ਼ੀ ਅਨੁਸਾਰ ਕਰਾਉਣ ਦਾ ਪ੍ਰਬੰਧ ਕਰ ਦਿੱਤਾ ਗਿਆ। ਪਿੰਡਾਂ ਵਿਚ ਸਰਬ ਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਨੂੰ 5-5 ਲੱਖ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਗਿਆ, ਤਾਂ ਕਿ ਪਿੰਡਾਂ ਵਿਚ ਪਾਰਟੀ ਦਾ ਆਧਾਰ ਤਿਆਰ ਹੋ ਸਕੇ। ਸਰਕਾਰ ਦੇ ਨੋਟੀਫਿਕੇਸ਼ਨ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਇਕ ਪੀ.ਆਈ.ਐੱਲ. ਸਮੇਤ 11 ਕੇਸ ਲੋਕਾਂ ਵਲੋਂ ਲਗਾਏ ਗਏ। ਗੁਰਜੀਤ ਸਿੰਘ ਤਲਵੰਡੀ ਦੀ ਪੀ.ਆਈ.ਐੱਲ. ਦੀ ਸੁਣਵਾਈ ਕਰਦੇ ਚੀਫ ਜਸਟਿਸ ਰਵੀ ਸ਼ੰਕਰ ਝਾਅ ਨੇ ਸਰਕਾਰ ਨੂੰ ਪੁੱਛਿਆ ਕਿ ਕਿਸ ਕਾਨੂੰਨ ਅਧੀਨ ਅਤੇ ਕਾਰਨ ਕਰਕੇ ਮਿਆਦ ਪੂਰੀ ਹੋਣ ਤੋਂ ਪਹਿਲਾਂ ਚੁਣੀਆਂ ਪੰਚਾਇਤੀ ਸੰਸਥਾਵਾਂ ਨੂੰ ਬਰਖਾਸਤ ਕੀਤਾ ਗਿਆ ਹੈ ? ਸਰਕਾਰੀ ਦਾ ਤਰਕ ਸੀ ਕਿ ਪੰਚਾਇਤਾਂ ਪਾਸ 1000 ਕਰੋੜ ਤੋਂ ਬਕਾਇਆ ਫੰਡਾਂ ਵਿਚ ਘਪਲੇ ਦੀ ਸੰਭਾਵਨਾ ਸੀ। ਜਿਸ ’ਤੇ ਅਦਾਲਤ ਨੇ ਪੁੱਛਿਆ ਕਿ ਜੇਕਰ ਵਿਧਾਨ ਸਭਾ ਦੇ ਪਾਸ ਮਿਆਦ ਪੂਰੀ ਹੋਣ ਸਮੇਂ ਫੰਡ ਬਕਾਇਆ ਹੋਣ ਤਾਂ ਫਿਰ ਵਿਧਾਨ ਸਭਾ ਵੀ ਭੰਗ ਕੀਤੀ ਜਾਵੇਗੀ ? ਸਵਾਲਾਂ ਦਾ ਸਰਕਾਰੀ ਪਾਸ ਕੋਈ ਜਵਾਬ ਨਾ ਹੋਣ ਕਾਰਨ ਸਰਕਾਰ ਨੇ ਇਹ ਨੋਟੀਫਿਕੇਸ਼ਨ ਵਾਪਸ ਲੈ ਲਿਆ। ਇਸ ਤਰ੍ਹਾਂ ਪੰਚਾਇਤੀ ਸੰਸਥਾਵਾਂ ਮੁੜ ਬਹਾਲ ਹੋ ਗਈਆਂ ਤੇ ਇਸ ਯੂ-ਟਰਨ ਨਾਲ ਸਰਕਾਰ ਦੀ ਸ਼ਾਖ਼ ਮਿੱਟੀ ’ਚ ਮਿਲ ਗਈ। ਪ੍ਰਤਖ ਹੈ ਕਿ ਸਰਕਾਰ ਨੇ ਇਹ ਰਾਜਨੀਤਿਕ ਫੈਸਲਾ ਲੈਣ ਤੋਂ ਪਹਿਲਾਂ ਕੋਈ ਹੋਮਵਰਕ ਨਹੀਂ ਕੀਤਾ ਅਤੇ ਨਾ ਹੀ ਮਾਮਲੇ ਦੇ ਕਾਨੂੰਨੀ ਪੱਖ ਨੂੰ ਵਿਚਾਰਿਆ ਗਿਆ। ਕਸੂਤੀ ਘਿਰੀ ਸਰਕਾਰ ਨੇ ਪੰਚਾਇਤ ਵਿਭਾਗ ਦੇ ਦੋ ਸੀਨੀਅਰ ਆਈ.ਏ.ਐੱਸ. ਅਧਿਕਾਰੀਆਂ ਪ੍ਰਮੁੱਖ ਸਕੱਤਰ ਡੀ.ਕੇ. ਤਿਵਾੜੀ ਅਤੇ ਡਾਇਰੈਕਟਰ ਗੁਰਪ੍ਰੀਤ ਸਿੰਘ ਖੈਹਰਾ ਨੂੰ ਮੁਅੱਤਲ ਕਰਕੇ ਆਪਣਾ ਪੱਲਾ ਝਾੜ ਲਿਆ। ਅਕਾਲੀ ਆਗੂ ਬਿਕਰਮ ਮਜੀਠੀਆ ਨੇ ਸਰਕਾਰੀ ਫਾਈਲ ’ਤੇ ਹੋਈ ਸਾਰੀ ਨੋਟਿੰਗ ਮੀਡੀਆ ਸਾਹਮਣੇ ਦਿਖਾ ਕੇ ਕਿਹਾ ਕਿ ਅਸਲ ਦੋਸ਼ੀ ਪੰਚਾਇਤੀ ਰਾਜ ਮੰਤਰੀ ਲਾਲਜੀਤ ਭੁੱਲਰ ਅਤੇ ਮੁੱਖ ਮੰਤਰੀ ਹਨ, ਜਿਨ੍ਹਾਂ ਨੇ ਅਫਸਰਾਂ ਨੂੰ ਦੋ ਦਿਨਾਂ ਵਿਚ ਹੀ ਫਾਈਲਾਂ ’ਤੇ ਦਸਤਖ਼ਤ ਕਰਨ ਲਈ ਮਜਬੂਰ ਕੀਤਾ। ਮੰਤਰੀ ਭੁੱਲਰ ਅਤੇ ਮੁੱਖ ਮੰਤਰੀ ਦੋਵਾਂ ਨੇ ਵੀ ਉਸੇ ਦਿਨ ਫਾਈਲ ਕਲੀਅਰ ਕੀਤੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਕਹਿਣੈ ਕਿ ਸਰਕਾਰ ਨੇ ਤਾਨਾਸ਼ਾਹ ਫੈਸਲੇ ਨਾਲ ਪੰਚਾਇਤੀ ਸੰਸਥਾਵਾਂ ਸਮੇਂ ਤੋਂ ਪਹਿਲਾਂ ਭੰਗ ਕਰਕੇ ਲੋਕਤੰਤਰ ਦੀਆਂ ਪੂਰੀ ਤਰ੍ਹਾਂ ਧੱਜੀਆਂ ਉਡਾਈਆਂ ਨੇ। ਸਰਕਾਰ ਨੂੰ ਇਹ ਫੈਸਲਾ ਕਾਫੀ ਪੁੱਠਾ ਪਿਆ ਜਾਪਦੈ ਅਤੇ ਇਸ ਨਾਲ ਮੁੱਖ ਮੰਤਰੀ ਦੀ ਕਾਰਜਸ਼ੈਲੀ ’ਤੇ ਵੀ ਸਵਾਲ ਖੜ੍ਹੇ ਹੋਏ ਨੇ।







### ਹੜਤਾਲੀ ਪਟਵਾਰੀਆਂ ’ਤੇ ਲੱਗਾ ਐਸਮਾ

ਅੰਦੋਲਨ ’ਚੋਂ ਨਿਕਲੀ ਇਹ ਪਾਰਟੀ ਇਸ ਸਮੇਂ ਸੱਤਾ ਦੀ ਤਾਕਤ ਨਾਲ ਖ਼ੁਦ ਅੰਦੋਲਨਾਂ ਨੂੰ ਕੁਚਲਦੀ ਨਜ਼ਰ ਆ ਰਹੀ ਹੈ। ਚੋਣਾਂ ਸਮੇਂ ਪਾਰਟੀ ਸੁਪਰੀਮੋ ਕੇਜਰੀਵਾਲ ਅਤੇ ਸੂਬਾ ਪ੍ਰਧਾਨ ਭਗਵੰਤ ਮਾਨ ਧਰਨਿਆਂ ਵਿਚ ਪੁੱਜ ਕੇ ਸਾਰੀਆਂ ਮੰਗਾਂ ਸਰਕਾਰ ਬਣਦੇ ਹੀ ਮੰਨਣ ਦੇ ਸਬਜ਼ਬਾਗ ਦਿਖਾਏ ਸਨ, ਹੁਣ ਉਨ੍ਹਾਂ ਤੋਂ ਸਰਕਾਰ ਪੂਰੀ ਤਰ੍ਹਾਂ ਮੁਕਰ ਚੁੱਕੀ ਹੈ। ਇਸੇ ਕਾਰਨ ਜਨਤਾ ਦਾ ਇਸ ਤੋਂ ਹੁਣ ਮੋਹ ਭੰਗ ਹੋ ਰਿਹੈ। ਵਿਜੀਲੈਂਸ ਬਿਊਰੋ ਵਲੋਂ ਜ਼ਿਲ੍ਹਾ ਸੰਗਰੂਰ ਦੇ ਖਨੌਰੀ ਵਿਖੇ ਜ਼ਮੀਨ ਦੀ ਵਿਰਾਸਤ ਮਾਮਲੇ ਵਿਚ ਬਰੇਟਾ ਦੇ ਨਾਇਬ ਤਹਿਸੀਲਦਾਰ ਅਤੇ ਪਟਵਾਰੀ ਦੀ ਗ੍ਰਿਫਤਾਰੀ ਅਤੇ ਹੋਰ ਮੰਗਾਂ ਨੂੰ ਲੈ ਕੇ ਰੈਵੀਨਿਊ ਪਟਵਾਰ ਅਤੇ ਕਾਨੂੰਗੋ ਯੂਨੀਅਨ ਵਲੋਂ 1 ਸਤੰਬਰ ਤੋਂ ਕਲਮ ਛੋੜ ਹੜਤਾਲ ’ਤੇ ਜਾਣ ਦਾ ਐਲਾਨ ਹੋਇਆ। ਮੁੱਖ ਮੰਤਰੀ ਨੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਰਾਹਤ ਵੰਡਣ ਲਈ ਇਨ੍ਹਾਂ ਮੁਲਾਜ਼ਮਾਂ ਦੀ ਲੋੜ ਦੱਸ ਕੇ 31 ਅਕਤੂਬਰ ਤੱਕ ਸਭ ਤੋਂ ਸਖ਼ਤ ਕਾਨੂੰਨ “ਐਸਮਾ” ਲਗਾ ਦਿੱਤਾ ਅਤੇ ਧਮਕੀ ਦਿੱਤੀ ਕਿ ਨਿਰਦੇਸ਼ਾਂ ਦੀ ਉਲੰਘਣਾ ਕਰਨ ’ਤੇ ਐਕਟ ਤਹਿਤ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਪਹਿਲਾਂ ਹੀ ਜਨਤਾ ਤਹਿਸੀਲਾਂ ਅਤੇ ਪਟਵਾਰਖਾਨਿਆਂ ਵਿਚ ਚੱਲਦੀ ਲੁੱਟ ਤੋਂ ਕਾਫੀ ਪਰੇਸ਼ਾਨ ਹੈ। ਲੋਕਾਂ ਨੇ ਇਸ ਸਖਤ ਕਦਮ ਦੀ ਸ਼ਲਾਘਾ ਵੀ ਕੀਤੀ ਹੈ। ਰੈਵੀਨਿਊ ਪਟਵਾਰ ਅਤੇ ਕਾਨੂੰਗੋ ਯੂਨੀਅਨ ਦੇ ਅਹੁਦੇਦਾਰਾਂ ਨੇ “ਐਸਮਾ” ਦੀ ਪ੍ਰਵਾਹ ਨਾ ਕਰਦੇ ਕਲਮ ਛੋੜ ਹੜਤਾਲ ਕਰ ਦਿੱਤੀ ਹੈ ਅਤੇ ਹਾਈਕੋਰਟ ਜਾਣ ਦੇ ਸੰਕੇਤ ਵੀ ਦਿੱਤੇ ਨੇ। ਉਨ੍ਹਾਂ ਕਿਹਾ ਕਿ ਹੜਤਾਲ ਕਿਸੇ ਭ੍ਰਿਸ਼ਟ ਨੂੰ ਬਚਾਉਣ ਲਈ ਨਹੀਂ, ਸਗੋਂ ਜਾਇਜ਼ ਮੰਗਾਂ ਲਈ ਕਰਨੀ ਪਈ ਹੈ ਅਤੇ ਕਿਹਾ ਕਿ ਸਰਕਾਰ ਗੱਲਬਾਤ ਲਈ ਵੀ ਤਿਆਰ ਨਹੀਂ। ਯੂਨੀਅਨ ਅਨੁਸਾਰ 4700 ਵਿਚੋਂ 3193 ਪਟਵਾਰ ਸਰਕਲ ਖਾਲੀ ਨੇ, ਸਿਰਫ 1623 ਆਸਾਮੀਆਂ ਭਰੀਆਂ ਹੋਈਆਂ ਹਨ। ਹਰ ਪਟਵਾਰੀ ਪਾਸ 3-4 ਵਾਧੂ ਸਰਕਲਾਂ ਦਾ ਚਾਰਜ ਹੈ। ਉਨ੍ਹਾਂ ਦਾ ਤਰਕ ਹੈ ਕਿ ਜ਼ਿਲ੍ਹੇ ਵਧਕੇ 12 ਤੋਂ 23 ਹੋਣ ਅਤੇ ਸ਼ਹਿਰਾਂ ਵਿਚ ਕਲੋਨੀਆਂ ਕੱਟਣ ਨਾਲ ਨਿਯਮਾਂ ਅਨੁਸਾਰ ਸਰਕਲਾਂ ਦੀ ਗਿਣਤੀ 7500 ਹੋਣੀ ਬਣਦੀ ਹੈ। ਨਵੇਂ ਸਿਖਲਾਈ ਪੂਰੀ ਕਰਨ ਜਾ ਰਹੇ ਪਟਵਾਰੀਆਂ ਨੂੰ ਸਰਕਾਰ ਵਲੋਂ ਸਿਰਫ 167 ਰੁਪਏ ਰੋਜ਼ਾਨਾ ਤਨਖਾਹ ਦਿੱਤੀ ਜਾ ਰਹੀ ਹੈ। ਪਟਵਾਰੀ ਹੁਣ ਆਪਣੇ ਸਰਕਲਾਂ ਵਿਚ ਕੰਮ ਕਰਨਗੇ ਅਤੇ ਵਾਧੂ ਚਾਰਜ ਵਲੇ ਸਰਕਲਾਂ ਵਿਚ ਕਲਮਛੋੜ ਹੜਤਾਲ ਹੋਵੇਗੀ। ਦੂਜੇ ਪਾਸੇ ਮੁੱਖ ਮੰਤਰੀ ਕਹਿੰਦੇ ਨੇ ਕਿ ਪਟਵਾਰੀਆਂ ਦੀਆਂ ਕੁੱਲ 3660 ਆਸਾਮੀਆਂ ਨੇ, ਜਿਨ੍ਹਾਂ ਵਿਚੋਂ 2037 ਆਸਾਮੀਆਂ ਜਲਦ ਭਰਨ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਵਿਚੋਂ 741 ਪਟਵਾਰੀਆਂ ਨੇ 18 ਵਿਚੋਂ 15 ਮਹੀਨਿਆਂ ਦੀ ਸਿਖਲਾਈ ਪੂਰੀ ਕਰ ਲਈ ਹੈ ਅਤੇ 710 ਹੋਰ ਚੁਣੇ ਹੋਏ ਪਟਵਾਰੀਆਂ ਨੂੰ ਜਲਦੀ ਨਿਯੁਕਤੀ ਪੱਤਰ ਦਿੱਤੇ ਜਾਣਗੇ ਅਤੇ 586 ਨਵੀਆਂ ਅਸਾਮੀਆਂ ’ਤੇ ਭਰਤੀ ਹੋਵੇਗੀ। 3 ਹਜ਼ਾਰ ਤੋਂ ਵਧ ਪਟਵਾਰੀਆਂ ਦੀਆਂ ਅਸਾਮੀਆਂ ਖਾਲੀ ਨੇ ਅਤੇ ਅਜਿਹੇ ਵਿਚ ਜਨਤਾ ਨੂੰ ਰਾਹਤ ਦੇਣ ਲਈ ਸਰਕਾਰ ਨੂੰ ਜ਼ਰੂਰ ਕਦਮ ਚੁੱਕਣੇ ਬਣਦੇ ਨੇ। ਡੀ.ਸੀ. ਦਫਤਰਾਂ ਦੇ ਮੁਲਜ਼ਮਾਂ ਦੀ ਜੱਥੇਬੰਦੀ ਵਲੋਂ ਵੀ ਪਟਵਾਰ ਯੂਨੀਅਨ ਦੇ ਹੱਕ ਵਿਚ 11 ਸਤੰਬਰ ਤੋਂ ਹੜਤਾਲ ’ਤੇ ਜਾਣ ਦਾ ਐਲਾਨ ਹੋ ਚੁੱਕਾ ਹੈ। ਇਸੇ ਤਰ੍ਹਾਂ ਮਾਲ ਅਧਿਕਾਰੀਆਂ ਅਤੇ ਹੋਰ ਜਥੇਬੰਦੀਆਂ ਵਲੋਂ “ਐਸਮਾ” ਖ਼ਿਲਾਫ਼ ਮੋਰਚਾ ਖੋਲ੍ਹਣ ਦੀਆਂ ਕਨਸੋਆਂ ਨੇ। ਪਹਿਲਾਂ ਉੱਚ ਅਫਸਰਾਂ ਦੇ ਦਬਾਅ ਹੇਠ ਸਰਕਾਰ ਕਈ ਭ੍ਰਿਸ਼ਟਾਚਾਰ ਮਾਮਲਿਆਂ ਵਿਚ ਕਾਰਵਾਈ ਤੋਂ ਟਾਲਾ ਵਟ ਚੁੱਕੀ ਹੈ। ਛੋਟੇ ਮੁਲਾਜ਼ਮ ਕੋਈ ਬੇਗਾਨੇ ਨਹੀਂ, ਇਸ ਲਈ ਸਰਕਾਰ ਨੂੰ ਜਲਦ “ਐਸਮਾ’ ਹਟਾ ਕੇ ਗੱਲਬਾਤ ਰਾਹੀਂ ਹੱਲ ਕੱਢਣਾ ਚਾਹੀਦਾ ਹੈ। ਪਟਵਾਰੀਆਂ ਦੀ ਜੱਥੇਬੰਦੀ ਨੂੰ ਵੀ ਲੋਕਾਂ ਦੇ ਕੰਮ ਪੂਰੀ ਇਮਾਨਦਾਰੀ ਨਾਲ ਕਰਨੇ ਹੋਣਗੇ, ਤਾਂ ਕਿ ਉਨ੍ਹਾਂ ’ਤੇ ਲੱਗਿਆ ਭ੍ਰਿਸ਼ਟਾਚਾਰ ਦਾ ਦਾਗ ਸਾਫ ਹੋਵੇ।

ਇਨ੍ਹਾਂ ਦੋਵੇਂ ਸਖ਼ਤ ਅਤੇ ਗੈਰਵਾਜਿਬ ਫੈਸਲਿਆਂ ਨਾਲ ਸਰਕਾਰ ਦੇ ਅਕਸ ਨੂੰ ਵੱਡਾ ਝਟਕਾ ਲੱਗ ਚੁੱਕਾ ਹੈ ਅਤੇ ਸੂਬੇ ਦਾ ਮਾਹੌਲ ਵੀ ਕਾਫੀ ਤਣਾਅ ਪੂਰਣ ਬਣਿਆ ਹੋਇਆ ਹੈ। ਸਾਡਾ ਸੁਝਾਅ ਹੈ ਕਿ ਸਭ ਧਿਰਾਂ ਜਨਹਿਤ ਵਿਚ ਅਪਣਾ ਸਟੈਂਡ ਨਰਮ ਕਰਕੇ ਸੂਬੇ ਵਿਚ ਮਹੌਲ ਖੁਸ਼ਗਵਾਰ ਬਣਾਉਣ।



# ਪਾਕਿਸਤਾਨ ਵਿਚ ਪੰਜਾਬੀ ਬੋਲੀ ਦੇ ਅਲੰਬਰਦਾਰ : ਉਸਤਾਦ ਦਾਮਨ

**ਜਨਮ ਦਿਨ 'ਤੇ ਵਿਸ਼ੇਸ਼**



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਅਸੀਂ ਦੇਸ਼ ਦੀ ਆਜ਼ਾਦੀ ਦੇ ਜਸ਼ਨ 15 ਅਗਸਤ ਨੂੰ ਮਨਾ ਕੇ ਹਟੇ ਹਾਂ। ਇਸ ਆਜ਼ਾਦੀ ਨੂੰ ਇਨਸਾਨੀਅਤ ਦੀ ਬਰਬਾਦੀ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਅਣਗਿਣਤ ਬੇਕਸੂਰ ਇਨਸਾਨਾਂ ਦੇ ਕਤਲਾਂ ਨੇ ਆਜ਼ਾਦੀ ਨੂੰ ਦਾਗ਼ਦਾਰ ਕਰ ਦਿੱਤਾ ਸੀ। ਨਹੁੰ-ਮਾਸ ਦੇ ਰਿਸ਼ਤੇ ਖੇਰੂੰ-ਖੇਰੂੰ ਹੋ ਗਏ ਸਨ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਦੇ ਸਾਹਿਤਕਾਰਾਂ ਨੇ ਖ਼ੂਨੀ ਬਿਰਤਾਂਤ ਲਿਖਿਆ ਸੀ। ਪ੍ਰੰਤੂ ਸਾਂਝੇ ਪੰਜਾਬ ਤੇ ਦੇਸ਼ ਦੀ ਵੰਡ ਹੋਣ ਤੋਂ ਬਾਅਦ ਪਾਕਿਸਤਾਨ ਜਾ ਕੇ ਵਸੇ ਲੋਕ ਕਵੀ ਉਸਤਾਦ ਦਾਮਨ ਨੇ ਮਨੁੱਖਤਾ ਦੇ ਕਤਲਾਂ ਨੂੰ ਇਨਸਾਨੀਅਤ ਦਾ ਘਾਣ ਦੱਸਦਿਆਂ ਲਿਖਿਆ ਸੀ। ਉਤਾਦ ਦਾਮਨ ਜਿਨ੍ਹਾਂ ਦਾ ਨਾਮ ਚਿਰਾਗ ਦੀਨ ਸੀ, ਉਨ੍ਹਾਂ ਆਪਣੇ ਨਾਮ ਨੂੰ ਪੰਜਾਬੀ ਦਾ ਅਲੰਬਰਦਾਰ ਬਣਨ ਦਾ ਮਾਣ ਦਿੱਤਾ। ਚਿਰਾਗ ਰੌਸ਼ਨੀ ਦੇਣ ਵਾਲੇ ਦੀਵੇ ਦਾ ਪਵਿੱਤਰ ਨਾਮ ਗਿਣਿਆਂ ਜਾਂਦਾ ਹੈ। ਉਸਤਾਦ ਦਾਮਨ ਨੇ ਆਪਣੇ ਨਾਮ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਦਿਆਂ ਦੇਸ਼ ਦੀ ਵੰਡ ਸਮੇਂ ਹੋਏ ਇਨਸਾਨੀਅਤ ਦੇ ਕਤਲਾਂ ਬਾਰੇ ਬਾਖ਼ੂਬੀ ਲਿਖਿਆ ਹੈ। ਉਹ ਵਿਲੱਖਣ ਸ਼ਖ਼ਸੀਅਤ ਦੇ ਮਾਲਕ ਸਨ। ਪੰਜਾਬੀ ਬੋਲੀ ਦੇ ਨਾਲ ਉਸ ਨੂੰ ਅਥਾਹ ਪਿਆਰ ਅਤੇ ਸਤਿਕਾਰ ਸੀ। ਭਾਰਤ ਦੀ ਵੰਡ ਹੋਣ ਸਮੇਂ ਪੰਜਾਬ ਵੀ ਦੋ ਭਾਗਾਂ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਵੰਡਿਆ ਗਿਆ। ਭੂਗੋਲਿਕ ਵੰਡ ਪੰਜਾਬੀਆਂ ਦੀ ਵਿਰਾਸਤ ਬੋਲੀ, ਪਹਿਰਾਵਾ, ਰਸਮੋ-ਰਿਵਾਜ਼, ਹਵਾ-ਪਾਣੀ, ਸੱਭਿਅਤਾ ਅਤੇ ਸੱਭਿਆਚਾਰ ਦੀਆਂ ਵੰਡੀਆਂ ਨਾ ਪਾ ਸਕੀ। ਪੰਜਾਬੀ ਭਾਵੇਂ ਦੋ ਖਿਤਿਆਂ ਵਿਚ ਵੰਡੇ ਜਾ ਚੁੱਕੇ ਸਨ ਪ੍ਰੰਤੂ ਉਨ੍ਹਾਂ ਦੀਆਂ ਭਾਵਨਾਵਾਂ ਆਪਣੀ ਮਾਤਭੂਮੀ ਲਈ ਭਟਕ ਰਹੀਆਂ ਸਨ। ਉਹ ਮਾਨਸਿਕ ਅਤੇ ਆਤਮਿਕ ਤੌਰ 'ਤੇ ਮਾਖਿਓਂ ਮਿੱਠੀ ਪੰਜਾਬੀ ਭਾਸ਼ਾ ਨਾਲ ਓਤਪੋਤ ਸਨ। ਪੰਜਾਬੀ ਦੇ ਸ਼ਾਇਰਾਂ ਖਾਸ ਤੌਰ 'ਤੇ ਲੋਕ ਕਵੀਆਂ ਨੂੰ ਆਪਣੀ ਮਿੱਟੀ ਦਾ ਮੋਹ ਤੜਪਾ ਰਿਹਾ ਸੀ। ਮਜਬੂਰੀ ਵੱਸ ਉਨ੍ਹਾਂ ਨੂੰ ਆਪਣੀ ਧਰਤੀ ਮਾਤਾ ਨੂੰ ਅਲਵਿਦਾ ਕਹਿਣਾ ਪਿਆ ਸੀ। ਲਹਿੰਦੇ ਪੰਜਾਬ ਦੇ ਲੋਕ ਕਵੀਆਂ ਵਿਚੋਂ ਚਿਰਾਗ ਦੀਨ ਦਾਮਨ, ਜੋ ਉਸਤਾਦ ਦਾਮਨ ਦੇ ਨਾਂ ਨਾਲ ਜਾਣਿਆਂ ਜਾਂਦਾ ਸੀ, ਉਹ ਪੰਜਾਬ ਦੀ ਵੰਡ ਨੂੰ ਮਾਨਸਿਕ ਤੌਰ 'ਤੇ ਭੁਲਾ ਨਾ ਸਕਿਆ। ਦੇਸ਼ ਦੀ ਵੰਡ ਦੀ ਚੀਸ ਹਮੇਸ਼ਾ ਉਸਨੂੰ ਰੜਕਦੀ ਰਹੀ। ਇਸ ਕਰਕੇ ਉਹ ਦੇਸ ਦੀ ਵੰਡ ਤੋਂ ਬਾਅਦ ਵੀ ਭਾਰਤ 'ਚ ਹੋਣ ਵਾਲੇ ਕਵੀ ਦਰਬਾਰਾਂ ਦੀ ਰੌਣਕ ਵਧਾਉਂਦਾ ਰਿਹਾ। ਭਾਰਤ 'ਚ ਹੋਣ ਵਾਲੇ ਕਵੀ ਦਰਬਾਰਾਂ ਦਾ ਉਹ ਸ਼ਿੰਗਾਰ ਬਣਦਾ ਰਿਹਾ। ਜਿਸਮਾਨੀ ਤੌਰ 'ਤੇ ਭਾਵੇਂ ਉਹ ਪਾਕਿਸਤਾਨ ਵਿਚ ਰਹਿ ਰਿਹਾ ਸੀ ਪ੍ਰੰਤੂ ਭਾਵਨਾਤਮਕ ਤੌਰ 'ਤੇ ਉਹ ਚੜ੍ਹਦੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਇਕ-ਮਿਕ ਸੀ। ਦੇਸ਼ ਦੀ ਵੰਡ ਸੰਬੰਧੀ ਉਸ ਨੇ ਬੜੀਆਂ ਹੀ ਦਿਲ ਨੂੰ ਟੁੰਬਣ ਵਾਲੀਆਂ ਕਵਿਤਾਵਾਂ ਲਿਖੀਆਂ ਹਨ, ਜਿਹੜੀਆਂ ਰਹਿੰਦੀ ਦੁਨੀਆਂ ਤੱਕ ਤਰੋਤਾਜ਼ਾ ਰਹਿਣਗੀਆਂ। ਉਸਤਾਦ ਦਾਮਨ ਨੇ ਇਸ ਵੰਡ ਦੇ ਦਰਦ ਦੀ ਤ੍ਰਾਸਦੀ ਨੂੰ ਆਪਣੇ ਅੰਦਾਜ਼ ਵਿਚ ਲਾਲ ਕਿਲ੍ਹੇ ਦਿੱਲੀ ਵਿਚ ਹੋਏ ਇੱਕ ਕਵੀ ਦਰਬਾਰ 'ਚ ਆਪਣੀ ਕਵਿਤਾ ਪੜ੍ਹਕੇ ਉਥੇ ਹਾਜ਼ਰ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਰੁਆ ਦਿੱਤਾ ਸੀ। ਉਸ ਦੀ ਕਵਿਤਾ ਦੇ ਬੋਲ ਹਨ:-

ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ ਵਿਚੀਂ, ਖੋਏ ਤੁਸੀਂ ਵੀ ਓ ਤੇ ਖੋਏ ਅਸੀਂ ਵੀ ਆਂ।

ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਏ, ਤੁਸੀਂ ਵੀ ਓ ਹੋਏ ਅਸੀਂ ਵੀ ਆਂ।

ਕੁਝ ਉਮੀਦ ਏ ਜ਼ਿੰਦਗੀ ਮਿਲ ਜਾਵੇਗੀ, ਮੋਏ ਤੁਸੀਂ ਵੀ ਓ ਮੋਏ ਅਸੀਂ ਵੀ ਆਂ।

ਜਿਓਂਦੀ ਜਾਨ ਵੀ ਮੌਤ ਦੇ ਮੂੰਹ ਅੰਦਰ, ਢੋਏ ਤੁਸੀਂ ਵੀ ਓ ਢੋਏ ਅਸੀਂ ਵੀ ਆਂ।

ਜਾਗਣੇ ਵਾਲਿਆਂ ਰੱਜ ਕੇ ਲੁੱਟਿਆ ਏ, ਸੋਏ ਤੁਸੀਂ ਵੀ ਓ ਸੋਏ ਅਸੀਂ ਵੀ ਆਂ।

ਲਾਲੀ ਅੱਖੀਆਂ ਦੀ ਪਈ ਦੱਸਦੀ ਏ, ਰੋਏ ਤੁਸੀਂ ਵੀ ਓ ਰੋਏ ਅਸੀਂ ਵੀ ਆਂ।

ਇਹ ਕਵਿਤਾ ਸੁਣ ਕੇ ਪੰਡਤ ਜਵਾਹਰ ਲਾਲ ਨਹਿਰੂ ਨੇ ਉਸਤਾਦ ਦਾਮਨ ਨੂੰ ਉਠ ਕੇ ਜੱਫੀ ਵਿਚ ਲੈ ਲਿਆ ਅਤੇ ਉਸ ਨੂੰ ਭਾਰਤ ਦੀ ਨਾਗਰਿਕਤਾ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ ਪ੍ਰੰਤੂ ਉਸਤਾਦ ਦਾਮਨ ਨੇ ਕਿਹਾ ਕਿ ਉਹ ਰਹੇਗਾ ਤਾਂ ਪਾਕਿਸਤਾਨ ਵਿਚ ਹੀ, ਭਾਵੇਂ ਜੇਲ੍ਹ ਵਿਚ ਹੀ ਰਹਿਣਾ ਪਵੇ। ਪਾਕਿਸਤਾਨ ਵਿਚ ਉਸ ਨੂੰ ਪੰਜਾਬੀ ਭਾਸ਼ਾ ਵਿਚ ਕਵਿਤਾ ਲਿਖਣ ਤੋਂ ਵਰਜਿਆ ਜਾਂਦਾ ਰਿਹਾ ਪ੍ਰੰਤੂ ਉਹ ਆਪਣੀ ਵਿਰਾਸਤ ਨਾਲੋਂ ਟੁੱਟਣ ਨੂੰ ਆਪਣੀ ਆਤਮਿਕ ਮੌਤ ਮਹਿਸੂਸ ਕਰਦਾ ਸੀ। ਇਸ ਕਰਕੇ ਹੀ ਉਹ ਪਾਕਿਸਤਾਨ ਵਿਚ ਬੈਠਾ ਵੀ ਪੰਜਾਬੀ ਭਾਸ਼ਾ ਦੇ ਸੋਹਲੇ ਗਾਉਂਦਾ ਰਿਹਾ, ਭਾਵੇਂ ਉਸ ਨੂੰ ਇਸ ਦੇ ਇਵਜ਼ਾਨੇ ਵਜੋਂ ਮਜ਼੍ਹਬੀ ਜਨੂੰਨ ਦਾ ਸ਼ਿਕਾਰ ਹੋਣਾ ਪਿਆ। ਉਸ ਦਾ ਘਰ ਅਗਨੀ ਭੇਂਟ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਉਹ ਸਾਰੀ ਉਮਰ ਮਸੀਤ ਦੇ ਇੱਕ ਅੱਠ ਬਾਈ ਅੱਠ ਦੇ ਛੋਟੇ ਜਿਹੇ ਕਮਰੇ ਵਿਚ ਆਪਣਾ ਜੀਵਨ ਬਸਰ ਕਰਦਾ ਰਿਹਾ, ਜਿਸ ਵਿਚ ਨਾ ਕੋਈ ਰੋਸ਼ਨਦਾਨ ਅਤੇ ਨਾ ਹੀ ਤਾਕੀ ਸੀ ਪ੍ਰੰਤੂ ਪੰਜਾਬੀ ਵਿਚ ਕਵਿਤਾ ਲਿਖਣੋਂ ਕਦੀਂ ਵੀ ਨਾ ਹਟਿਆ। ਜਦੋਂ ਫਿਰਕਾਪ੍ਰਸਤਾਂ ਨੇ ਉਸਨੂੰ ਵਾਰ-ਵਾਰ ਪੰਜਾਬੀ ਵਿਚ ਕਵਿਤਾ ਲਿਖਣ ਤੋਂ ਵਰਜਿਆ ਗਿਆ, ਤਾਂ ਉਹ ਡਰਿਆ ਨਹੀਂ, ਸਗੋਂ ਉਸਨੇ ਲਿਖਿਆ ਕਿ:-

ਇਥੇ ਬੋਲੀ ਪੰਜਾਬੀ ਹੀ ਬੋਲੀ ਜਾਵੇਗੀ, ਉਰਦੂ ਵਿਚ ਕਿਤਾਬਾਂ ਦੇ ਠੱਣਦੀ ਰਹੇਗੀ।

ਇਹਦਾ ਪੁੱਤਰ ਹਾਂ ਇਹਦੇ ਤੋਂ ਦੁੱਧ ਮੰਗਣਾ, ਮੇਰੀ ਭੁੱਖ ਇਹਦੀ ਛਾਤੀ ਤਣਦੀ ਰਹੇਗੀ।

ਇਹਦੇ ਲੱਖ ਹਰੀਫ ਪਏ ਹੋਣ ਪੈਦਾ, ਦਿਨ-ਬ-ਦਿਨ ਇਹਦੀ ਸ਼ਕਲ ਬਣਦੀ ਰਹੇਗੀ।

ਉਦੋਂ ਤੀਕ ਤੇ ਪੰਜਾਬੀ ਨਹੀਂ ਮਰਦੀ, ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।

ਪਾਕਿਸਤਾਨ ਵਿਚ ਬੈਠਾ ਉਸਤਾਦ ਦਾਮਨ ਪੰਜਾਬੀ ਭਾਸ਼ਾ ਦੀ ਸੇਵਾ ਕਰਦਾ ਰਿਹਾ। ਪੰਜਾਬੀ ਦਾ ਉਹ ਨਿਧੜਕ ਜਰਨੈਲ ਲੋਕ ਕਵੀ ਸੀ, ਜਿਸਨੇ ਤਾਹਨੇ-ਮਿਹਣੇ ਸਹਿੰਦਿਆਂ ਪੰਜਾਬੀ ਵਿਚ ਕਵਿਤਾ ਲਿਖਣੋਂ ਗੁਰੇਜ਼ ਨਹੀਂ ਕੀਤਾ। ਹਾਲਾਂਕਿ ਉਸ ਨੂੰ ਪਤਾ ਸੀ ਕਿ ਕਿਸੇ ਵੀ ਸਮੇਂ ਉਸ ਨੂੰ ਸਰੀਰਕ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਪੰਜਾਬੀ ਭਾਸ਼ਾ ਤੋਂ ਕੰਨ੍ਹੀਂ ਕਤਰਾਉਣ ਵਾਲੇ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਉਸਤਾਦ ਦਾਮਨ ਤੋਂ ਸੇਧ ਲੈ ਕੇ ਪੰਜਾਬੀ ਭਾਸ਼ਾ ਤੋਂ ਮੁਨਕਰ ਹੋਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਵਿਦਵਾਨੀ ਦੇ ਨਾਂ ਹੇਠ ਗੂੜ੍ਹੀ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ, ਜਿਹੜੀ ਲੋਕਾਂ ਦੇ ਸਮਝ ਵਿਚ ਹੀ ਨਾ ਆ ਸਕੇ। ਅਜਿਹੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਹੜੀ ਸੌਖਿਆਂ ਹੀ ਲੋਕਾਂ ਦੇ ਪੱਲੇ ਪੈ ਜਾਵੇ ਅਤੇ ਉਸਦੀ ਸਾਰਥਿਕਤਾ ਦਾ ਪਤਾ ਲੱਗੇ। ਜਦੋਂ ਵਾਰ-ਵਾਰ ਉਸ ਉਪਰ ਦਬਾਅ ਪਾਇਆ ਗਿਆ ਕਿ ਮੁਸਲਮਾਨ ਹੋਣ ਅਤੇ ਪਾਕਿਸਤਾਨ ਵਿਚ ਰਹਿਣ ਕਰਕੇ ਉਸ ਨੂੰ ਪੰਜਾਬੀ ਦੀ ਥਾਂ ਉਰਦੂ ਵਿਚ ਆਪਣੀਆਂ ਨਜ਼ਮਾਂ ਲਿਖਣੀਆਂ ਚਾਹੀਦੀਆਂ ਹਨ ਤਾਂ ਉਸ ਨੇ ਕਵਿਤਾ ਵਿਚ ਹੀ ਉਨ੍ਹਾਂ ਨੂੰ ਜਵਾਬ ਦਿੰਦਿਆਂ ਲਿਖਿਆ:-

"ਮੈਨੂੰ ਕਈਆਂ ਨੇ ਆਖਿਆ ਕਈ ਵਾਰ, ਤੂੰ ਲੈਣਾ ਪੰਜਾਬੀ ਦਾ ਨਾਂ ਛੱਡਦੇ

ਗੋਦੀ ਜਿਹਦੀ ਵਿਚ ਪਲਕੇ ਜਵਾਨ ਹੋਇਆਂ, ਉਹ ਮਾਂ ਛੱਡਦੇ ਤੇ ਗਰਾਂ ਛੱਡਦੇ

ਜੇ ਪੰਜਾਬੀ ਪੰਜਾਬੀ ਈ ਕੂਕਣਾ ਏ, ਜਿਥੇ ਖਲੋਤਾ ਏਂ ਥਾਂ ਛੱਡਦੇ

ਮੈਨੂੰ ਇੰਜ ਲੱਗਦੈ ਲੋਕੀ ਆਖਦੇ ਨੇ, ਤੂੰ ਪੁੱਤਰਾ ਆਪਣੀ ਮਾਂ ਛੱਡਦੇ

ਉਰਦੂ ਦਾ ਮੈਂ ਦੋਖੀ ਨਾਹੀਂ ਤੇ ਦੁਸ਼ਮਣ ਨਾਹੀਂ ਅੰਗਰੇਜ਼ੀ ਦਾ।

ਪੁੱਛਦੇ ਹੋ ਮੇਰੇ ਦਿਲ ਦੀ ਬੋਲੀ, ਹਾਂ ਜੀ ਹਾਂ ਪੰਜਾਬੀ ਏ।"

ਚਿਰਾਗ ਦੀਨ ਦਾਮਨ ਦਾ ਜਨਮ 3 ਸਤੰਬਰ, 1911 ਨੂੰ ਲਾਹੌਰ ਵਿਚ ਕਰੀਮ ਬੀਬੀ ਦੀ ਕੁੱਖੋਂ ਮੀਆਂ ਮੀਰ ਬਖਸ ਦੇ ਘਰ ਹੋਇਆ ਸੀ। ਉਸ ਦਾ ਪਿਤਾ ਫ਼ੌਜ ਦੇ ਦਰਜੀਖਾਨੇ ਵਿਚ ਕੱਪੜੇ ਸਿਉਣ ਦਾ ਕੰਮ ਕਰਦਾ ਸੀ ਪ੍ਰੰਤੂ ਚਿਰਾਗ ਦੀਨ ਦਾਮਨ ਵੱਲੋਂ ਇਨਕਲਾਬੀ ਅਤੇ ਫ਼ੌਜੀ ਰਾਜ ਵਿਰੁੱਧ ਕਵਿਤਾਵਾਂ ਲਿਖਣ ਕਰਕੇ ਉਸ ਦੇ ਪਿਤਾ ਨੂੰ ਫ਼ੌਜ ਦੀ ਨੌਕਰੀ ਤੋਂ ਹੱਥ ਧੋਣੇ ਪਏ। ਫਿਰ ਉਸ ਨੇ ਆਪਣੇ ਪਿਤਾ ਨਾਲ ਰਲਕੇ ਦਰਜੀ ਦੀ ਦੁਕਾਨ ਕਰ ਲਈ, ਜਿਸਨੂੰ ਵੀ ਮਜ਼੍ਹਬੀ ਜਨੂੰਨੀਆਂ ਨੇ ਅੱਗ ਲਗਾਕੇ ਸਾੜ ਦਿੱਤਾ। ਫਿਰ ਵੀ ਦਾਮਨ ਨੇ ਕਿਸੇ ਨੂੰ ਚੰਗਾ-ਮਾੜਾ ਨਹੀਂ ਕਿਹਾ, ਸਗੋਂ ਲਿਖਿਆ:-

"ਕਿਸੇ ਤੀਲ੍ਹੀ ਐਸੀ ਲਗਾਈ ਏ, ਥਾਂ-ਥਾਂ 'ਤੇ ਅੱਗ ਮਚਾਈ ਏ।

ਪਈ ਸੜਦੀ ਲੋਕਾਈ ਏ, ਤੇ ਪੈਂਦੀ ਹਾਲ ਦੁਹਾਈ ਏ।"

ਉਸਤਾਦ ਦਾਮਨ ਨੇ ਸਾਰੀ ਉਮਰ ਅਣਖ ਨਾਲ ਸ਼ਾਇਰੀ ਕੀਤੀ। ਸਰਕਾਰਾਂ ਦੇ ਦਮਨ ਦਾ ਸ਼ਿਕਾਰ ਵੀ ਹੋਇਆ। ਇਨਕਲਾਬੀ ਕਵਿਤਾ ਸਮਾਜਿਕ ਬੁਰਾਈਆਂ ਅਤੇ ਆਮ ਜਨਤਾ ਉਪਰ ਸਰਕਾਰ ਵਲੋਂ ਕੀਤੇ ਜਾਂਦੇ ਜ਼ੋਰ ਜ਼ਬਰਦਸਤੀ ਦੀਆਂ ਕਾਰਵਾਈਆਂ ਵਿਰੁੱਧ ਲਿਖਣ ਕਰਕੇ ਉਸ ਉਪਰ ਕਈ ਕੇਸ ਦਰਜ ਕਰਕੇ ਜੇਲ੍ਹ ਵਿਚ ਬੰਦ ਰੱਖਿਆ ਗਿਆ ਪ੍ਰੰਤੂ ਉਸ ਨੇ ਸਰਕਾਰਾਂ ਨਾਲ ਆਢ੍ਹਾ ਲਾਈ ਰੱਖਿਆ। ਫ਼ੌਜੀ ਰਾਜ ਤੋਂ ਵੀ ਉਹ ਡਰਿਆ ਨਹੀਂ, ਸਗੋਂ ਉਸਨੇ ਫ਼ੌਜੀ ਰਾਜ ਤੇ ਟਕੋਰ ਕਰਦਿਆਂ ਅਰਥ ਭਰਪੂਰ ਕਵਿਤਾ ਲਿਖੀ-

"ਸਾਡੇ ਮੁਲਕ ਦੀਆਂ ਮੌਜਾਂ ਹੀ ਮੌਜਾਂ, ਜਿਧਰ ਦੇਖੋ ਫ਼ੌਜਾਂ ਹੀ ਫ਼ੌਜਾਂ।

ਇਹ ਕੀ ਕਰੀ ਜਾਨਾ, ਕਦੀ ਚੀਨ ਜਾਨਾ ਕਦੀ ਰੂਸ ਜਾਨਾ।

ਕਦੀ ਸਿਮਲੇ ਜਾਨਾ ਕਦੀ ਮਰੀ ਜਾਨਾ, ਜਿਧਰ ਜਾਨਾ ਬਣਕੇ ਜਲੂਸ ਜਾਨਾ।

ਲਈ ਖੇਸ ਜਾਨਾ ਖਿੱਚੀ ਦਰੀ ਜਾਨਾ, ਇਹ ਕੀ ਕਰੀ ਜਾਨਾ।"

ਪਾਕਿਸਤਾਨ ਵਿਚ ਵੀ ਪੰਜਾਬੀ ਦੇ ਹੋਰ ਵੀ ਬਹੁਤ ਸਾਰੇ ਸ਼ਾਇਰ ਹੋਏ ਹਨ ਪ੍ਰੰਤੂ ਉਸਤਾਦ ਦਾਮਨ ਜਿੰਨਾ ਦਲੇਰ, ਮੂੰਹ-ਫੱਟ, ਸਰਲ, ਸਪੱਸ਼ਟ ਅਤੇ ਰੋਜ਼ਮਰ੍ਹਾ ਦੀ ਜ਼ਿੰਦਗੀ ਨਾਲ ਸੰਬੰਧਤ ਲਿਖਣ ਵਾਲਾ ਕੋਈ ਵੀ ਨਹੀਂ ਸੀ। ਅਗਲੇ 50 ਸਾਲਾਂ ਵਿਚ ਪੰਜਾਬੀ ਦੇ ਖ਼ਤਮ ਹੋ ਜਾਣ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਲਹਿੰਦੇ ਪੰਜਾਬ ਦੇ ਸ਼ਾਇਰ ਦੀ ਪੰਜਾਬੀ ਪ੍ਰਤੀ ਵਚਨਬੱਧਤਾ ਤੋਂ ਕੁਝ ਸਬਕ ਸਿੱਖਣਾ ਚਾਹੀਦਾ ਹੈ। ਪੰਜਾਬੀ ਕਦੀਂ ਵੀ ਖ਼ਤਮ ਨਹੀਂ ਹੋ ਸਕਦੀ। ਅੱਜ ਦੇ ਦਿਨ ਉਸਤਾਦ ਦਾਮਨ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

# ਪੰਜਾਬੀ ਸੂਫ਼ੀ-ਕਾਵਿ ਦਾ ਪਿਤਾਮਾ:- ਬਾਬਾ ਫ਼ਰੀਦ ਜੀ

-ਮਲਕੀਤ ਕੋਟਲੀ
(ਸ੍ਰੀ ਮੁਕਤਸਰ ਸਾਹਿਬ)
94177-30049
(Punjab Mail USA)



12ਵੀਂ ਸਦੀ ਦੇ ਪਿਛਲੇ ਪੱਖ ਤੋਂ ਸ਼ੁਰੂ ਹੋ ਕੇ ਸੂਫ਼ੀਵਾਦ ਨੇ ਘੱਟੋ-ਘੱਟ 19ਵੀਂ ਸਦੀ ਦੇ ਅੰਤ ਤੱਕ ਅਤੇ ਉਸ ਤੋਂ ਅੱਗੇ ਤਕਰੀਬਨ ਹੁਣ ਤੱਕ ਵੀ ਪੰਜਾਬੀ-ਕਾਵਿ ਦੇ ਰੂਪ ਅਤੇ ਵਿਸ਼ਾ-ਵਸਤੂ ਤੇ ਸੁਭਾਅ ਉਤੇ ਲਗਾਤਾਰ ਸਦੀਆਂ ਬੱਧਾ ਪ੍ਰਭਾਵ ਪਾਇਆ ਹੈ, ਇਸ ਦੀ ਤੋਰ ਨੂੰ ਕਾਇਮ ਕਰਨ ਵਿਚ ਇਸ ਦੇ ਵਿਕਾਸ ਵਿਚ ਰਸ-ਦਰਸਾਉਂਦਾ ਕੰਮ ਵੀ ਕੀਤਾ ਹੈ। ਇਉਂ ਜਾਪਦਾ ਹੈ ਕਿ ਸੂਫ਼ੀਵਾਦ ਨੇ ਪੰਜਾਬੀ-ਕਾਵਿ ਦੀ ਉਸਾਰੀ ਵਿਚ ਭਰਪੂਰ ਤੇ ਨਿਰਵਿਘਨ ਭੂਮਿਕਾ ਨਿਭਾਈ ਹੈ ਅਤੇ ਸਮੇਂ-ਸਮੇ ਸਿਰ ਇਸ ਦੀ ਕਾਇਆ ਦਾ ਅਸਲੋਂ ਤਕੜਾ ਪਾਸਾ ਸਿਰਜਿਆ ਅਤੇ ਸਾਂਭੀ ਰੱਖਿਆ ਹੈ।

ਕਬੀਰ ਅਤੇ ਰਵੀਦਾਸ ਵਾਂਗ ਬਾਬਾ ਫ਼ਰੀਦ ਗੁਰੂ ਨਾਨਕ ਦੇਵ ਤੋਂ ਪਹਿਲੋਂ ਹੋ ਚੁੱਕੇ ਸਨ। ਸਿੱਖ ਧਰਮ ਦੇ ਬਾਨੀ ਦੀ ਜੀਵਨੀ ਵਿਚ ਆਉਂਦਾ ਹੈ ਕਿ ਉਹ ਆਪਣੀਆਂ ਉਦਾਸੀਆਂ ਦੌਰਾਨ ਸੋਚੇ-ਸਮਝੇ ਟਿਕਾਣਿਆਂ ਦੀ ਜ਼ਿਆਰਤ ਕਰਦੇ ਸਨ ਅਤੇ ਮਿੱਥੇ ਵਿਅਕਤੀਆਂ ਨਾਲ ਮੁਲਾਕਾਤਾਂ ਤੇ ਗਿਆਨ ਚਰਚਾ ਕਰਦੇ ਸਨ। ਇਹ ਸਿੱਧ ਹੋ ਚੁੱਕਿਆ ਕਿ ਗੁਰੂ ਸਾਹਿਬ ਨੇ ਇਸੇ ਮਨੋਰਥ ਲਈ ਬਾਬਾ ਫ਼ਰੀਦ ਦੀ ਦਰਗਾਹ 'ਤੇ ਵੀ ਪਹੁੰਚੇ ਅਤੇ ਉੱਥੋਂ ਦੇ ਗੱਦੀ-ਨਸ਼ੀਨ ਕੋਲੋਂ ਉਨ੍ਹਾਂ ਦੀ ਰਚਨਾ ਹਾਸਲ ਕਰਕੇ ਤੁਰੇ ਸਨ। ਪ੍ਰਗਟ ਹੈ ਕਿ ਗੁਰੂ ਜੀ ਨੂੰ ਆਪਣੇ ਹਮਵਤਨੀ ਇਸ ਪੰਜਾਬੀ ਦਰਵੇਸ਼ ਦੀ ਨਾ ਸਿਰਫ ਜਾਣਕਾਰੀ ਸੀ, ਸਗੋਂ ਉਹ ਉਨ੍ਹਾਂ ਦੀ ਪੰਜਾਬੀ ਕਾਵਿ-ਰਚਨਾ ਤੋਂ ਵੀ ਵਾਕਿਫ਼ ਸਨ।

ਜਦੋਂ ਵੀ ਕਦੇ ਸੂਫ਼ੀ ਕਾਵਿ ਦਾ ਜ਼ਿਕਰ ਹੁੰਦਾ ਹੈ, ਤਾਂ ਬਾਬਾ ਫ਼ਰੀਦ ਦਾ ਨਾਂ ਅਵੱਲ ਆਉਂਦਾ ਹੈ।

ਸੂਫ਼ੀ ਫ਼ਕੀਰ ਧਾਰਮਿਕ ਕੱਟੜਤਾ ਨੂੰ ਨਹੀਂ ਸਨ ਮੰਨਦੇ। ਇਸ ਲਈ ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਲੋਕ-ਬੋਲੀ ਵਿਚ ਪ੍ਰਚਲਿਤ ਬਿੰਬਾਂ, ਪ੍ਰਤੀਕਾਂ ਅਤੇ ਸਥਾਨਕ ਕਾਵਿ-ਰੂਪਾਂ ਅਤੇ ਛੰਦਾਂ ਵਿਚ ਪ੍ਰਗਟਾਇਆ।

ਔਰੰਗਜ਼ੇਬ ਨੇ ਤਲਵਾਰ ਦੇ ਜ਼ੋਰ 'ਤੇ ਓਨੇ ਲੋਕ ਮੁਸਲਮਾਨ ਨਹੀਂ ਬਣਾਏ, ਜਿੰਨੇ ਬਾਬਾ ਫਰੀਦ ਸਾਹਬ ਦੀ ਮਿੱਠੀ ਬਾਣੀ ਨੇ ਬਣਾਏ... ਅੱਜ ਦੇ ਔਰੰਗਜ਼ੇਬਾਂ ਨੂੰ ਬਾਬਾ ਫ਼ਰੀਦ ਜੀ ਤੋਂ ਸਿੱਖਣ ਦੀ ਲੋੜ ਹੈ..!!

ਫ਼ਰੀਦ ਜੀ ਨੇ ਆਧੁਨਿਕ ਪੰਜਾਬੀ ਨੂੰ ਆਪਣੀ ਰਚਨਾ ਦਾ ਮਾਧਿਅਮ ਬਣਾਇਆ ਤੇ ਪੰਜਾਬੀ ਸੂਫ਼ੀ-ਕਾਵਿ ਦੇ ਪਿਤਾਮਾ ਹੋ ਨਿਬੜੇ।

ਬਾਬਾ ਫ਼ਰੀਦ (ਫਰੀਦ-ਦੀਨ ਮਸਉਦ) ਦਾ ਜਨਮ ਜ਼ਿਲ੍ਹਾ ਮੁਲਤਾਨ ਦੇ ਪਿੰਡ ਖੋਤਵਾਲ 1173 ਈ: ਵਿਚ ਰਮਜ਼ਾਨ ਦੇ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਜਮਾਲੁਦੀਨ ਸੁਲੇਮਾਨ ਤੇ ਬੀਬੀ ਕਸੂਮ ਦੇ ਘਰ ਹੋਇਆ।

ਫਰੀਦ ਜੀ ਦੇ ਜੀਵਨ ਨੂੰ ਢਾਲਣ ਵਿਚ ਆਪ ਜੀ ਦੇ ਮਾਤਾ ਦਾ ਬਹੁਤ ਹੱਥ ਰਿਹਾ। ਮਾਤਾ ਦੇ ਪ੍ਰਭਾਵ ਸਦਕਾ ਹੀ ਆਪ ਬਚਪਨ ਵਿਚ ਹੀ ਪੱਕੇ ਨਮਾਜ਼ੀ ਬਣ ਗਏ ।

ਆਪ ਦੀ ਜ਼ੁਬਾਨ ਅਤੇ ਕਵਿਤਾ ਦੀ ਮਿਠਾਸ ਕਰਕੇ ਹੀ ਆਪ ਨੂੰ ਸ਼ਕਰ-ਗੰਜ ਦੀ ਉਪਾਧੀ ਹਾਸਲ ਹੈ..!! ਚਾਹੇ ਧਾਰਮਿਕ ਦੁਕਾਨਦਾਰਾਂ ਵੱਲੋਂ ਆਪ ਨਾਲ ਬਹੁਤ ਸਾਰੀਆਂ ਕਰਾਮਾਤਾਂ ਕਹਾਣੀਆਂ ਜੋੜ ਦਿੱਤੀਆਂ ਗਈਆਂ ਨੇ ਪਰ ਆਪ ਨੇ ਆਪਣੇ ਜੀਵਨ ਵਿਚ ਕਰਾਮਾਤ ਨਾਲੋਂ ਮੁਲਾਕਾਤ ਤੇ ਮਨੁੱਖੀ ਫਰਜ਼ਾਂ ਨੂੰ ਮਹੱਤਤਾ ਦਿੱਤੀ ਹੈ..!!

ਆਪ ਨੇ ਦਿੱਲੀ ਵਿਚ ਚਿਸ਼ਤੀ ਸੂਫ਼ੀ ਸੰਪ੍ਰਦਾਇ ਵਿਚ ਸ਼ਮੂਲੀਅਤ ਕੀਤੀ ਅਤੇ ਉਹ ਮਸ਼ਹੂਰ ਸੂਫ਼ੀ ਦਰਵੇਸ਼ ਸਾਈਂ ਕੁਤਬੁਦੀਨ ਬਖ਼ਤਿਆਰ ਕਾਕੀ ਦੇ ਮੁਰੀਦ ਬਣੇ..!! ਆਪ ਦਾ ਮੁਰਸ਼ਦ ਪਿਆਰ ਵਿਚ ਏਥੋਂ ਤੱਕ ਕਿਹਾ:-

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸ
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਦੀ ਆਸ॥

ਆਪ ਆਪਣੇ ਸਮੇਂ ਦੀ ਉੱਚ-ਕੋਟੀ ਦੀ ਸ਼ਖ਼ਸੀਅਤ, ਮਹਾਨ ਵਿਦਵਾਨ, ਸਤਿਕਾਰੇ ਗਏ ਬਜ਼ੁਰਗ ਨੇਤਾ ਅਤੇ ਮੰਨੇ-ਪ੍ਰਮੰਨੇ ਕਵੀ ਸਨ।

ਬਾਬਾ ਫ਼ਰੀਦ ਜੀ ਨੇ ਆਪਣੇ ਪਿਆਰੇ ਪ੍ਰੀਤਮ ਨੂੰ ਪਾਉਣ ਲਈ ਬਹੁਤ ਕਰੜੀ ਤਪੱਸਿਆ ਕੀਤੀ। ਪ੍ਰਮਾਤਮਾ ਜਿਸ ਦੀ ਭਾਲ ਵਿਚ ਉਨ੍ਹਾਂ ਭੁੱਖੇ ਢਿੱਡ ਭਗਤੀ ਕੀਤੀ ਤੇ ਜੰਗਲਾਂ ਵਿਚ ਭਟਕਦੇ ਰਹੇ, ਓੜਕ ਉਨ੍ਹਾਂ ਇਹ ਅਨੁਭਵ ਕੀਤਾ ਕਿ ਪ੍ਰਮਾਤਮਾ ਕਿਤੇ ਜਾ ਕੇ ਲੱਭਣ ਦੀ ਲੋੜ ਨਹੀਂ, ਉਹ ਸਾਡੇ ਅੰਦਰ ਹੀ ਵਸਦਾ ਏ। ਫ਼ਰੀਦ ਜੀ ਅਨੁਸਾਰ ਸਿਰਫ਼ ਹਿਰਦਾ ਸੱਚਾ ਹੋਣਾ ਚਾਹੀਦਾ...

ਫ਼ਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥

ਬਾਬਾ ਫਰੀਦ ਜੀ ਦੀ ਸਮੁੱਚੀ ਰਚਨਾ ਉਨ੍ਹਾਂ ਦੀ ਜ਼ਿੰਦਗੀ ਦਾ ਨਿਚੋੜ ਹੈ। ਬਾਬਾ ਫਰੀਦ ਜੀ ਦੇ ਵਿਚਾਰਾਂ ਦਾ ਘੇਰਾ ਐਨਾ ਵਿਸ਼ਾਲ ਹੈ ਕਿ ਉਨ੍ਹਾਂ ਦੀ ਕਵਿਤਾ ਨੂੰ ਉੱਚ ਪੱਧਰ ਦੀ ਅਤੇ ਗੁਰਮਤਿ ਅਨੁਸਾਰ ਹੋਣ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਗਿਆ।

ਪੰਜਾਬੀ ਐਨੀ ਅਮੀਰ ਭਾਸ਼ਾ ਹੈ ਕਿ ਅੱਜ ਤੋਂ ਅੱਠ ਸੌ ਸਾਲ ਪਹਿਲਾਂ ਮਹਾਨ ਫ਼ਕੀਰ ਨੇ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਪੰਜਾਬੀ ਭਾਸ਼ਾ ਨੂੰ ਚੁਣਿਆ। ਐਨੀ ਅਮੀਰੀ ਹੋਰ ਕਿਸ ਭਾਸ਼ਾ 'ਚ ਹੈ।

ਫਰੀਦ ਜੀ ਜੀਵਨ ਦੀ ਨਾਸ਼ਵਾਨਤਾ ਤੋਂ ਮਨੁੱਖ ਨੂੰ ਜਾਣੂ ਕਰਾਉਂਦੇ ਹਨ :-

ਫ਼ਰੀਦਾ ਮੰਡਪ ਮਾਲੀਆ ਏਤੁ ਨ ਲਾਏ ਚਿਤੁ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥

ਬਾਬਾ ਜੀ ਅਨੁਸਾਰ ਉਪਰੋਕਤ ਕਹਿਣ ਦਾ ਮਤਲਬ ਇਹ ਨਹੀਂ ਹੈ ਕਿ ਜੀਵਨ ਤੋਂ ਹੀ ਮੂੰਹ ਮੋੜ ਲਿਆ ਜਾਵੇ। ਇਸ ਦਾ ਉਦੇਸ਼ ਇਹ ਹੈ ਕਿ ਭੋਗ ਵਿਲਾਸ ਦਾ ਜੀਵਨ ਮਾਰਗ ਛੱਡਕੇ ਸਾਦਾ ਪਰ ਅਰਥ ਭਰਪੂਰ ਜੀਵਨ ਜੀਵਿਆ ਜਾਵੇ।

ਬਾਬਾ ਫ਼ਰੀਦ ਜੀ ਰੱਬ ਦੀ ਰਜ਼ਾ 'ਚ ਰਹਿਣ ਵਾਲਾ ਤੇ ਸਦਾਚਾਰੀ ਭਰਿਆ ਜੀਵਨ ਜਿਉਣ ਲਈ ਪ੍ਰੇਰਦੇ ਹਨ...!

ਦਿਲ ਦੀ ਭਟਕਣਾ ਦੂਰ ਕਰਕੇ ਮਾਲਕ ਦੀ ਬੰਦਗੀ ਕਰ, ਫ਼ਕੀਰਾਂ ਨੂੰ ਤਾਂ ਰੁੱਖਾਂ ਵਰਗਾ ਜਿਗਰਾ ਕਰਨਾ ਚਾਹੀਦਾ ਹੈ, ਜਿਨ੍ਹਾਂ ਨੂੰ ਲੋਕ ਕੱਟ ਕੇ ਵੀ ਲੈ ਜਾਂਦੇ ਹਨ, ਫਿਰ ਵੀ ਉਹ ਫ਼ਲ ਦਿੰਦੇ ਰਹਿੰਦੇ ਹਨ।

"ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ
ਦਰਵੇਸਾਂ ਨੋ ਲੋੜੀਐ ਰੁੱਖਾਂ ਦੀ ਜੀਰਾਂਦਿ॥"

ਉਹ ਜੀਵਨ-ਜਾਚ ਅਸਲ ਵਿਚ ਪੰਛੀਆਂ ਕੋਲੋਂ ਸਿੱਖਣ ਲਈ ਕਹਿੰਦੇ ਹਨ:-

"ਫਰੀਦਾ ਹਉ ਬਲਿਹਾਰੀ ਤਿਨ੍ਹ ਪੰਖੀਆ ਜੰਗਲਿ ਜਿਨ੍ਹਾ ਵਾਸੁ॥
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ੍ ਪਾਸੁ॥"

ਫ਼ਰੀਦ ਜੀ ਜੀਵ ਨੂੰ ਦੁੱਖ ਤੇ ਸੁੱਖ ਇਕ ਕਰਕੇ ਮੰਨ ਕੇ ਬੁਰਾਈਆਂ ਨੂੰ ਮਨੋਂ ਕੱਢਣ ਲਈ ਕਹਿੰਦੇ ਹਨ, ਫ਼ੇਰ ਜੋ ਪ੍ਰਮਾਤਮਾ ਨੂੰ ਭਾਵੇ ਓਹੀ ਚੰਗਾ ਕਰਕੇ ਜਾਣ। ਤਦ ਹੀ ਤੈਨੂੰ ਦਰਗਾਹ ਦੀ ਪ੍ਰਾਪਤੀ ਹੋਵੇਗੀ:-

"ਫ਼ਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ॥
ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰ॥"

"ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨਾ ਦੇਇ॥
ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹਿ॥"

ਬਾਬਾ ਫ਼ਰੀਦ ਜੀ ਅਨੁਸਾਰ ਇਹ ਜੀਵਨ ਨਾਸ਼ਵਾਨ ਹੈ। ਅਸੀਂ ਇਥੇ ਸਦਾ ਲਈ ਨਹੀਂ ਬਹਿਣਾ। ਧੰਨ-ਦੌਲਤ, ਮਾਲ ਔਲਾਦ ਸਭ ਦਿਖਾਵਾ ਹੈ ਅਤੇ ਜ਼ਿੰਦਗੀ ਦੀ ਸੋਭਾ ਹਨ। ਪਰ ਨੇਕ ਕੰਮਾਂ ਨੇ ਚਿਰ ਸਥਾਈ ਰਹਿਣਾ ਹੈ। ਇਸ ਲਈ ਫ਼ਰੀਦ ਜੀ ਜੀਵ ਨੂੰ ਕੁਰਾਹੇ ਜਾਣ ਤੋਂ ਮੋੜਦੇ ਹੋਏ ਮੌਤ ਦਾ ਚੇਤਾ ਵਾਰ-ਵਾਰ ਕਰਵਾਉਂਦੇ ਹਨ:-

"ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰਕ ਤਾਈ ਨੀਰੁ॥"

ਉਨ੍ਹਾਂ ਦੇ ਸਲੋਕਾਂ ਸ਼ਬਦਾਂ ਵਾਂਗ ਹੀ ਉਨ੍ਹਾਂ ਦੇ ਕੀਤੇ ਪ੍ਰਵਚਨ ਵੀ ਮਨੁੱਖ ਦਾ ਮਾਰਗ-ਦਰਸ਼ਨ ਕਰਦੇ ਰਹਿਣਗੇ, ਉਹ ਮਨੁੱਖ ਨੂੰ ਆਪਣੇ ਪ੍ਰਵਚਨਾਂ ਰਾਹੀਂ ਸਮਝਾਉਂਦੇ ਹੋਏ ਕਹਿੰਦੇ ਹਨ:-

- ਜਿਹੋ ਜਿਹਾ ਮਨੁੱਖ ਹੋਵੇ ਉਹ ਹੀ ਲੋਕਾਂ ਨੂੰ ਵਿਖਾਵੇ, ਵਰਨਾ ਅਸਲੀਅਤ ਖ਼ੁਦ-ਬਖ਼ੁਦ ਜ਼ਾਹਰ ਹੋ ਜਾਂਦੀ ਹੈ।
- ਉਹ ਚੀਜ਼ ਨਾ ਵੇਚੋ ਜੋ ਖਰੀਦੀ ਨਹੀਂ ਜਾ ਸਕਦੀ ।
- ਹਰ ਸ਼ਖ਼ਸ਼ ਦੀ ਰੋਟੀ ਨਾ ਖਾਹ, ਹਰ ਸ਼ਖ਼ਸ਼ ਨੂੰ ਆਪਣੀ ਰੋਟੀ ਖਵਾ।
- ਜੋ ਤੈਥੋਂ ਡਰਦਾ ਹੈ, ਉਸ ਤੋਂ ਹਮੇਸ਼ਾ ਫਿਕਰਮੰਦ ਰਹਿ ਅਤੇ ਖਤਰਾ ਮਹਿਸੂਸ ਕਰ।
- ਜ਼ਲੀਲ ਹੋ ਕੇ ਵੀ ਜੇ ਕੋਈ ਹੁਨਰ ਸਿੱਖਿਆ ਜਾ ਸਕਦਾ ਹੈ, ਤਾਂ ਸਿੱਖ ਲੈ।
- ਆਪਣੇ ਜੀਵਨ ਦੀ ਗਰਮਾਈ ਤੇ ਇੱਕ ਕੰਮ ਕਰਨ ਦੀ ਤੀਬਰਤਾ ਨੂੰ ਲੋਕਾਂ ਦੀਆਂ ਠੰਡੀਆਂ ਗੱਲਾਂ ਸੁਣ ਕੇ ਛੱਡ ਨਹੀਂ ਦੇਣਾ ਚਾਹੀਦਾ।
- ਅਸਲ ਵਿਚ ਨਾਦਾਨ ਪਰ ਬਾਹਰੋਂ ਆਪਣੇ ਆਪ ਨੂੰ ਅਕਲਮੰਦ ਜ਼ਾਹਰ ਕਰਨ ਵਾਲੇ ਨੂੰ ਮਿਲਣ ਤੋਂ ਪ੍ਰਹੇਜ਼ ਕਰ।

ਰੱਬ ਦੀ ਰਜ਼ਾ ਨੂੰ ਜੀਵਨ ਦਾ ਮਨੋਰਥ ਮਿੱਥਿਆ ਹੈ! ਬਾਬਾ ਫ਼ਰੀਦ ਜੀ ਜਿੱਥੇ ਇਕ ਸੱਚੇ ਸੂਫ਼ੀ ਵਜੋਂ ਸਾਡਾ ਜੀਵਨ ਮਾਰਗ-ਦਰਸ਼ਕ ਕਰਦੇ ਹਨ, ਉਥੇ ਹੀ ਉਨ੍ਹਾਂ ਨੇ ਕਾਵਿ ਬਣਤਰ ਦੇ ਵੱਡੇ ਗਿਆਤਾ ਹੋਣ ਕਰਕੇ ਉੱਚ-ਪੱਧਰ ਦੀ ਸੂਫ਼ੀ ਰਚਨਾ ਪੰਜਾਬੀ ਸਾਹਿਤ ਦੀ ਝੋਲ਼ੀ ਪਾਈ। ਇਸੇ ਕਰਕੇ ਬਾਬਾ ਫ਼ਰੀਦ ਜੀ ਅੱਜ ਪੰਜਾਬੀ ਅਦਬ ਦਾ ਵੱਡਾ ਨਾਂ ਏ। ਆਓ, ਬਾਬਾ ਫ਼ਰੀਦ ਦੇ ਸਲੋਕਾਂ ਤੇ ਪ੍ਰਵਚਨਾਂ ਨੂੰ ਆਪਣੇ ਜੀਵਨ ਦਾ ਅੰਗ ਬਣਾ ਲਈਏ, ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾ ਹੋਵੇਗੀ। ਨਹੀਂ ਬਾਬਾ ਫਰੀਦ ਸਾਡਾ ਹਾਲ ਦੇਖੁ ਕੇ ਫਿਰ ਕਹਿਣਗੇ...

"ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ॥
ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥
ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰੁ ਥੀਏ॥"

# ਸਿੱਖ ਜੱਗਤ ਇਕੱਠਾ ਹੋ ਕੇ ਕੌਮੀ ਇਨਸਾਫ ਮੋਰਚੇ ਵਲੋਂ ਸ਼ੁਰੂ ਕੀਤੇ ਸੰਘਰਸ਼ ਨੂੰ ਸਫਲ ਬਣਾਵੇ !!






**ਜੰਗ ਸਿੰਘ**
ਸੀਨੀਅਰ ਪੱਤਰਕਾਰ ਸ੍ਰੀ ਅਨੰਦਪੁਰ ਸਾਹਿਬ
ਮੋਬਾਇਲ ਨੰ : +1-415-603-7380
(Punjab Mail USA)


ਕੌਮੀ ਇਨਸਾਫ ਮੋਰਚੇ ਨੇ 7 ਜਨਵਰੀ, 2023 ਨੂੰ ਚਾਰ ਸਿੱਖ ਮੁੱਖ ਮੰਗਾਂ ਜਿਸ ਵਿਚ ਸਾਲ 2015 ਵਿਚ ਪਿੰਡ ਜਵਾਹਰੇ ਕੇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਚੋਰੀ ਕਰਨ ਉਪਰੰਤ 600 ਅੰਗਾਂ ਨੂੰ ਪਾੜ ਕੇ ਗਲੀਆਂ ਵਿਚ ਖਿਲਾਰਣ ਵਾਲੇ ਦੋਸ਼ੀਆਂ ਨੂੰ ਫੜਣ, ਕੋਟਕਪੁਰਾ ਤੇ ਬਹਿਬਲ ਕਲਾਂ ਗੋਲੀਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਅਤੇ ਬੰਦੀ ਸਿੰਘ ਜਿਨ੍ਹਾਂ ਨੇ ਸਿੱਖ ਸੰਘਰਸ਼ ਦੌਰਾਨ ਵੱਖ-ਵੱਖ ਦੋਸ਼ਾਂ ਤਹਿਤ ਉਮਰ ਕੈਦ ਤੋਂ ਵੀ ਦੁੱਗਣੀਆਂ ਸਜ਼ਾਵਾਂ ਤੱਕ ਪੂਰੀਆਂ ਕਰ ਲਈਆਂ ਹਨ, ਨੂੰ ਪੱਕੇ ਤੌਰ 'ਤੇ ਰਿਹਾਅ ਕੀਤਾ ਜਾਵੇ, ਦੀਆਂ ਮੰਗਾਂ ਨੂੰ ਲੈ ਕੇ ਮੋਹਾਲੀ ਚੰਡੀਗੜ੍ਹ ਬਾਰਡਰ ਜਿਥੇ ਕੌਮੀ ਸਿੱਖ ਮੋਰਚੇ ਦੇ ਯੋਧਿਆਂ ਨੂੰ ਮੁਜ਼ਾਹਰਾ ਕਰਕੇ ਚੰਡੀਗੜ੍ਹ ਜਾਂਦੇ ਹੋਏ ਜੱਥੇ ਨੂੰ ਪੁਲਿਸ ਨੇ ਜਬਰੀ ਰੋਕਿਆ ਸੀ, ਉਸੇ ਸਥਾਨ 'ਤੇ ਉਨ੍ਹਾਂ ਨੇ ਪੱਕੇ ਤੌਰ 'ਤੇ ਟੈਂਟ ਲਗਾ ਕੇ ਉਸ ਥਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸੁੱਤੀ ਪਈ ਸਰਕਾਰ ਨੂੰ ਜਗਾਉਣ ਲਈ 26 ਜਨਵਰੀ, 2023 ਨੂੰ ਮੁਹਾਲੀ ਵਿਖੇ ਲਾ ਮਿਸਾਲ ਰੋਸ ਮਾਰਚ ਕੀਤਾ ਸੀ, ਜਿਸ ਬਾਰੇ ਅਖਬਾਰਾਂ ਵਿਚ ਖਬਰਾਂ ਵੀ ਪ੍ਰਕਾਸ਼ਿਤ ਹੋਈਆਂ ਸਨ। ਮੀਡੀਏ ਵਲੋਂ ਇਹ ਦੱਸਿਆ ਗਿਆ ਸੀ ਕਿ ਸਿੱਖ ਸੰਗਤਾਂ ਵਿਚ ਕੇਂਦਰ ਦੀ ਭਾਜਪਾ ਸਰਕਾਰ ਪ੍ਰਤੀ ਇਤਨਾ ਰੋਸ ਸੀ ਕਿ ਇਹ ਮਾਰਚ 18 ਕਿਲੋਮੀਟਰ ਤੋਂ ਕਿਤੇ ਵਧੇਰੇ ਲੰਮੇਰਾ ਸੀ। ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਸਿੱਖ ਕੌਮ ਦੀਆਂ ਸਾਂਝੀਆਂ ਮੰਗਾਂ ਹੋਣ 'ਤੇ ਲੜਾਈ ਸਿਰਫ ਕੌਮੀ ਇਨਸਾਫ ਮੋਰਚੇ, ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਆਦਿ ਜਥੇਬੰਦੀਆਂ ਹੀ ਲੜ੍ਹ ਰਹੀਆਂ ਹਨ। ਬਾਕੀ ਸਿੱਖ ਜਥੇਬੰਦੀਆਂ ਤੇ ਸਿੱਖ ਜਗਤ ਦਾ ਇਕੱਠਿਆਂ ਨਾ ਹੋਣ ਦਾ ਨਤੀਜਾ ਹੈ ਕਿ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਵਿਚ ਤੇ ਹੋਰ ਮੰਗਾਂ ਨੂੰ ਪ੍ਰਵਾਨ ਕਰਾਉਣ ਵਿਚ ਸਰਕਾਰ ਦੀ ਬੇਰੁਖੀ ਚਲੀ ਆ ਰਹੀ ਹੈ। ਕੌਮੀ ਇਨਸਾਫ ਮੋਰਚੇ ਦੇ ਆਗੂਆਂ ਨੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਤੋਂ ਵੀ ਇਕ ਰੋਸ ਸ਼ੁਰੂ ਕਰਕੇ ਪੰਜਾਬ ਦੇ ਗਵਰਨਰ ਨੂੰ ਮਿਲਣ ਲਈ ਚੰਡੀਗੜ੍ਹ ਲਈ ਰਵਾਨਾ ਹੋਇਆ ਸੀ, ਉਸ ਨਾਲ ਮੀਟਿੰਗ ਦੌਰਾਨ ਜੋ ਗੱਲਬਾਤ ਹੋਈ ਸੀ, ਜਿਸ ਵਿਚ ਉਨ੍ਹਾਂ ਨੇ ਇਹ ਕਿਹਾ ਸੀ ਕਿ ਉਹ ਉਨ੍ਹਾਂ ਨੂੰ ਬੰਦੀ ਸਿੰਘ ਜਿਨ੍ਹਾਂ ਦੀ ਰਿਹਾਈ ਦੀ ਉਹ ਮੰਗ ਕਰ ਰਹੇ ਹਨ ਤੇ ਉਨ੍ਹਾਂ ਨੇ ਕਿੰਨੀਆਂ-ਕਿੰਨੀਆਂ ਸਜ਼ਾਵਾਂ ਕੱਟ ਲਈਆਂ ਹਨ, ਉਨਾਂ ਦੀ ਲਿਸਟ ਦੇਣ ਤਾਂ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਹ ਮੰਗੀ ਜਾਣਕਾਰੀ ਕੌਮੀ ਇਨਸਾਫ ਮੋਰਚੇ ਦੇ ਆਗੂਆਂ ਵਲੋਂ ਨਿਸ਼ਚਿਤ ਸਮੇਂ ਵਿਚ ਪੰਜਾਬ ਦੇ ਗਵਰਨਰ ਸ਼੍ਰੀ ਬਨਵਾਰੀ ਲਾਲ ਪ੍ਰੋਹਿਤ ਨੂੰ ਦੇ ਵੀ ਦਿੱਤੀ ਸੀ। ਕੌਮੀ ਇਨਸਾਫ ਮੋਰਚੇ ਦੇ ਆਗੂਆਂ ਦੀ ਇਕ ਹੋਰ ਮੀਟਿੰਗ 14 ਅਗਸਤ, 2023 ਨੂੰ ਇਨ੍ਹਾਂ ਮੰਗਾਂ ਦੇ ਸਬੰਧ ਵਿਚ ਪੰਜਾਬ ਦੇ ਗਵਰਨਰ ਨਾਲ ਹੋਈ ਸੀ, ਜਿਸ ਵਿਚ ਉਨ੍ਹਾਂ ਨੇ ਫਿਰ 10 ਦਿਨ ਦਾ ਸਮਾਂ ਮੰਗਿਆ ਸੀ। ਇਥੇ ਦੱਸਣਾ ਬਣਦਾ ਹੈ ਕਿ ਇਕ ਸਾਲ ਪਹਿਲਾਂ ਵੀ ਇਹੋ ਗੱਲ ਪੰਜਾਬ ਦੇ ਗਵਰਨਰ ਨੇ ਸਿੱਖ ਆਗੂਆਂ ਨਾਲ ਇਕ ਮਿਲਣੀ ਦੌਰਾਨ ਸਤ ਦਿਨਾਂ ਦਾ ਸਮਾਂ ਮੰਗਣ ਵਾਲੀ ਗੱਲ ਦਾ ਜ਼ਿਕਰ ਕੀਤਾ ਸੀ, ਉਸੇ ਸਮੇਂ ਸਿੱਖ ਆਗੂਆਂ ਨੇ ਗਵਰਨਰ ਸਾਹਿਬ ਨੂੰ ਚੇਤੇ ਕਰਵਾਉਂਦਿਆ ਕਿਹਾ ਸੀ ਕਿ ਇਹ ਗੱਲ ਤਾਂ ਤੁਸੀ ਇਕ ਸਾਲ ਪਹਿਲਾਂ ਵੀ ਕਹਿ ਚੁੱਕੇ ਹੋ ਪਰ ਹਾਲੇ ਤੱਕ ਮਸਲਾ ਉਥੇ ਦਾ ਉਥੇ ਹੁਣ ਤੱਕ ਖੜ੍ਹਾ ਹੈ। ਕੋਈ ਨਤੀਜਾ ਨਹੀਂ ਨਿਕਲਿਆ ? ਇਹ ਸੁਣ ਕੇ ਗਵਰਨਰ ਸਾਹਿਬ ਝਿੱਥੇ ਜਿਹੇ ਤਾਂ ਜ਼ਰੂਰ ਪੈ ਗਏ ਸਨ। ਇਹ ਲਫਜ਼ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਨ ਕਿ ਪੰਜਾਬ ਦੇ ਗਵਰਨਰ ਸਮੇਤ ਕੇਂਦਰ ਦੀ ਸਰਕਾਰ ਇਸ ਮਸਲੇ ਨੂੰ ਹੱਲ ਕਰਨ ਦੀ ਬਜਾਏ ਇਸ ਨੂੰ ਲਟਕਾ ਕੇ ਰੱਖਣਾ ਚਾਹੁੰਦੀ ਹੈ। ਹੁਣ ਜੇਕਰ ਇਨ੍ਹਾਂ ਮਸਲਿਆਂ 'ਤੇ ਝਾਤ ਮਾਰੀਏ, ਤਾਂ ਸਾਲ 2015 ਵਿਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ ਜਾਂ ਗੋਲੀ ਚੱਲੀ ਸੀ, ਜਿਸ ਵਿਚ ਦੋ ਬੇਦੋਸ਼ੇ ਸਿੱਖ ਨੌਜੁਆਨਾਂ ਦੀ ਮੌਤ ਹੋਈ ਸੀ, ਉਸ ਸਮੇਂ ਪੰਜਾਬ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਰਾਜ ਕਰ ਰਹੀ ਸੀ, ਜਿਸ ਦੇ ਆਗੂ ਖੁਦ ਸ੍ਰੀ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਸਨ। ਇਹ ਲੀਡਰਸ਼ਿਪ ਇੰਨੀ ਸੁਆਰਥੀ ਸੀ ਕਿ ਉਨ੍ਹਾਂ ਨੂੰ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਧ ਸਿਰਸੇ ਵਾਲੇ ਸਾਧ ਦੀਆਂ ਵੋਟਾਂ ਪਿਆਰੀਆਂ ਸਨ, ਜਿਸ ਕਰਕੇ ਦੋਸ਼ੀਆਂ ਦਾ ਪਤਾ ਹੋਣ ਦੇ ਬਾਵਜੂਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿੱਛੇ ਸਿਰਸੇ ਵਾਲੇ ਬਾਬੇ ਰਾਮ ਰਹੀਮ ਸਿੰਘ ਦਾ ਹੱਥ ਹੈ। ਉਨ੍ਹਾਂ ਨੂੰ ਫੜ੍ਹਿਆ ਨਹੀਂ ਗਿਆ। ਇਸੇ ਅਖੌਤੀ ਸਾਧ ਰਾਮ ਰਹੀਮ ਸਿੰਘ ਜਿਸ ਨੇ ਦਸਮ ਪਾਤਸ਼ਾਹ ਦੇ ਅੰਮ੍ਰਿਤ ਦੀ ਨਕਲ ਕਰਦਿਆਂ 'ਜਾਮ ਇਨਸਾਂ' ਪਿਆ ਕੇ ਇਕ ਤਰ੍ਹਾਂ ਨਾਲ ਸਿੱਖ ਧਰਮ ਦੀ ਖਿੱਲ਼ੀ ਉਡਾਈ ਸੀ, ਉਸੇ ਸਾਧ ਨੂੰ ਸ੍ਰੀ ਅਕਾਲ ਤਖਤ ਤੋਂ ਬਿਨ ਮੁਆਫੀ ਮੰਗੇ ਸ. ਪ੍ਰਕਾਸ਼ ਸਿੰਘ ਬਾਦਲ ਤੇ ਉਸ ਦੇ ਸਪੁੱਤਰ ਸੁਖਬੀਰ ਸਿੰਘ ਬਾਦਲ ਨੇ ਸਿੱਖ ਪੰਥ ਦੇ ਪੰਜ ਜਥੇਦਾਰਾਂ ਕੋਲੋਂ ਜਬਰੀ ਮੁਆਫੀ ਦੁਆਈ ਗਈ ਸੀ। ਜਿਸ ਦਾ ਸਿੱਖ ਪੰਥ ਨੇ ਸਖਤ ਵਿਰੋਧ ਕੀਤਾ, ਤਾਂ ਇਸ ਮੁਆਫੀ ਨੂੰ ਸਹੀ ਦਰਸਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਲਗਭਗ ਇਕ ਕਰੋੜ ਰੁਪਏ ਦੇ ਵੱਖ-ਵੱਖ ਅਖਬਾਰਾਂ ਨੂੰ ਇਸ਼ਤਿਹਾਰ ਦਿੱਤੇ ਗਏ। ਇਸ ਦੇ ਬਾਵਜੂਦ ਜਦੋਂ ਸਿੱਖ ਕੌਮ ਨੇ ਇਸ ਦਾ ਵਿਰੋਧ ਜਾਰੀ ਰੱਖਿਆ, ਤਾਂ ਫਿਰ ਕਿਧਰੇ ਜਾ ਕੇ ਮਜਬੂਰ ਹੋ ਕੇ ਉਸੇ ਮੁਆਫੀ ਨੂੰ ਸਿੱਖ ਕੌਮ ਦੇ ਜਥੇਦਾਰਾਂ ਨੂੰ ਰੱਦ ਕਰਨਾ ਪਿਆ ਸੀ। ਉਪਰੰਤ ਕਾਂਗਰਸ ਪਾਰਟੀ ਦੀ ਸਰਕਾਰ ਜਿਸ ਦੀ ਅਗਵਾਈ ਕੈਪਟਨ ਅਮਰਿੰਦਰ ਸਿੰਘ ਪੰਜ ਸਾਲਾਂ ਤੱਕ ਕਰਦੇ ਰਹੇ, ਸਜ਼ਾਵਾਂ ਦੇਣ ਦਾ ਵਾਅਦਾ ਕਰਕੇ ਉਨ੍ਹਾਂ ਵਲੋਂ ਵੀ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣਾ। ਉਪਰੰਤ ਆਮ ਆਦਮੀ ਪਾਰਟੀ ਦੀ ਸਰਕਾਰ ਜਿਸ ਨੂੰ ਹੋਂਦ ਵਿਚ ਆਇਆਂ ਡੇਢ ਸਾਲ ਤੋਂ ਵਧੇਰੇ ਦਾ ਸਮਾਂ ਹੋ ਗਿਆ ਹੈ, ਜਿਹੜੀ ਪਾਰਟੀ ਆਪਣੇ ਆਪ ਨੂੰ ਰਵਾਇਤੀ ਪਾਰਟੀਆਂ ਤੋਂ ਵੱਖਰਾ ਦੱਸਦੀ ਸੀ। ਇਸ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜਿਨ੍ਹਾਂ ਨੇ ਆਪਣੇ ਸਿਰ 'ਤੇ ਸ਼ਹੀਦ ਭਗਤ ਸਿੰਘ ਦੀ ਪੱਗ ਦੇ ਰੰਗ ਵਾਲੀ ਬਸੰਤੀ ਪੱਗ ਸਜਾਈ ਹੋਈ ਹੈ, ਜਿਨ੍ਹਾਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਕਿਹਾ ਸੀ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਓ, ਅਸੀਂ ਇਕ ਮਹੀਨੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋਸ਼ੀਆਂ ਨੂੰ ਫੜ੍ਹ ਕੇ ਸਜ਼ਾਵਾਂ ਦੇਵਾਂਗੇ। ਅੱਜ ਇਸ ਪਾਰਟੀ ਦਾ ਕਿਰਦਾਰ ਵੀ ਰਵਾਇਤੀ ਪਾਰਟੀਆਂ ਵਰਗਾ ਬਣ ਜਾਣ ਕਰਕੇ ਇਸ ਪਾਰਟੀ ਨੇ ਵੀ ਮਸਲੇ ਨੂੰ ਹੱਲ ਕਰਨ ਦੀ ਹੁਣ ਤੱਕ ਪੂਣੀ ਵੀ ਨਹੀਂ ਕੱਤੀ। ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਤੋਂ ਵਿਧਾਨ ਸਭਾ ਮੈਂਬਰ ਕੰਵਰ ਪ੍ਰਤਾਪ ਸਿੰਘ ਕਈ ਵਾਰ ਪੰਜਾਬ ਸਰਕਾਰ ਦਾ ਧਿਆਨ ਇਸ ਮੰਗ ਵੱਲ ਦੁਆ ਚੁੱਕੇ ਹਨ, ਨਾ ਤਾਂ ਉਨ੍ਹਾਂ ਨੂੰ ਵਿਧਾਨ ਸਭਾ ਵਿਚ ਗੱਲ ਕਰਨ ਦਾ ਮੌਕਾ ਦਿੱਤਾ ਗਿਆ, ਨਾ ਹੀ ਮਸਲਾ ਹੱਲ ਕੀਤਾ ਹੈ। ਪਾਰਟੀ ਦੇ ਸੁਪਰੀਮੋ ਸ਼੍ਰੀ ਕੇਜਰੀਵਾਲ ਬਾਰੇ ਪੰਜਾਬੀਆਂ ਦੇ ਭੁਲੱਖੇ ਕਾਫੀ ਹੱਦ ਤੱਕ ਦੂਰ ਹੋ ਗਏ ਹਨ ਕਿ ਆਮ ਆਦਮੀ ਪਾਰਟੀ ਦੀ ਉਹ ਹੀ ਨੀਤੀ ਹੈ, ਜੋ ਭਾਜਪਾ ਦੀ ਹੈ। ਇਸ ਪਾਰਟੀ ਨੇ ਚੋਣਾਂ ਜਿੱਤਣ ਖਾਤਰ ਸਜ਼ਾਵਾਂ ਦੇਣ ਦੀ ਆਵਾਜ਼ ਬੁਲੰਦ ਕਰਕੇ ਪੰਜਾਬੀਆਂ ਦੀਆਂ ਵੋਟਾਂ ਬਟੋਰੀਆਂ ਹਨ, ਜਿਸ ਕਾਰਨ ਇਹ ਪਾਰਟੀ ਵੀ ਦਿਨ-ਬ-ਦਿਨ ਪੰਜਾਬੀਆਂ ਦੇ ਮਨੋਂ ਲਹਿ ਰਹੀ ਹੈ। ਪੰਜਾਬ ਦੇ ਲੋਕਾਂ ਦੇ ਮਸਲੇ ਉਂਝ ਦੇ ਉਂਝ ਬਰਕਰਾਰ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸ਼੍ਰੀ ਕੇਜਰੀਵਾਲ ਦੀ ਕਠਪੁੱਤਲੀ ਬਣ ਕੇ ਕਰੋੜਾਂ ਰੁਪਏ ਦੇ ਦੂਸਰੇ ਪ੍ਰਾਂਤਾਂ ਵਿਚ ਪੰਜਾਬ ਦੇ ਇਸ਼ਤਿਹਾਰ ਦੇ ਕੇ, ਆਮ ਆਦਮੀ ਪਾਰਟੀ ਦੀਆਂ ਚੋਣਾਂ ਵਿਚ ਸ਼੍ਰੀ ਕੇਜਰੀਵਾਲ ਨੂੰ ਪੰਜਾਬ ਦੇ ਚੌਪਰ ਵਿਚ ਬਿਠਾ ਕੇ ਦੂਜੇ ਪ੍ਰਾਤਾਂ ਜਿਥੇ ਚੋਣਾਂ ਹੋ ਰਹੀਆਂ ਹਨ, ਉਨ੍ਹਾਂ ਪ੍ਰਾਤਾਂ ਵਿਚ ਘੁੰਮਾ ਕੇ ਪੰਜਾਬ ਨੂੰ ਕਰਜ਼ੇ ਦੀ ਦਲਦਲ ਵਿਚ ਹੋਰ ਧਕਦੇ ਆ ਰਹੇ ਹਨ। ਪੰਜਾਬ ਦੇ ਲੋਕ ਇਹ ਸਭ ਕੁਝ ਵੇਖਦੇ ਆ ਰਹੇ ਹਨ। ਜਿਸ ਕਾਰਨ ਬਸੰਤੀ ਪੱਗੜ੍ਹੀ ਬੰਨਣ ਵਾਲੇ ਸ. ਮਾਨ ਵੀ ਹੁਣ ਪੰਜਾਬੀਆਂ ਦੀਆਂ ਅੱਖਾਂ ਵਿਚ ਰੜ੍ਹਕਣੇ ਸ਼ੁਰੂ ਹੋ ਗਏ ਹਨ। ਹਾਲਾਂਕਿ ਇਸ ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਸੰਗਰੂਰ ਦੀਆਂ ਚੋਣਾਂ ਵਿਚ ਹਾਰ ਦੁਆ ਕੇ ਇਕ ਟਰੇਲਰ ਰਾਹੀਂ ਪ੍ਰਤੱਖ ਦੱਸ ਦਿੱਤਾ ਸੀ ਕਿ ਪੰਜਾਬ ਦੇ ਲੋਕ ਸ਼੍ਰੀ ਕੇਜਰੀਵਾਲ ਜਿਸ ਨੇ ਸਾਰੇ ਪੰਜਾਬ ਨੂੰ ਆਪਣੀ ਜਕੜ ਵਿਚ ਲੈ ਰੱਖਿਆ ਹੈ, ਉਸ ਨੂੰ ਬਿਲਕੁਲ ਸਵੀਕਾਰ ਕਰਨ ਵਾਲੇ ਨਹੀਂ। ਕੌਮੀ ਇਨਸਾਫ ਮੋਰਚੇ ਦੇ ਪ੍ਰਮੁੱਖ ਇਕ ਆਗੂ ਬਾਪੂ ਤਰਲੋਕ ਸਿੰਘ ਜਿਹੜੇ ਕਿ ਭਾਈ ਜਗਤਾਰ ਸਿੰਘ ਹਵਾਰਾ ਦੇ ਪਿਤਾ ਹਨ, ਨੇ ਇਕ ਮੁਲਾਕਾਤ ਵਿਚ ਦੱਸਿਆ ਕਿ ਉਨ੍ਹਾਂ ਨੇ ਮੋਰਚਾ ਲਗਾਉਣ ਤੋਂ ਪਹਿਲਾਂ ਤੇ ਹੁਣ ਤੱਕ ਸਾਰੀਆਂ ਸਿੱਖ ਜਥੇਬੰਦੀਆਂ ਨਾਲ ਸੰਪਰਕ ਕੀਤਾ ਹੈ ਪਰ ਉਹ ਹਾਲੇ ਤੱਕ ਉਹ ਖਾਮੋਸ਼ ਬੈਠੀਆਂ ਹਨ। ਸਿੱਖ ਕੌਮ ਦੀ ਤ੍ਰਾਸਦੀ ਇਹ ਹੈ ਕਿ ਇਸ ਸਮੇਂ ਸਿੱਖ ਕੌਮ ਲੀਡਰ ਰਹਿਤ ਹੈ। ਸ਼੍ਰੋਮਣੀ ਅਕਾਲੀ ਦਲ ਜਿਸ ਨੇ ਪੰਜਾਬ ਵਿਚ ਲਗਭਗ ਤਿੰਨ ਦਹਾਕੇ ਰਾਜ ਹੀ ਨਹੀਂ ਕੀਤਾ, ਬਲਕਿ ਕੇਂਦਰ ਵਿਚ ਵੀ ਭਾਜਪਾ ਸਰਕਾਰ ਵਿਚ ਭਾਈਵਾਲ ਰਹੀ ਹੈ ਪਰ ਇਸ ਨੇ ਵੀ ਪੰਜਾਬ ਦਾ ਇਕ ਵੀ ਮਸਲਾ ਹੱਲ ਨਹੀਂ ਕਰਵਾਇਆ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪਾਣੀ ਤੇ ਡੈਮਾਂ ਆਦਿ ਸਭ ਮਸਲੇ ਉਂਝ ਦੇ ਉਂਝ ਲਟਕਦੇ ਆ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਬੰਦੀ ਸਿੰਘਾਂ ਨੂੰ ਰਿਹਾਅ ਕਰਾਉਣਾ ਤਾਂ ਦੂਰ ਦੀ ਗੱਲ ਸ. ਪ੍ਰਕਾਸ਼ ਸਿੰਘ ਬਾਦਲ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਨ, ਬੰਦੀ ਸਿੰਘਾਂ ਬਾਰੇ ਇੰਝ ਕਹਿ ਕੇ ਜੇਕਰ ਇਨ੍ਹਾਂ ਬੰਦੀ ਸਿੰਘਾਂ ਨੂੰ ਪੰਜਾਬ ਵਿਚ ਰੱਖਿਆ ਗਿਆ, ਤਾਂ ਪੰਜਾਬ ਦੇ ਅਮਨ-ਕਾਨੂੰਨ ਦੀ ਹਾਲਤ ਵਿਗੜ ਸਕਦੀ ਹੈ। ਬੰਦੀ ਸਿੰਘਾਂ ਨੂੰ ਪੰਜਾਬ ਵਿਚ ਰੱਖਣ ਦੀ ਥਾਂ 'ਤੇ ਦੂਸਰੇ ਪ੍ਰਾਂਤਾਂ ਵਿਚ ਭੇਜਦੀ ਰਹੀ ਹੈ। ਇਸੇ ਤਰ੍ਹਾਂ ਹੀ ਦਿੱਲੀ ਜਿਥੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਇਸ ਨੇ ਚੌਥੀ ਵਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਕੇਂਦਰ ਸਰਕਾਰ ਦੀ ਹੋਰ ਮਕਾਰੀ ਵੇਖੋ ਕਿ ਭਾਈ ਜਗਤਾਰ ਸਿੰਘ ਹਵਾਰਾ ਜਿਹੜੇ 1995 ਤੋਂ ਜੇਲ੍ਹ ਵਿਚ ਬੰਦ ਹਨ, ਉਨਾਂ ਵਿਰੁੱਧ ਹੁਣ 28 ਸਾਲਾਂ ਬਾਅਦ ਚਾਰਜਸ਼ੀਟ ਜਾਰੀ ਕੀਤੀ ਹੈ, ਜਿਸ ਦੀ ਸਤੰਬਰ ਵਿਚ ਸੁਣਵਾਈ ਰੱਖੀ ਗਈ ਹੈ, ਤਾਂ ਕਿ ਉਸ ਦੀ ਰਿਹਾਈ ਨੂੰ ਲਟਕਾਇਆ ਜਾ ਸਕੇ। ਜੋ ਸਰਕਾਰ ਦੀ ਸਿੱਖਾਂ ਪ੍ਰਤੀ ਮੰਦੀ ਸੋਚ ਦਾ ਪ੍ਰਗਟਾਵਾ ਕਰ ਰਹੀ ਹੈ। ਇਸ ਸਮੇਂ ਸਿੱਖ ਕੌਮ ਨੂੰ ਸੁਹਿਰਦ ਆਗੂ ਦੀ ਜ਼ਰੂਰਤ ਹੈ, ਜਿਹੜਾ ਪੰਜਾਬ ਦੇ ਮੁੱਖ ਮਸਲੇ ਹੱਲ ਕਰਵਾ ਸਕੇ। ਸਿੱਖ ਪੰਥ ਨੇ ਬਾਦਲਾਂ ਦੀਆਂ ਪੰਜਾਬ ਤੇ ਸਿੱਖ ਵਿਰੋਧੀ ਨੀਤੀਆਂ ਨੂੰ ਵੇਖਦਿਆਂ ਹੋਇਆਂ ਉਨ੍ਹਾਂ ਨੂੰ ਬਿਲਕੁਲ ਨਕਾਰ ਦਿੱਤਾ ਹੈ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਹਰਵਿੰਦਰ ਸਿੰਘ ਫੂਲਕਾ ਜਿਨ੍ਹਾਂ ਦਾ ਨਾਂ ਸਿੱਖ ਜਗਤ ਵਿਚ ਸਤਿਕਾਰ ਵਜੋਂ ਲਿਆ ਜਾਂਦਾ ਹੈ, ਉਨਾਂ ਨੂੰ ਇਨ੍ਹਾਂ ਬੰਦੀ ਸਿੰਘਾਂ ਨੂੰ ਰਿਹਾਅ ਕਰਾਉਣ ਦੀ ਬਾਂਹ ਫੜਣੀ ਚਾਹੀਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜ੍ਹੇ 'ਤੇ ਭਾਰਤ ਦੇ ਰਾਸ਼ਟਰਪਤੀ ਨੇ ਜਿਨ੍ਹਾਂ ਸਿੱਖ ਕੈਦੀਆਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ, ਉਨ੍ਹਾਂ ਦੀ ਰਿਹਾਈ ਦਾ ਐਲਾਨ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਸੁਲਤਾਨਪੁਰ ਲੋਧੀ ਵਿਖੇ ਕਰ ਚੁੱਕੇ ਹਨ। ਇਸ ਦੇ ਬਾਵਜੂਦ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਇਸ ਕਰਕੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਫੂਲਕਾ ਸਾਹਿਬ ਨੂੰ ਇਨ੍ਹਾਂ ਬੰਦੀ ਸਿੰਘਾਂ ਨੂੰ ਰਿਹਾਅ ਕਰਾਉਣ ਲਈ ਸੁਪਰੀਮ ਕੋਰਟ ਵਿਚ ਆਪਣੀ ਚਾਰਾਜੋਈ ਸ਼ੁਰੂ ਕਰਨੀ ਚਾਹੀਦੀ ਹੈ। ਇਸ ਸਬੰਧ ਵਿਚ ਕੌਮੀ ਇਨਸਾਫ ਮੋਰਚੇ ਦੇ ਆਗੂਆਂ ਨੂੰ ਵੀ ਸ. ਫੂਲਕਾ ਨਾਲ ਸੰਪਰਕ ਕਰਨਾ ਚਾਹੀਦਾ ਹੈ। ਸੰਸਾਰ ਭਰ ਦੇ ਸਿੱਖਾਂ ਜਿਨ੍ਹਾਂ ਦੇ ਮਨਾਂ ਵਿਚ ਪੰਜਾਬ ਪ੍ਰਤੀ ਮੋਹ ਹੈ, ਉਨਾਂ ਨੂੰ ਚਾਹੀਦਾ ਹੈ ਕਿ ਉਹ ਪਹਿਲਕਦਮੀ ਕਰਕੇ ਪੰਜਾਬ ਦੀਆਂ ਵੱਖ-ਵੱਖ ਪਾਰਟੀਆਂ ਦੇ ਈਮਾਨਦਾਰ ਆਗੂਆਂ 'ਭਾਜਪਾ ਨੂੰ ਛੱਡ ਕੇ', ਬੁੱਧੀਜੀਵੀਆਂ, ਸਿੱਖ ਚਿੰਤਕਾਂ, ਕਿਸਾਨ ਆਗੂਆਂ ਆਦਿ ਨੂੰ ਸ਼ਾਮਲ ਕਰਕੇ ਇਕ ਕਮੇਟੀ ਦਾ ਗਠਨ ਕਰਨਾ ਚਾਹੀਦਾ ਹੈ, ਜੋ ਪੰਜਾਬ ਦੇ ਸਾਰੇ ਵਿੰਗਾਂ ਚਾਹੇ ਉਹ ਇਸਤਰੀਆਂ ਹਨ, ਵਿਦਿਆਰਥੀ ਹਨ, ਨੌਜੁਆਨ ਹਨ, ਸਭਨਾਂ ਦਾ ਸੰਗਠਨ ਮਜ਼ਬੂਤ ਕਰਕੇ ਪੰਜਾਬ ਦੀ ਖੇਤਰੀ ਪਾਰਟੀ ਦਾ ਰੂਪ ਦੇਣਾ ਚਾਹੀਦਾ ਹੈ, ਜੋ ਕਿ ਇਸ ਸਮੇਂ ਦੀ ਵੱਡੀ ਮੰਗ ਹੈ, ਤਾਂ ਕਿ ਪੰਜਾਬ ਦੇ ਮਸਲਿਆਂ ਸਬੰਧੀ ਸਾਂਝੀ ਜੱਦੋ-ਜਹਿਦ ਸ਼ੁਰੂ ਕਰਕੇ ਉਨ੍ਹਾਂ ਦਾ ਹੱਲ ਕਰਵਾਇਆ ਜਾ ਸਕੇ। ਜਿੰਨਾਂ ਚਿਰ ਸਰਬ ਸਾਂਝੀ ਜਥੇਬੰਦੀ ਹੋਂਦ ਵਿਚ ਨਹੀਂ ਆਉਂਦੀ, ਓਨਾ ਚਿਰ ਸਾਰੇ ਪੰਜਾਬੀਆਂ ਨੂੰ ਇਕੱਠੇ ਹੋ ਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਾਉਣ ਦੇ ਨਾਲ ਹੋਰ ਜਿਹੜੀਆਂ ਉਪਰੋਕਤ ਬਿਆਨੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਗਿਆ ਹੈ, ਉਸ ਵਿਚ ਕੌਮੀ ਇਨਸਾਫ ਮੋਰਚੇ ਦਾ ਡੱਟ ਕੇ ਸਾਥ ਦੇਣਾ ਚਾਹੀਦਾ ਹੈ, ਤਾਂ ਕਿ ਉਹ ਇਸ ਸੰਘਰਸ਼ ਵਿਚ ਮੁਕੰਮਲ ਰੂਪ ਵਿਚ ਸਫਲ ਹੋ ਸਕਣ।

ਅਮੀਨ ! ਅਮੀਨ !!

# ਲੋਕਤੰਤਰ ਦੀ ਪਰਿਭਾਸ਼ਾ ਬਦਲ ਦੇਵੇਗੀ ਇਕ ਦੇਸ਼, ਇਕ ਚੋਣ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)





ਬਹੁਤ ਲੰਮੇ ਸਮੇਂ ਤੋਂ ਕੰਨਸੋਆਂ ਸਨ ਕਿ ਹਾਕਮ ਧਿਰ ਭਾਜਪਾ ਇਕ ਦੇਸ਼ ਇਕ ਚੋਣ ਦਾ ਅਮਲ ਦੇਸ਼ 'ਚ ਲਾਗੂ ਕਰੇਗੀ। ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਵਿਚਾਰ ਦੇ ਹਾਮੀ ਹਨ ਅਤੇ ਆਪਣੀ ਇੱਛਾ ਉਹ ਦੇਸ਼ ਦੀ ਪਾਰਲੀਮੈਂਟ 'ਚ ਦਰਸਾ ਚੁੱਕੇ ਹਨ ਅਤੇ ਉਸ ਮੌਕੇ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਵੀ ਇਸ ਵਿਚਾਰ ਦੀ ਪ੍ਰੋੜਤਾ ਕੀਤੀ ਸੀ। "ਵਾਰ-ਵਾਰ ਕਰਵਾਈਆਂ ਜਾਂਦੀਆਂ ਚੋਣਾਂ ਨਾ ਸਿਰਫ਼ ਮਨੁੱਖੀ ਵਸੀਲਿਆਂ 'ਤੇ ਬੋਝ ਪਾਉਂਦੀਆਂ ਹਨ, ਸਗੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਵਿਕਾਸ ਨੂੰ ਵੀ ਧੀਮਾ ਕਰਦੀਆਂ ਹਨ"।

ਇਸ ਵਿਚਾਰ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਇਕ 8 ਮੈਂਬਰੀ ਕਮੇਟੀ ਦਾ ਗਠਨ ਕੇਂਦਰ ਸਰਕਾਰ ਵਲੋਂ ਕੀਤਾ ਗਿਆ ਹੈ, ਜਿਸ ਦੀ ਅਗਵਾਈ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਕਰਨਗੇ। ਇਹ ਕਦਮ ਅਚੰਭੇ ਵਾਲਾ ਹੈ। ਇਹ ਕਮੇਟੀ ਸੰਵਿਧਾਨ, ਜਨਪ੍ਰਤੀਨਿਧ ਐਕਟ ਅਤੇ ਕਿਸੇ ਵੀ ਹੋਰ ਕਾਨੂੰਨ ਅਤੇ ਨੇਮਾਂ ਦੀ ਪੜਤਾਲ ਕਰੇਗੀ ਅਤੇ ਉਨ੍ਹਾਂ ਲੋੜੀਦੀਆਂ ਸੋਧਾਂ ਦੀ ਸਿਫ਼ਾਰਸ਼ ਕਰੇਗੀ, ਜਿਸਦੀ ਇਕੱਠਿਆਂ ਚੋਣ ਕਰਵਾਉਣ ਦੇ ਉਦੇਸ਼ ਨਾਲ ਲੋੜ ਹੋਵੇਗੀ। ਕਮੇਟੀ ਇਹ ਵੀ ਪੜਤਾਲ ਕਰੇਗੀ ਅਤੇ ਸਿਫ਼ਾਰਸ਼ ਕਰੇਗੀ ਕਿ ਕੀ ਸੰਵਿਧਾਨਿਕ ਸੋਧ ਲਈ ਸੂਬਿਆਂ ਵਲੋਂ ਮੋਹਰ ਲਾਉਣ ਦੀ ਲੋੜ ਹੈ ਜਾਂ ਨਹੀਂ। ਕਮੇਟੀ ਬਹੁਮਤ ਨਾ ਮਿਲਣ, ਬੇਭਰੋਸਗੀ ਦੇ ਮਤੇ ਜਾਂ ਦਲ ਬਦਲੀ ਜਿਹੇ ਮੁੱਦਿਆਂ ਦਾ ਅਧਿਐਨ ਕਰਕੇ ਸੰਭਾਵਿਤ ਹੱਲ ਦੀ ਸਿਫ਼ਾਰਸ਼ ਵੀ ਕਰੇਗੀ।

ਆਖ਼ਿਰ ਇਸ ਵਿਚਾਰ ਦੇ ਅਰਥ ਕੀ ਹਨ ? ਇਸ ਦਾ ਸਿੱਧਾ ਜਵਾਬ ਹੈ ਕਿ ਦੇਸ਼ ਦੀ ਲੋਕ ਸਭਾ, ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ, ਨਗਰ ਨਿਗਮਾਂ ਅਤੇ ਪੰਚਾਇਤ ਸੰਸਥਾਵਾਂ ਚੋਣਾਂ ਇਕੋ ਸਮੇਂ ਕਰਵਾਈਆਂ ਜਾਣ। ਜਦੋਂ ਦੇਸ਼ ਆਜ਼ਾਦ ਹੋਇਆ ਸੀ, ਤਾਂ ਪਹਿਲੀ ਚੋਣ 1952 'ਚ ਹੋਈ ਸੀ, ਜਿਸ ਵਿਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਵੇਲੇ ਹੋਈਆਂ। ਫਿਰ ਸਾਲ 1957, 1962, 1967 ਵਿਚ ਇਕੋ ਵੇਲੇ ਚੋਣਾਂ ਹੋਈਆਂ। ਪਰ ਉਸ ਤੋਂ ਬਾਅਦ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਨਾ ਹੋਈਆਂ। ਕਾਰਨ ਸੀ ਕਿ 1967 ਵਿਚ ਸੂਬਿਆਂ ਵਿਚ ਕੁਝ ਸਰਕਾਰਾਂ ਵਿਰੋਧੀ ਧਿਰ ਦੀਆਂ ਬਣੀਆਂ, ਜਿਨ੍ਹਾਂ ਨੂੰ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਮੇਂ ਤੋਂ ਪਹਿਲਾਂ ਭੰਗ ਕਰਵਾਕੇ ਨਵੇਂ ਸਿਰੇ ਤੋਂ ਚੋਣਾਂ ਕਰਵਾ ਦਿੱਤੀਆਂ। ਇੰਜ ਇਕੋ ਵੇਲੇ ਦੀ ਚੋਣਾਂ ਦੀ ਲੜੀ ਟੁੱਟ ਗਈ।

ਇਥੇ ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਦੇਸ਼ 'ਚ ਇਕੋ ਸਮੇਂ ਚੋਣ ਅਮਲ ਲਾਗੂ ਕਰਨਾ ਸੰਭਵ ਹੈ ਜਾਂ ਫਿਰ ਇਹ ਚੋਣ ਸਟੰਟ ਹੈ। ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀ ਇਕੋ ਵੇਲੇ ਕਰਾਉਣ ਲਈ ਘੱਟੋ-ਘੱਟ ਪੰਜ ਸੰਵਿਧਾਨਿਕ ਸੋਧਾਂ ਕਰਨੀਆਂ ਪੈਣਗੀਆਂ।

ਉਸ ਵਿਚ ਧਾਰਾ 83 ਸਦਨਾਂ ਦੇ ਸਮੇਂ ਸੰਬੰਧੀ ਹੈ, ਧਾਰਾ 85 ਲੋਕ ਸਭਾ ਭੰਗ ਕਰਨ ਸਬੰਧੀ ਹੈ, ਧਾਰਾ 172 ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਸਮੇਂ ਸਬੰਧੀ ਹੈ, ਧਾਰਾ 174 ਸੂਬਿਆਂ ਦੀਆਂ ਸਰਕਾਰਾਂ ਸਮੇਂ ਤੋਂ ਪਹਿਲਾਂ ਭੰਗ ਕਰਨ ਸਬੰਧੀ ਹੈ ਅਤੇ ਧਾਰਾ 356 ਸੂਬਿਆਂ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਸਬੰਧੀ ਹੈ।

ਦੇਸ਼ ਵਿਚ ਚੋਣਾਂ ਜੂਨ 2024 'ਚ ਹੋਣੀਆਂ ਹਨ। ਜੇਕਰ ਇਕ ਦੇਸ਼ ਇਕ ਚੋਣ ਲਾਗੂ ਕਰਨ ਦਾ ਅਮਲ ਸ਼ੁਰੂ ਹੁੰਦਾ ਹੈ, ਤਾਂ ਲੋਕ ਸਭਾ ਸਮੇਂ ਤੋਂ ਪਹਿਲਾਂ ਭੰਗ ਕਰਨੀ ਪਵੇਗੀ, ਕਿਉਂਕਿ ਪੰਜ ਰਾਜਾਂ ਮਿਜ਼ੋਰਮ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਅਤੇ ਰਾਜਸਥਾਨ 'ਚ ਚੋਣਾਂ ਹੋਣ ਵਾਲੀਆਂ ਹਨ। ਇੰਜ ਲੋਕ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਭਾਵ ਨਵੰਬਰ, ਦਸੰਬਰ 2023 'ਚ ਕਰਨੀਆਂ ਪੈਣਗੀਆਂ ਅਤੇ ਆਂਧਰਾ ਪ੍ਰਦੇਸ਼, ਉੜੀਸਾ, ਸਿੱਕਮ ਅਤੇ ਅਰੁਨਾਚਲ ਪ੍ਰਦੇਸ਼ ਦੇ ਵਿਚ ਵੀ ਚੋਣਾਂ ਮਈ-ਜੂਨ 2024 'ਚ ਹੋਣੀਆਂ ਹਨ, ਪਰ ਜੇਕਰ ਇਕੋ ਵੇਲੇ ਚੋਣਾਂ ਕਰਾਉਣ ਦੀ ਗੱਲ ਪੱਕੀ ਹੁੰਦੀ ਹੈ, ਤਾਂ ਇਨ੍ਹਾਂ ਵਿਧਾਨ ਸਭਾਵਾਂ ਨੂੰ ਭੰਗ ਕਰਕੇ ਇਸ ਨੂੰ ਅਮਲ ਵਿਚ ਲਿਆਉਣਾ ਪਵੇਗਾ। ਫਿਰ ਚੁਣੀਆਂ ਨਗਰ ਪਾਲਿਕਾਵਾਂ ਅਤੇ ਪੰਚਾਇਤ ਸੰਸਥਾਵਾਂ ਦਾ ਕੀ ਬਣੇਗਾ ? ਪਰ ਜਿਨ੍ਹਾਂ ਸੂਬਿਆਂ 'ਚ ਚੋਣਾਂ 2020, 2021, 2022 ਅਤੇ 2023 'ਚ ਹੋਈਆਂ ਹਨ ਅਤੇ ਲੋਕਾਂ ਨੇ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਸੱਤਾ ਸੌਂਪੀ ਸੀ, ਉਨ੍ਹਾਂ ਸੂਬਾਂ ਸਰਕਾਰਾਂ ਦਾ ਕੀ ਹੋਏਗਾ ਕਿਉਂਕਿ ਇਨ੍ਹਾਂ ਵਿਚੋਂ ਬਹੁਤੀਆਂ ਭਾਜਪਾ ਵਿਰੋਧੀ ਹਨ ਅਤੇ ਉਹ ਆਪੋ-ਆਪਣੀਆਂ ਵਿਧਾਨ ਸਭਾਵਾਂ 'ਚ ਵਿਧਾਨ ਸਭਾ ਭੰਗ ਕਰਨ ਦੇ ਮਤੇ ਨਹੀਂ ਪਾਉਣਗੀਆਂ ਕਿਉਂਕਿ ਦੇਸ਼ ਦੀਆਂ 28 ਸਿਆਸੀ ਪਾਰਟੀਆਂ ਜੋ ਇਕ ਬੈਨਰ ਇੰਡੀਆ ਹੇਠ ਇਕੱਠੀਆਂ ਹੋਈਆਂ ਹਨ। ਉਨ੍ਹਾਂ ਨੇ ਸਰਕਾਰ ਦੇ ਇਕ ਦੇਸ਼ ਇਕ ਚੋਣ ਦੇ ਵਿਚਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਦੇਸ਼ ਦੇ ਸੰਘੀ ਢਾਂਚੇ ਉੱਪਰ ਬਹੁਤ ਵੱਡਾ ਹਮਲਾ ਹੈ।

ਦੇਸ਼ ਦੀ ਹਾਕਮ ਧਿਰ ਇਹ ਕਹਿੰਦੀ ਹੈ ਕਿ ਇਕ ਦੇਸ਼ ਇਕ ਚੋਣ ਸਮੇਂ ਦੀ ਲੋੜ ਹੈ। ਉਸ ਅਨੁਸਾਰ ਇਕੋ ਵੇਲੇ ਚੋਣਾਂ ਕਰਾਉਣ ਨਾਲ ਸਰਕਾਰੀ ਖਜ਼ਾਨੇ ਨੂੰ ਭਾਰੀ ਬਚਤ ਹੋਏਗੀ ਅਤੇ ਵਾਰ-ਵਾਰ ਚੋਣਾਂ ਕਰਾਉਣ ਨਾਲ ਪ੍ਰਸ਼ਾਸਨਿਕ ਅਤੇ ਕਾਨੂੰਨ ਵਿਵਸਥਾ ਸਬੰਧੀ ਪੈਦਾ ਹੁੰਦੀਆਂ ਉਲਝਣਾਂ ਤੋਂ ਛੁਟਕਾਰਾ ਮਿਲੇਗਾ। ਉਨ੍ਹਾਂ ਅਨੁਸਾਰ ਦੇਸ਼ 'ਚ ਚੋਣਾਂ ਜਾਂ ਉਪ ਚੋਣਾਂ ਕਾਰਨ ਜੋ ਚੋਣ ਜ਼ਾਬਤਾ ਲੱਗਦਾ ਹੈ ਅਤੇ ਵਿਕਾਸ ਦੇ ਕੰਮ ਇਸ ਸਮੇਂ ਰੋਕਣੇ ਪੈਂਦੇ ਹਨ, ਉਸ ਤੋਂ ਛੁਟਕਾਰਾ ਮਿਲੇਗਾ ਅਤੇ ਕਲਿਆਣਕਾਰੀ ਯੋਜਨਾਵਾਂ ਉੱਤੇ ਉਲਟ ਅਸਰ ਚੋਣਾਂ ਕਾਰਨ ਨਹੀਂ ਪਵੇਗਾ। ਪਰ ਸਵਾਲ ਤਾਂ ਵੱਡਾ ਇਹ ਹੈ ਕਿ ਜਦੋਂ ਕੇਂਦਰ 'ਚ ਕਾਬਜ਼ ਹਾਕਮ ਧਿਰ ਵਿਰੋਧੀ ਪਾਰਟੀ ਦੀਆਂ ਚੁਣੀਆਂ ਸਰਕਾਰਾਂ ਨੂੰ ਭੰਗ ਕਰ ਦੇਵੇਗੀ, ਤਾਂ ਫਿਰ ਉਨ੍ਹਾਂ ਰਾਜਾਂ ਵਿਚ ਚੋਣ ਅਮਲ ਕੀ ਰੁਕਿਆ ਰਹੇਗਾ ਅਤੇ ਉਸ ਸਮੇਂ ਤੱਕ ਸੂਬਾ ਉਡੀਕ ਕਰੇਗਾ ਅਤੇ ਰਾਸ਼ਟਰਪਤੀ ਰਾਜ ਸਹਿੰਦਾ ਰਹੇਗਾ, ਜਦੋਂ ਤੱਕ ਅਗਲੀ ਲੋਕ ਸਭਾ ਚੋਣ ਨਹੀਂ ਕਰਵਾਈ ਜਾਂਦੀ।

ਦੇਸ਼ ਦੀ ਸਰਕਾਰ ਨੇ 18 ਸਤੰਬਰ ਤੋਂ 24 ਸਤੰਬਰ 2023 ਤੱਕ ਪਾਰਲੀਮੈਂਟ ਦਾ ਇਜਲਾਸ ਸੱਦਿਆ ਹੈ। ਸੰਭਵ ਹੈ ਕਿ ਇਹ ਮੁੱਦਾ ਵਿਚਾਰਿਆ ਜਾਵੇ। ਪਰ ਕੀ ਸਰਕਾਰ, ਦੇਸ਼ ਦੀ ਵਿਰੋਧੀ ਧਿਰ ਨੂੰ ਇਸ ਸਬੰਧੀ ਮਨਾਉਣ ਸਫ਼ਲ ਹੋਵੇਗੀ ? ਵਿਰੋਧੀ ਧਿਰ ਤਾਂ ਭਾਜਪਾ ਉੱਤੇ ਇਲਜਾਮ ਲਗਾ ਰਹੀ ਹੈ ਕਿ ਇਹ ਭਾਜਪਾ ਦੀ ਚੋਣਾਂ 'ਚ ਲਾਹਾ ਲੈਣ ਦੀ ਤਰਕੀਬ ਹੈ।

ਅਸਲ ਵਿਚ ਭਾਜਪਾ ਅਗਲੀਆਂ 2024 ਦੀਆਂ ਚੋਣਾਂ 'ਚ ਹਰ ਹੀਲੇ ਮੁੜ ਸੱਤਾ 'ਤੇ ਕਾਬਜ਼ ਹੋਣ ਲਈ ਪੱਬਾਂ ਭਾਰ ਹੋਈ ਪਈ ਹੈ। ਉਸ ਉੱਤੇ ਇਕ ਦੇਸ਼, ਇਕ ਧਰਮ, ਇਕ ਬੋਲੀ ਲਾਗੂ ਕਰਨ ਦੇ ਇਲਜ਼ਾਮ ਵੀ ਲੱਗ ਰਹੇ ਹਨ ਅਤੇ ਇਹ ਵੀ ਇਲਜ਼ਾਮ ਲੱਗਦੇ ਹਨ ਕਿ ਉਸ ਵਲੋਂ ਦੇਸ਼ ਵਿਚ ਫਿਰਕੂ ਪਾੜਾ ਪਾਉਣ ਦੇ ਯਤਨ ਹੋ ਰਹੇ ਹਨ।

ਭਾਜਪਾ ਦੇਸ਼ ਵਿਚ ਘੱਟ ਗਿਣਤੀਆਂ ਨੂੰ ਪਿੱਛੇ ਧੱਕ ਕੇ ਧਰਮ ਆਧਾਰਿਤ ਰਾਜ ਦੀ ਸਥਾਪਨਾ ਦਾ ਜੋ ਏਜੰਡਾ ਲਾਗੂ ਕਰਨ ਦੇ ਰਾਹ ਉੱਤੇ ਹੈ, ਉਸ ਲਈ ਇਕ ਦੇਸ਼ ਇਕ ਚੋਣ ਵਰਗਾ ਅਮਲ ਇਕ ਵੱਡੀ ਪੁਲਾਂਘ ਸਾਬਤ ਹੋਵੇਗਾ। ਇਸ ਅਮਲ ਦੇ ਲਾਗੂ ਹੋਣ ਨਾਲ ਇਕੋ ਸ਼ਖ਼ਸ ਨਰੇਂਦਰ ਮੋਦੀ ਦਾ ਅਕਸ ਹਰ ਥਾਂ ਉਭਾਰਨ ਦਾ ਯਤਨ ਹੋਵੇਗਾ। ਭਾਵੇਂ ਕਿ ਸੂਬਿਆਂ ਦੀਆਂ ਸਰਕਾਰਾਂ ਦੀ ਚੋਣ ਵਿਚ ਕੁਝ ਸਥਾਨਕ ਮੁੱਦੇ ਵੀ ਕੰਮ ਕਰਦੇ ਹਨ ਅਤੇ ਰਾਸ਼ਟਰ ਚੋਣਾਂ 'ਚ ਕੁੱਝ ਹੋਰ ਮੁੱਦੇ। ਇਸ ਅਮਲ ਦੇ ਲਾਗੂ ਹੁੰਦਿਆਂ ਲੋਕ ਭੰਬਲਭੂਸੇ ਵਾਲੀ ਸਥਿਤੀ 'ਚ ਫਸਣਗੇ।

ਪਰ ਸਵਾਲ ਇਹ ਵੀ ਉੱਠਦਾ ਹੈ ਕਿ ਦੇਸ਼ ਵਿਚ ਕੇਂਦਰ, ਸੂਬਾ ਸਰਕਾਰਾਂ ਦੇ ਨਾਲ-ਨਾਲ ਸਥਾਨਕ ਸਰਕਾਰਾਂ ਦੀਆਂ ਚੋਣਾਂ ਹੁੰਦੀਆਂ ਹਨ, ਜੋ ਕਿ ਸੰਵਿਧਾਨਕ ਅਮਲ ਹੈ, ਪਰ ਇਕ ਦੇਸ਼ ਇਕ ਚੋਣ 'ਚ ਕੇਂਦਰ, ਸੂਬਾ ਅਤੇ ਸਥਾਨਕ ਸਰਕਾਰਾਂ ਦੀ ਚੋਣ ਇਕੋ ਵੇਲੇ ਕਰਵਾਏ ਜਾਣਾ ਕੀ ਸੰਭਵ ਹੋਏਗਾ ? ਕੀ ਭਾਰਤ ਵਰਗੇ ਵਿਸ਼ਾਲ ਦੇਸ਼ ਦੇ ਲੋਕ ਇਸ ਸਮੁੱਚੇ ਅਮਲ ਕੇਂਦਰ, ਰਾਜ, ਸਥਾਨਕ ਸਰਕਾਰਾਂ ਦੀ ਚੋਣ 'ਚ ਇਕੋ ਵੇਲੇ ਯੋਗ ਉਮੀਦਵਾਰਾਂ ਦੀ ਚੋਣ ਕਰ ਸਕਣਗੇ ? ਕੀ ਸਥਾਨਕ ਮੁੱਦੇ ਇਸ ਅਮਲ 'ਚ ਲੁਪਤ ਹੋ ਕੇ ਨਹੀਂ ਰਹਿ ਜਾਣਗੇ ? ਕੀ ਇਲਾਕਾਈ ਪਾਰਟੀਆਂ ਦੀ ਹੋਂਦ ਨੂੰ ਖ਼ਤਰਾ ਨਹੀਂ ਪੈਦਾ ਹੋ ਜਾਏਗਾ ?


ਉਂਜ ਵੀ ਇਕੋ ਵੇਲੇ ਚੋਣਾਂ ਕਰਾਉਣ ਲਈ ਈ.ਵੀ.ਐੱਮ. ਮਸ਼ੀਨ ਕਰੀਦਣ ਲਈ 2019 'ਚ ਖ਼ਰਚੇ ਦਾ ਅੰਦਾਜ਼ਾ ਚੋਣ ਕਮਿਸ਼ਨ ਨੇ 4500 ਕਰੋੜ ਲਗਾਇਆ ਸੀ ਅਤੇ ਈ.ਵੀ.ਐੱਮ. ਮਸ਼ੀਨਾਂ ਦੀ ਮਿਆਦ 15 ਸਾਲ ਹੁੰਦੀ ਹੈ, ਭਾਵ ਸਿਰਫ਼ ਤਿੰਨ ਵਾਰ ਚੋਣਾਂ ਲਈ ਇਹ ਮਸ਼ੀਨ ਵਰਤੀ ਜਾਏਗੀ। ਕੀ ਇਹ ਖ਼ਰਚੀਲਾ ਪ੍ਰਬੰਧ ਨਹੀਂ ਹੋਏਗਾ ? ਉਂਜ ਵੀ ਜਦੋਂ ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਤੋਂ ਇਸ ਸਬੰਧੀ 2019 'ਚ ਰਾਏ ਮੰਗੀ ਸੀ, ਤਾਂ ਕਾਂਗਰਸ, ਭਾਜਪਾ ਨੇ ਕੋਈ ਰਾਏ ਨਹੀਂ ਸੀ ਦਿੱਤੀ ਜਦਕਿ ਏ.ਆਈ.ਡੀ.ਐੱਮ.ਕੇ., ਸ਼੍ਰੋਮਣੀ ਅਕਾਲੀ ਦਲ (ਬਾਦਲ) ਐੱਸ.ਪੀ., ਟੀ.ਆਰ.ਐੱਸ. ਕੁੱਲ ਚਾਰ ਪਾਰਟੀਆਂ ਇਸਦੇ ਹੱਕ ਵਿਚ ਸਨ, ਜਦਕਿ 9 ਸਿਆਸੀ ਪਾਰਟੀਆਂ ਟੀ.ਐੱਮ.ਸੀ., ਆਪ, ਡੀ.ਐੱਮ.ਕੇ., ਟੀ.ਡੀ.ਪੀ., ਸੀ.ਪੀ.ਆਈ., ਸੀ.ਪੀ.ਐੱਮ., ਜੇ.ਡੀ.ਐੱਸ., ਗੋਆ ਫਾਰਵਡ ਬਲੋਕ ਆਦਿ ਇਸਦੇ ਵਿਰੋਧ ਵਿਚ ਸਨ।

ਜੇਕਰ ਪਾਰਲੀਮੈਂਟ ਵਿਚ 18 ਤੋਂ 24 ਸਤੰਬਰ 2023 ਨੂੰ ਇਸ ਉਤੇ ਵਿਚਾਰ ਚਰਚਾ ਹੁੰਦੀ ਹੈ, ਕੋਵਿੰਦ ਕਮੇਟੀ ਵਲੋਂ ਸਿਫ਼ਾਰਸ਼ਾਂ ਨੂੰ ਬਾਅਦ ਵਿਚ ਪ੍ਰਵਾਨ ਕਰ ਲਿਆ ਜਾਂਦਾ ਹੈ ਅਤੇ ਇਸ 'ਤੇ ਅਮਲ ਕਰਕੇ ਇੱਕ ਦੇਸ਼ ਇੱਕ ਚੋਣ ਪ੍ਰੀਕਿਰਿਆ ਨੂੰ ਲਾਗੂ ਕਰ ਦਿੱਤਾ ਜਾਂਦਾ ਹੈ, ਤਾਂ ਭਾਰਤ ਦੁਨੀਆਂ ਭਰ ਵਿਚ ਚੌਥਾ ਇਹੋ ਜਿਹਾ ਦੇਸ਼ ਬਣ ਜਾਏਗਾ, ਜਿਥੇ ਇੱਕ ਦੇਸ਼ ਇਕ ਚੋਣ ਕਰਵਾਈ ਜਾਂਦੀ ਹੈ। ਦੂਜੇ ਹੋਰ ਤਿੰਨ ਦੇਸ਼ ਬੈਲਜੀਅਮ ਜਿਸਦੀ ਆਬਾਦੀ 2021 'ਚ 1 ਕਰੋੜ 16 ਲੱਖ ਸੀ, ਸਵੀਡਨ ਜਿਸਦੀ ਆਬਾਦੀ 1 ਕਰੋੜ 4 ਲੱਖ ਸੀ ਅਤੇ ਸਾਊਥ ਅਫ਼ਰੀਕਾ ਜਿਸਦੀ ਆਬਾਦੀ 5 ਕਰੋੜ 94 ਲੱਖ ਸੀ, ਸ਼ਾਮਲ ਹਨ ਪਰ ਕੀ 140 ਕਰੋੜ ਤੋਂ ਵੱਧ ਆਬਾਦੀ ਵਾਲੇ ਦੇਸ਼ ਇਸ ਵਿਸ਼ਾਲ ਦੇਸ਼ ਵਿਚ ਕੀ ਐਡੀ ਵੱਡੀ ਪ੍ਰੀਕਿਰਿਆ ਸਫ਼ਲਤਾ ਨਾਲ ਲਾਗੂ ਕੀਤੀ ਜਾ ਸਕੇਗੀ ?

ਇਕ ਹੋਰ ਸਵਾਲ ਇਹ ਕਿ ਲੋਕ ਸਭਾ, ਵਿਧਾਨ ਸਭਾਵਾਂ ਜਾਂ ਸਥਾਨਕ ਸਰਕਾਰਾਂ ਦੇ ਇਕੋ ਵੇਲੇ ਸੰਯੁਕਤ ਪ੍ਰੀਕਿਰਿਆ ਲਾਗੂ ਹੋਣ 'ਤੇ ਕੀ ਜਦੋਂ ਕਦੇ ਲੋਕ ਸਭਾ ਨੂੰ ਅਗਾਊਂ ਭੰਗ ਕਰਨ ਦੀ ਸਥਿਤੀ ਬਣ ਜਾਂਦੀ ਹੈ, ਤਾਂ ਕੀ ਦੇਸ਼ ਦੇ ਸੂਬਿਆਂ ਦੀਆਂ ਸਰਕਾਰਾਂ ਵੀ ਭੰਗ ਹੋ ਜਾਣਗੀਆਂ ਤੇ ਮੁੜ ਨਾਲ ਹੀ ਇਨ੍ਹਾਂ ਸੰਸਥਾਵਾਂ ਦੀ ਚੋਣ ਹੋਵੇਗੀ, ਤਾਂ ਫਿਰ ਦੇਸ਼ ਦੇ ਸੰਘੀ ਢਾਂਚੇ ਦੀ ਸੰਵਿਧਾਨਕ ਤੌਰ 'ਤੇ ਸੰਘੀ ਨਹੀਂ ਘੁੱਟੀ ਜਾਏਗੀ। ਕੀ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਫਿਰ ਆਪਣੀ ਹੋਂਦ ਨਹੀਂ ਗੁਆ ਬੈਠੇਗਾ ?

ਅਸਲ 'ਚ ਭਾਜਪਾ ਦਾ ਨਿਸ਼ਾਨਾ ਤਾਂ ਇਕੋ ਹੈ, ਉਹ ਇਹ ਹੈ ਕਿ "ਮੋਦੀ ਫੈਕਟਰ" ਵਰਤਕੇ, ਲੋਕ ਸਭਾ, ਸੂਬਾ ਸਰਕਾਰਾਂ 'ਚ ਆਪਣੇ ਨੁਮਾਇੰਦਿਆਂ ਰਾਹੀਂ ਸਰਕਾਰਾਂ 'ਤੇ ਕਬਜ਼ਾ ਕਰ ਲਿਆ ਜਾਵੇ ਅਤੇ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦਾ ਅਮਲ ਆਰੰਭਿਆ ਜਾਏ, ਜਿਸਦੀ ਚਰਚਾ ਇਨ੍ਹਾਂ ਦਿਨਾਂ 'ਚ ਆਮ ਹੈ। ਭਾਜਪਾ ਦੀ ਮਨਸ਼ਾ ਇਹ ਹੈ ਕਿ ਦੇਸ਼ 'ਚ ਸੂਬਿਆਂ ਦੀਆਂ ਸਰਕਾਰਾਂ ਨੂੰ ਗੁੱਠੇ ਲਾਕੇ, ਲੋਕਤੰਤਰ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਜਾਵੇ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic

Dental Care & Hair Transplant

COSMETIC - IMPLANT - RESTORATIVE



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸੂਰੂ ਹੈ ਜ਼ੁਕਾਮ-ਫਲੂ

"ਫਲੂ - ਵਾਇਰਸ ਉਦੋਂ ਫੈਲਦੇ ਹਨ, ਜਦੋਂ ਲੋਕ ਫਲੂ, ਖਾਂਸੀ, ਛਿੱਕਾਂ ਮਾਰਨ ਦੇ ਨਾਲ ਗੱਲਾਂ ਕਰਦੇ ਹੋਏ, ਵਾਇਰਸ ਨਾਲ ਬੂੰਦਾਂ ਨੂੰ ਹਵਾ ਵਿਚ ਭੇਜਦੇ ਹਨ। ਫਲੂ ਵਾਇਰਸ ਇਨਫੈਕਟਿਡ ਵਸਤਾਂ ਨੂੰ ਛੂਹਣ ਨਾਲ ਅਤੇ ਆਪਣੇ ਮੂੰਹ, ਨੱਕ ਤੇ ਅੱਖਾਂ ਨੂੰ ਟੱਚ ਕਰਨ ਨਾਲ ਹੋ ਜਾਂਦਾ ਹੈ। ਘੱਟ ਨਮੀ ਵਾਇਰਲ ਟਰਾਂਸਮਿਸ਼ਨ ਵਧਾ ਦਿੰਦੀ ਹੈ। ਖੁਸ਼ਕ ਹਵਾ ਛੋਟੀ ਵਾਇਰਲ ਬੂੰਦਾਂ ਨੂੰ ਦੂਰ ਤੱਕ ਫੈਲਾਉਂਦੀ ਹੈ"-ਅਨਿਲ ਧੀਰ

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
healthmedia1@hotmail.com
(Punjab Mail USA)




ਨਾਰਥ-ਅਮਰੀਕਾ 'ਚ ਕੋਲਡ-ਫਲੂ ਦਾ ਅਸਰ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਅਤੇ ਸੀਨੀਅਰਜ਼ 'ਤੇ ਜ਼ਿਆਦਾ ਦੇਖਿਆ ਜਾ ਰਿਹਾ ਹੈ। ਹਰ ਸਾਲ ਪੀਕ ਸਮਾਂ ਨਵੰਬਰ-ਦਸੰਬਰ ਤੋਂ ਫਰਵਰੀ ਦਾ ਹੁੰਦਾ ਹੈ। ਪਰ ਬਦਲ ਰਹੇ ਮੌਸਮ ਦੌਰਾਣ ਅਸਰ ਪਹਿਲਾਂ ਦੇਖਿਆ ਜਾ ਰਿਹਾ ਹੈ। ਸਿਰਫ ਅਮਰੀਕਾ ਵਿਚ 1 ਬਿਲੀਅਨ ਤੋਂ ਵੱਧ ਲੋਕ ਜ਼ੁਕਾਮ ਦੇ ਸ਼ਿਕਾਰ ਹੋ ਜਾਂਦੇ ਹਨ। ਅੱਠ ਤੋਂ 27% ਫਲੂ ਦੇ ਘੇਰੇ ਵਿਚ ਆ ਜਾਂਦੇ ਹਨ। 2 ਮਿਲੀਅਨ ਤੋਂ ਵੱਧ ਕੇਵਲ ਅਮਰੀਕਾ 'ਚ ਸ਼ਿਕਾਰ ਲੋਕ ਹਸਪਤਾਲ ਵਿਚ ਐਡਮਿਟ ਹੁੰਦੇ ਹਨ। ਛੋਟੇ ਬੱਚੇ ਅਤੇ ਕਮਜ਼ੋਰ ਇਮੀਊਨਿਟੀ ਵਾਲੇ ਜ਼ੁਕਾਮ ਫਲੂ ਦੇ ਛੇਤੀ ਸ਼ਿਕਾਰ ਹੋ ਜਾਣ ਤੋਂ ਬਾਅਦ ਲੱਖਾਂ ਹੀ ਮੌਤ ਦੇ ਘੇਰੇ ਵਿਚ ਵੀ ਆ ਜਾਂਦੇ ਹਨ।

ਹਰ ਸਾਲ ਲੱਖਾਂ ਕੈਨੇਡੀਅਨ ਫਲੂ ਦੇ ਘੇਰੇ ਵਿਚ ਆਉਂਦੇ ਹਨ, ਮੌਤਾਂ ਦੇ ਬਾਵਜੂਦ ਹਜ਼ਾਰਾਂ ਹੀ ਹਸਪਤਾਲ ਭਰਤੀ ਹੋਣ ਤੋਂ ਬਾਅਦ ਠੀਕ ਵੀ ਹੋ ਜਾਂਦੇ ਹਨ। ਦੋਵੇਂ ਹੀ ਵਾਇਰਸ ਕਾਰਨ ਹੁੰਦੇ ਹਨ। ਫਲੂ ਜ਼ਿਆਦਾ ਗੰਭੀਰ ਮੰਨਿਆ ਜਾਂਦਾ ਹੈ। ਵਾਇਰਸ ਦੀ ਪਕੜ 'ਚ ਆਉਣ ਤੋਂ ਬਾਅਦ ਆਮ ਲੱਛਣ 1-4 ਦਿਨ ਵਿਚ ਅਤੇ ਬਿਮਾਰੀ ਸ਼ੁਰੂ ਹੋਣ ਤੋਂ ਬਾਅਦ 5-10 ਦਿਨ ਵਿਚ ਇਨਫੈਕਸ਼ਨ ਵਾਲੇ ਲੱਛਣ ਪੈਦਾ ਹੋ ਜਾਂਦੇ ਹਨ। ਦੇਖਿਆ ਜਾ ਰਿਹਾ ਹੈ ਕਿ ਵੈਕਸੀਨ ਕੋਲਡ ਯਾਨਿ ਸਰਦੀ ਤੋਂ ਨਹੀਂ ਬਚਾਉਂਦਾ, ਬਲਕਿ ਫਲੂ ਤੋਂ ਬਚਾਉਂਦਾ ਹੈ। ਛੇ ਮਹੀਨੇ ਤੋਂ ਵੱਧ ਉਮਰ ਦੇ ਹਰ ਆਦਮੀ ਨੂੰ ਹਰ ਸਾਲ ਫਲੂ ਦਾ ਟੀਕਾ ਲਗਵਾਉਣਾ ਚਾਹੀਦਾ ਹੈ। ਟੀਕਾਕਰਣ ਨੂੰ ਫਲੂ ਤੋਂ ਬਚਾਅ ਲਈ ਸਰਵੋਤਮ ਸੇਫਟੀ ਮੰਨੀ ਗਈ ਹੈ। ਪਿਛਲੇ 2 ਸਾਲਾਂ ਤੋਂ 163 ਮਿਲੀਅਨ ਤੋਂ 170 ਮਿਲੀਅਨ ਫਲੂ ਟੀਕੇ ਦੀਆਂ ਖੁਰਾਕਾਂ ਸੰਯੁਕਤ ਰਾਜ 'ਚ ਉਪਲਬਧ ਹੋਣ ਦੀ ਸੰਭਾਵਨਾ ਹੈ।

ਜ਼ੁਕਾਮ ਦੀ ਆਮ ਹਾਲਤ ਵਿਚ ਵਿਅਕਤੀ ਨੱਕ ਬੰਦ, ਸਾਹ ਲੈਣ ਵਿਚ ਮੁਸ਼ਕਲ, ਸੁਆਦ ਤੇ ਗੰਧ ਮਹਿਸੂਸ ਨਾ ਹੋਣਾ, ਅੱਖਾਂ ਵਿਚ ਜਲਨ, ਸਾਈਨਸ ਦੀ ਸ਼ਿਕਾਇਤ ਅਤੇ ਖੰਘ, ਸਿਰ ਦਰਦ ਦੇ ਨਾਲ ਬੁਖਾਰ ਵੀ ਹੋ ਸਕਦਾ ਹੈ। ਫਲੂ ਜ਼ੁਕਾਮ ਤੋਂ ਅਲੱਗ ਕਿਸਮ ਦਾ ਤੇ ਅਚਾਨਕ ਹੋ ਜਾਂਦਾ ਹੈ। ਫਲੂ ਦੀ ਹਾਲਤ ਵਿਚ ਠੰਡ ਮਹਿਸੂਸ ਹੋਣਾ, ਬੁਖਾਰ, ਗਲੇ ਵਿਚ ਖਰਾਸ਼, ਨੱਕ ਵਿਚੋਂ ਲਗਾਤਾਰ ਪਾਣੀ ਵਗਣਾ, ਮਾਸਪੇਸ਼ੀ-ਜੋੜਾਂ ਅੰਦਰ ਦਰਦ ਰਹਿਣਾ, ਥਕਾਵਟ ਅਤੇ ਸਿਰ-ਦਰਦ ਸ਼ੁਰੂ ਹੋ ਜਾਂਦਾ ਹੈ। ਬੱਚਿਆਂ ਅਤੇ ਸੀਨੀਅਰਜ਼ ਨੂੰ ਉਲਟੀਆਂ, ਦਸਤ ਵੀ ਲੱਗ ਸਕਦੇ ਹਨ।

ਫਲੂ ਠੀਕ ਹੋਣ ਨੂੰ 2 ਹਫਤੇ ਵੀ ਲੱਗ ਸਕਦੇ ਹਨ। ਕੰਪਲੀਕੇਸ਼ਨਜ਼ ਵਿਚ ਸਾਈਨਸ ਅਤੇ ਕੰਨ ਦੀ ਇਨਫੈਕਸ਼ਨ, ਫਲੂ ਵਾਇਰਸ-ਬੈਕਟਰੀਆ ਅਟੈਕ ਨਾਲ ਦਿਲ ਦੀ ਸੋਜ਼ਸ਼, ਦਿਮਾਗ ਦੀ ਕਮਜ਼ੋਰੀ ਦੇ ਨਾਲ ਫਲੂ ਵਿਗੜ ਕੇ ਜਾਨਲੇਵਾ ਰੋਗ ਨਮੂਨੀਆ ਦੀ ਸ਼ਕਲ ਵੀ ਲੈ ਸਕਦਾ ਹੈ। ਫਲੂ ਦੇ ਵਾਇਰਸ ਗਲਾ ਅਤੇ ਫੇਫੜਿਆਂ 'ਤੇ ਅਟੈਕ ਕਰਦੇ ਹਨ। ਜ਼ੁਕਾਮ 50-80% ਰਾਈਨੋਵਾਇਰਸ ਦੀ ਇਨਫੈਕਸ਼ਨ ਅਤੇ ਇਨਫਲੂਐਨਜ਼ਾ ਅਤੇ ਪੈਰਾਇਨਫਲੂਐਨਜ਼ਾ ਵਾਇਰਸ, ਸਾਹ ਲੈਣ ਵਾਲੇ ਸਿੰਸੀਟੀਅਲ ਵਾਇਰਸ, ਐਂਟਰੋਵਾਇਰਸ ਤੇ ਐਡਨੋਵਾਇਰਸ ਦੁਆਰਾ ਇਨਫੈਕਸ਼ਨ ਕਾਰਨ ਵੀ ਹੋ ਸਕਦਾ ਹੈ। ਇਹ ਵਾਇਰਸ ਉਦੋਂ ਫੈਲਦੇ ਹਨ, ਜਦੋਂ ਲੋਕ ਫਲੂ, ਖਾਂਸੀ, ਛਿੱਕਾਂ ਮਾਰਨ ਦੇ ਨਾਲ ਗੱਲਾਂ ਕਰਦੇ ਹੋਏ, ਵਾਇਰਸ ਨਾਲ ਬੂੰਦਾਂ ਨੂੰ ਹਵਾ ਵਿਚ ਭੇਜਦੇ ਹਨ। ਫਲੂ ਵਾਇਰਸ ਇਨਫੈਕਟਿਡ ਵਸਤਾਂ ਨੂੰ ਛੂਹਣ ਨਾਲ ਅਤੇ ਆਪਣੇ ਮੂੰਹ, ਨੱਕ ਤੇ ਅੱਖਾਂ ਨੂੰ ਟੱਚ ਕਰਨ ਨਾਲ ਹੋ ਜਾਂਦਾ ਹੈ। ਘੱਟ ਨਮੀ ਵਾਇਰਲ ਟਰਾਂਸਮਿਸ਼ਨ ਵਧਾ ਦਿੰਦੀ ਹੈ। ਖੁਸ਼ਕ ਹਵਾ ਛੋਟੀ ਵਾਇਰਲ ਬੂੰਦਾਂ ਨੂੰ ਦੂਰ ਤੱਕ ਫੈਲਾਉਂਦੀ ਹੈ। ਗੰਭੀਰ ਐਕਸਪੋਜ਼ਰ ਨਾਲ ਸਰੀਰ ਦਾ ਤਾਪਮਾਨ ਵਿਗੜ ਜਾਂਦਾ ਹੈ।




| SIGNS AND SYMPTOMS | COLD | FLU |
|---|---|---|
| Symptom onset | Gradual | Abrupt |
| Fever | Rare | Usual |
| Aches | Slight | Usual |
| Chills | Uncommon | Fairly common |
| Fatigue, weakness | Sometimes | Usual |
| Sneezing | Common | Sometimes |
| Chest discomfort, cough | Mild to moderate | Common |
| Stuffy nose | Common | Sometimes |
| Sore throat | Common | Sometimes |
| Headache | Rare | Common |




## ਕੋਲਡ-ਫਲੂ ਦੀ ਆਮ ਹਾਲਤ 'ਚ ਆਰਾਮ ਲਈ ਅੱਗੇ ਲਿਖੇ ਉਪਾਅ :-

- ਐਨਰਜੀ ਲਈ ਗਰਮਾ-ਗਰਮ ਚਿਕਨ ਤੇ ਤਾਜ਼ੀ ਸਬਜ਼ੀਆਂ ਦਾ ਸੂਪ ਸਰੀਰ ਅੰਦਰ ਚਿੱਟੇ ਲਹੂ ਦੀ ਇੱਕ ਕਿਸਮ ਨਿਊਟ੍ਰੋਫਿਲਸ ਦੀ ਗਤੀ ਨੂੰ ਘਟਾ ਕੇ ਇਨਫੈਕਸ਼ਨ ਤੋਂ ਬਚਾ ਦਿੰਦਾ ਹੈ। ਘੱਟ ਸੋਡੀਅਮ ਵਾਲਾ ਸੂਪ ਸਰੀਰ ਨੂੰ ਹਾਈਡਰੇਟ ਕਰਨ ਵਿਚ ਮਦਦ ਕਰਦਾ ਹੈ।
- ਜ਼ੁਕਾਮ-ਫਲੂ ਅਤੇ ਗਲੇ ਦੀ ਸੋਜ਼ ਦੀ ਹਾਲਤ ਵਿਚ ਆਰਾਮ ਲਈ ਤਾਜ਼ਾ ਜਿੰਜਰ, ਚੁਟਕੀ ਕਾਲੀ ਮਿਰਚ, 1 ਚਮਚ ਸ਼ਹਿਦ ਮਿਕਸ ਕਰਕੇ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਲੈ ਕੇ ਗਰਮ ਪਾਣੀ ਪੀਓ।
- ਕੋਲਡ-ਫਲੂ ਲਈ ਵਿਟਾਮਿਨ-ਸੀ ਸਰੀਰ ਵਾਲੇ ਪਦਾਰਥ ਨਿੰਬੂ, ਆਂਵਲਾ, ਅੰਗੂਰ, ਸੰਤਰਾ, ਸਟਰਾਬਰੀ, ਰਸਬੇਰੀ, ਪੱਤੇਦਾਰ ਸਾਗ, ਬਰੋਕਲੀ, ਪਾਲਕ, ਟਮਾਟਰ, ਹਰੀ ਮਿਰਚ, ਅੰਦਰ ਹਰ ਬਿਮਾਰੀ ਨਾਲ ਲੜਨ ਦੀ ਤਾਕਤ ਦਿੰਦਾ ਹੈ। ਸਰਦੀ ਦੇ ਮੌਸਮ ਵਿਚ ਵਿਟਾਮਿਨ-ਸੀ ਦੇ ਇਸਤੇਮਾਲ ਨਾਲ ਸਾਹ-ਨਲੀ ਦੀ ਇਨਫੈਕਸ਼ਨ ਤੋਂ ਬਚਾਅ ਕੀਤਾ ਜਾ ਸਕਦਾ ਹੈ।
- ਗਲੇ ਦੇ ਦਰਦ ਵਿਚ ਦਿਨ ਵਿਚ 3-4 ਵਾਰ ਨਮਕ-ਪਾਣੀ ਦੇ ਗਾਰਗਲਸ ਕਰੋ ਅਤੇ ਬੰਦ ਨੱਕ ਖੋਲ੍ਹਣ ਲਈ ਭਾਫ ਯਾਨਿ ਸਟੀਮ ਜ਼ਰੂਰ ਲਵੋ। ਕਾਟਨ ਬਾਲ (ਰੂਈ) 'ਤੇ ਯੁਕਲਿਪਸ ਈਸੈਂਸ਼ੀਅਲ ਤੇਲ ਦੀ 2-3 ਬੂੰਦਾਂ ਪਾ ਕੇ ਇਨਹੇਲ ਕਰਨ ਨਾਲ ਆਰਾਮ ਮਹਿਸੂਸ ਕਰੋ।
- ਕਮਰੇ ਦੇ ਅੰਦਰ ਦੀ ਨਮੀ ਨੂੰ ਦੂਰ ਕਰਨ ਲਈ ਹੁਮਿਡਫਾਇਰ ਦਾ ਇਸਤੇਮਾਲ ਕਰਨਾ ਚਾਹੀਦਾ ਹੈ।
- ਕੋਲਡ-ਫਲੂ ਦੌਰਾਨ ਸਵੇਰੇ-ਸ਼ਾਮ ਗਰਮ ਸ਼ਾਵਰ ਲੈਣ ਨਾਲ ਆਰਾਮ ਮਿਲਦਾ ਹੈ।
- ਸਵੇਰੇ ਸ਼ਾਮ ਆਯੂਰਵੈਦਿਕ ਦੇਸੀ ਚਾਹ ਪੀਓ। ਲੌਂਗ, ਚੋਟੀ ਇਲਾਚੀ ਤੇ ਮਿਸ਼ਰੀ ਚੂਸਦੇ ਰਹੋ।

* ਹੱਥਾਂ ਦੀ ਸਫਾਈ ਦਾ ਪੂਰਾ ਖਿਆਲ ਰੱਖੋ ਅਤੇ ਗਰਮ ਪਾਣੀ ਤੇ ਸਾਬੁਨ ਨਾਲ ਧੋ ਕੇ ਆਪਣੇ ਹੱਥਾਂ ਨੂੰ ਸੇਨੀਟਾਈਜ਼ ਕਰਦੇ ਰਹੋ। ਨੱਕ ਦੀ ਸਫਾਈ ਸਾਫਟ ਟਿਸ਼ੂ-ਪੇਪਰ ਨਾਲ ਕਰਨੀ ਚਾਹੀਦੀ ਹੈ।

ਨੋਟ : ਫਲੂ-ਕੋਲਡ ਦੇ ਲੱਛਣ ਸ਼ੁਰੂ ਹੁੰਦੇ ਹੀ ਬਿਨਾ ਦੇਰੀ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰੋ। ਪਾਲਤੂ ਜਾਨਵਰ ਵੀ ਘੇਰੇ 'ਚ ਆ ਸਕਦੇ ਹਨ। ਫਲੂ ਵਾਇਰਸ ਤੋਂ ਬਚਾਅ ਲਈ ਚੰਗੀ ਕੁਆਲਿਟੀ ਦਾ ਮਾਸਕ ਪਾ ਕੇ ਰੱਖੋ।

# ਸਬੱਬੀਂ ਮੇਲ

## (ਯਾਦਾਂ ਦੇ ਝਰੋਖੇ 'ਚੋਂ)

ਸੁਖਵੀਰ ਸਿੰਘ ਸੰਧੂ,
ਅਲਕੜਾ (ਪੈਰਿਸ)
(Punjab Mail USA)



ਇਹ ਯਾਦ ਚਾਲੀ ਸਾਲ ਤੋਂ ਵੀ ਵੱਧ ਪੁਰਾਣੀ ਹੈ। ਜਦੋਂ ਛੁੱਟੀ ਵਾਲੇ ਦਿਨ ਦੋਸਤ, ਮਿੱਤਰ ਇੱਕਠੇ ਹੋ ਕੇ ਪੈਰਿਸ ਦੀਆਂ ਸੜਕਾਂ 'ਤੇ ਘੁੰਮਣ ਲਈ ਜਾਂਦੇ ਸੀ। ਉਸ ਵਕਤ ਪਗੜੀ ਵਾਲਾ ਸਰਦਾਰ ਕੋਈ ਟਾਵਾਂ ਹੀ ਪੈਰਿਸ ਵਿਚ ਦਿੱਸਦਾ ਜਾਂ ਵਸਦਾ ਹੁੰਦਾ ਸੀ। ਫ਼ਰੈਂਚ ਲੋਕੀਂ ਪਗੜੀ ਵਾਲੇ ਨੂੰ ਮਹਾਰਾਜਾ ਕਹਿ ਕਿ ਬਲਾਉਂਦੇ ਸਨ। ਸ਼ਾਇਦ ਇਨ੍ਹਾਂ ਦੇ ਪੁਰਖਿਆਂ ਨੇ ਮਹਾਰਾਜਾ ਰਣਜੀਤ ਸਿੰਘ ਬਾਰੇ ਜ਼ਰੂਰ ਪੜ੍ਹਿਆ-ਸੁਣਿਆ ਹੋਵੇਗਾ। ਕਿਉਂਕਿ ਉਸ ਦੀ ਫੌਜ ਵਿਚ ਫਰੈਂਚ ਜਨਰਲ ਜੀਨ ਫਰਾਂਸਉਆਜ਼ ਏਲੋਰਡ ਵਰਗੇ ਨੌਕਰੀ ਕਰ ਚੁੱਕੇ ਸਨ। ਉਨ੍ਹਾਂ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਦੀ ਪੈਰਿਸ ਦੇ ਮਸ਼ਹੂਰ ਗਰੈਂਡ ਹੋਟਲ ਵਿਚ 22 ਅਕਤੂਬਰ, 1893 ਨੂੰ ਮੌਤ ਹੋ ਗਈ ਸੀ। ਫ਼ਰਾਂਸ ਦੀ ਹਿਸਟਰੀ ਵਿਚ ਵੀ ਹੈ ਕਿ ਬ੍ਰਿਟਿਸ਼ ਫੌਜ ਦੀ ਕਮਾਨ ਥੱਲੇ ਪਹਿਲੀ ਜੰਗ ਦੌਰਾਨ ਸਾਲ 1914 ਵਿਚ ਸਿੱਖ ਫ਼ਰਾਂਸ ਆਏ ਸਨ। ਫ਼ਰੈਂਚ ਲੋਕਾਂ ਵਿਚ ਸਿੱਖਾਂ ਪ੍ਰਤੀ ਪਿਆਰ ਦੀ ਭਾਵਨਾ ਵੀ ਹੈ। ਉਸ ਵਕਤ ਮੈਨੂੰ ਫ਼ਰਾਂਸ ਵਿਚ ਰਹਿੰਦਿਆਂ ਥੋੜੇ ਦੇਰ ਹੋਈ ਸੀ। ਐਤਵਾਰ ਦਾ ਦਿਨ ਸੀ। ਮੈਂ ਤੇ ਮੇਰਾ ਦੋਸਤ (ਭਜਨ) ਇੱਕ ਵਿਸ਼ਾਲ ਚੌੜੀ ਸੜਕ 'ਤੇ ਜਾ ਰਹੇ ਸੀ। ਸਾਹਮਣੇ ਵਾਲੇ ਪਾਸੇ ਤੋਂ ਦੋ ਭਾਰਤੀ ਮੂਲ ਦੇ ਆਦਮੀ ਦੂਸਰੀ ਸਾਈਡ ਤੋਂ ਸਾਡੇ ਵੱਲ ਨੂੰ ਆ ਰਹੇ ਸਨ। ਦੋਵਾਂ ਨੇ ਸੂਟ-ਬੂਟ ਪਹਿਨੇ ਹੋਏ ਤੇ ਇੱਕ ਨੇ ਸਿਰ ਉਪਰ ਸਲੀਕੇ ਨਾਲ ਪਗੜੀ ਵੀ ਸਜਾਈ ਹੋਈ ਸੀ। ਉਹ ਸਿੱਧੇ ਸੜਕ ਨੂੰ ਪਾਰ ਕਰਕੇ ਸਾਡੇ ਕੋਲ ਆ ਗਏ। ਪਹਿਰਾਵੇ ਤੋਂ ਕੋਈ ਸਰਕਾਰੀ ਅਧਿਕਾਰੀ ਜਾਂ ਅਮਰੀਕਾ, ਇੰਗਲੈਂਡ ਦੇ ਵਸਨੀਕ ਲੱਗ ਰਹੇ ਸਨ। "ਸਤਿ ਸ੍ਰੀ ਅਕਾਲ" ਬਲਾਉਣ ਤੋਂ ਬਾਅਦ ਪਗੜੀ ਵਾਲੇ ਨੇ ਪੁੱਛਿਆ, "ਆਪ ਪਾਕਿਸਤਾਨੀ ਹੋ"! ਮੈਂ ਕਿਹਾ ਨਹੀਂ ਜੀ, "ਇੰਡੀਆ ਤੋਂ ਹਾਂ"। "ਬਹੁਤ ਅੱਛਾ ਹੋਇਆ, ਅੱਜ ਤੱਕ ਸਾਨੂੰ ਸਭ ਪਾਕਿਸਤਾਨੀ ਹੀ ਮਿਲੇ ਨੇ"! ਆਪ ਪੈਰਿਸ ਵਿਚ "ਸੁਖਵੀਰ ਸਿੰਘ" ਨਾਂ ਦੇ ਕਿਸੇ ਸ਼ਖਸ ਨੂੰ ਜਾਣਦੇ ਹੋ? ਅਚਾਨਕ ਮੈਂ ਇਹ ਨਾਮ ਸੁਣ ਕੇ ਚੁੱਪ ਹੋ ਗਿਆ। ਕਿਉਂਕਿ ਉਸ ਵਕਤ ਪੰਜਾਬੀ ਇਥੇ ਗਿਣਤੀ ਦੇ ਹੀ ਸਨ। ਤਕਰੀਬਨ ਅਸੀਂ ਸਭ ਨੂੰ ਜਾਣਦੇ ਹੀ ਸੀ। ਮੇਰਾ ਨਾਂ ਵੀ ਇਹੋ ਸੀ, ਟੈਲੀਫੋਨ, ਮੋਬਾਈਲ ਦੀ ਸਹੂਲਤ ਨਾਂ ਹੋਣ ਕਰਕੇ ਮੈਨੂੰ ਕਿਸੇ ਪਾਸਿਓਂ ਵੀ ਇਨ੍ਹਾਂ ਬਾਰੇ ਚਿੱਠੀ, ਪੱਤਰ ਨਹੀਂ ਆਇਆ ਸੀ। ਮੈਂ ਅਜਨਬੀ ਜਾਣ ਕੇ ਨਾਂਹ ਵਿਚ ਸਿਰ ਹਿਲਾ ਦਿੱਤਾ। ਮੇਰਾ ਦੋਸਤ ਮੇਰੇ ਵੱਲ ਹੈਰਾਨੀ ਨਾਲ ਵੇਖਣ ਲੱਗ ਪਿਆ। ਉਸ ਨੇ ਆਪਣੀ ਗੱਲ ਨੂੰ ਜਾਰੀ ਰੱਖਦਿਆਂ ਕਿਹਾ, "ਸਾਨੂੰ ਪੈਰਿਸ 'ਚ ਆਇਆ ਦੋ ਹਫਤੇ ਹੋ ਗਏ ਹਨ। ਅਸੀਂ ਹਰ ਵੀਕਐਂਡ 'ਤੇ ਏਸ਼ੀਅਨ ਲੋਕਾਂ ਦੇ ਭੀੜ-ਭੜੱਕੇ ਵਾਲੇ ਬਾਜ਼ਾਰ ਵਿਚ ਲੱਭਣ ਲਈ ਆਉਂਦੇ ਹਾਂ। ਤੁਸੀਂ ਅੱਜ ਸਾਨੂੰ ਪਹਿਲੇ ਭਾਰਤੀ ਪੰਜਾਬੀ ਮਿਲੇ ਹੋ! ਸਾਨੂੰ ਖੁਸ਼ੀ ਹੋਈ ਹੈ!" ਮੈਂ ਦੋਚਿੱਤੀ ਵਿਚ ਪਏ ਹੋਏ ਨੇ ਤੋਖਲੇ ਜਿਹੇ ਮਨ ਨਾਲ ਪੁੱਛਿਆ, "ਤੁਸੀਂ ਵੀ ਭਾਰਤੀ ਪੰਜਾਬੀ ਹੋ"। ਉਨ੍ਹਾਂ ਨੇ "ਹਾਂ" ਵਿਚ ਸਿਰ ਹਿਲਾਇਆ, "ਇਥੇ ਵੀ ਪੰਜਾਬੀ ਘੱਟ ਹੀ ਮਿਲਦੇ ਨੇ ਕਿਉਂ ਨਾ ਇਸ ਖੁਸ਼ੀ ਵਿਚ ਇੱਕ-ਇੱਕ ਕੱਪ ਕੌਫੀ ਹੋ ਜਾਵੇ"। ਇਹ ਕਹਿ ਕੇ ਅਸੀਂ ਸਾਹਮਣੇ ਵਾਲੀ ਕੌਫੀ ਸ਼ੌਪ ਵਿਚ ਜਾ ਵੜੇ। "ਤੁਹਾਡੇ ਕੋਲ "ਸੁਖਵੀਰ" ਦਾ ਕੋਈ ਐਡਰੈਸ ਵਗੈਰਾ ਨਹੀਂ ਹੈ"? "ਐਡਰੈਸ ਤਾਂ ਹੈ, ਕੋਈ ਟੈਲੀਫੋਨ ਨੰਬਰ ਨਹੀਂ!" "ਤੁਸੀਂ ਉਸ ਪਤੇ 'ਤੇ ਗਏ ਹੋ?"




"ਨਹੀਂ ਜੀ, ਪਤਾ ਕੀਤਾ, ਇਹ ਇਲਾਕਾ ਕਿਤੇ ਦੂਰ ਹੈ। ਸਾਨੂੰ ਫਰੈਂਚ ਲੈਂਗੂਜ਼ ਵੀ ਨਹੀਂ ਆਉਂਦੀ। ਇਹ ਲੋਕ ਇੰਗਲਿਸ ਵੀ ਬਹੁਤ ਘੱਟ ਬੋਲਦੇ ਨੇ! ਸਰਕਾਰੀ ਸਰਵਿਸ ਕਰਕੇ ਬਹੁਤਾ ਕਿਤੇ ਜਾ ਵੀ ਨਹੀਂ ਸਕਦੇ। ਪੂਰਾ ਹਫਤਾ ਬਿਜ਼ੀ ਰਹਿੰਦੇ ਹਾਂ। ਸਿਰਫ ਵੀਕਐਂਡ 'ਤੇ ਫਰੀ ਹੁੰਦੇ ਹਾਂ।" ਉਨ੍ਹਾਂ ਨੇ ਛੋਟੀ ਜਿਹੀ ਡਾਇਰੀ ਵਿਚੋਂ ਪਤਾ ਲੱਭ ਕੇ ਮੇਰੇ ਅੱਗੇ ਕਰ ਦਿੱਤਾ। ਉਹ ਐਡਰੈਸ ਵੀ ਮੇਰਾ ਹੀ ਸੀ। ਮੈਂ ਗੱਲ ਨੂੰ ਬਦਲਦਿਆਂ ਪੁੱਛਿਆ, "ਤੁਸੀਂ ਪੈਰਿਸ ਵਿਚ ਕਿਥੇ ਰਹਿ ਰਹੇ ਹੋ?" "ਅਸੀਂ ਆਈਫਲ ਟਾਵਰ ਦੇ ਕੋਲ ਇੱਕ ਹੋਟਲ ਵਿਚ ਰਹਿ ਰਹੇ ਹਾਂ," ਨਾਲ ਹੀ ਜੇਬ ਵਿਚੋਂ ਵਿਜ਼ਟਿੰਗ ਕਾਰਡ ਕੱਢ ਕੇ ਦੇ ਦਿੱਤਾ। "ਤੁਸੀਂ ਜੀ, ਸੁਖਵੀਰ ਨੂੰ ਕਿਵੇਂ ਜਾਣਦੇ ਹੋ"? "ਆਪ ਸਾਨੂੰ ਪੁਲਿਸ ਵਾਲਿਆਂ ਵਾਂਗ ਸਵਾਲ ਕਰ ਰਹੇ ਹੋ"! ਉਨ੍ਹਾਂ ਹੱਸਦਿਆਂ ਹੋਇਆਂ ਕਿਹਾ, "ਮੈਂ ਪੈਰਿਸ ਆਉਣ ਤੋਂ ਪਹਿਲਾਂ ਆਪਣੇ ਰਿਸ਼ਤੇਦਾਰ ਨੂੰ ਮਿਲਣ ਲਈ ਬੰਬੇ ਗਿਆ ਸੀ। ਉਥੇ ਉਸ ਦਾ ਭਾਈ ਮਿਲਿਆ ਸੀ। ਉਨ੍ਹਾਂ ਦੀ ਰਿਹਾਇਸ਼ ਵੀ ਸਾਹਮਣੇ ਵਾਲੇ ਮਕਾਨ ਵਿਚ ਹੈ।" ਮੈਂ ਵੀ ਕੁਝ ਦੇਰ ਬੰਬੇ ਰਹਿ ਕੇ ਆਇਆ ਸੀ। ਮੇਰੇ ਭਾਈ ਦਾ ਉਸ ਘਰ ਨਾਲ ਵਾਹਵਾ ਤਾਲਮੇਲ ਸੀ। ਥੋੜ੍ਹੀ ਦੇਰ ਚੁੱਪ ਰਹਿਣ ਤੋਂ ਬਾਅਦ ਮੈਂ ਨੀਂਵੀ ਪਾਉਂਦਿਆ ਕਿਹਾ, "ਉਹ ਮੇਰਾ ਹੀ ਭਾਈ ਹੈ!" "ਮੈਂ ਹੀ ਹਾਂ, ਜਿਸ ਨੂੰ ਤੁਸੀਂ ਲੱਭ ਰਹੇ ਹੋ"! ਇਹ ਲਫ਼ਜ਼ ਸੁਣ ਕੇ ਉਹ ਮੇਰੇ ਵੱਲ ਅਫ਼ਸਰਸ਼ਾਹੀ ਨਜ਼ਰਾਂ ਨਾਲ ਵੇਖਣ ਲੱਗ ਪਿਆ। "ਪਰ ਤੁਸੀਂ ਤਾਂ ਕਹਿ ਰਹੇ, ਅਸੀਂ ਇਸ ਨਾਂ ਦੇ ਸ਼ਖਸ ਨੂੰ ਨ੍ਹੀ ਜਾਣਦੇ"? ਮੇਰੇ ਕੋਲ ਸੱਚ ਸਾਬਤ ਕਰਨ ਲਈ ਬਣਾਉਟੀ ਮੁਸਕਰਾਹਟ ਤੋਂ ਸਵਾਏ ਕੁਝ ਨਹੀਂ ਸੀ। ਕੋਈ ਆਪਣੀ ਗਲਤੀ ਨੂੰ ਸਵੀਕਾਰਨ ਨਾਲ ਛੋਟਾ ਨਹੀਂ ਹੋ ਜਾਂਦਾ। ਮੈਂ "ਵੈਹਰੀ ਸੌਰੀ" ਕਹਿ ਕਿ ਆਪਣਾ ਪੱਲਾ ਛੁਡਾਇਆ। ਜਿਵੇਂ ਕਹਿੰਦੇ ਨੇ ਚਿਹਰਾ ਦਿਲ ਦੀ ਮੂਰਤ ਹੁੰਦਾ। ਉਹ ਮੇਰੇ ਭਾਈ ਦਾ ਚਿਹਰਾ ਮੇਰੇ ਵਿਚੋਂ ਲੱਭ ਰਿਹਾ ਸੀ। ਇਹ ਸੁਣ ਕੇ ਉਸ ਨੇ ਮੈਨੂੰ ਘੁੱਟ ਕੇ ਗਲਵੱਕੜੀ ਪਾ ਲਈ। ਮੈਨੂੰ ਉਹ ਵੱਡੇ ਭਾਈ ਵਾਂਗ ਲੱਗਿਆ, ਜਿਸ ਨੂੰ ਮਿਲਿਆ ਕਈ ਸਾਲ ਹੋ ਗਏ ਸਨ। ਅਗਲੇ ਵੀਕਐਂਡ ਮੈਂ ਆਪਣੇ ਦੋਸਤ ਨਾਲ ਉਨ੍ਹਾਂ ਦੇ ਦਿੱਤੇ ਹੋਏ ਪਤੇ 'ਤੇ ਮਿਲਣ ਲਈ ਚਲਿਆ ਗਿਆ। ਉਹ ਮੇਰੇ ਨਾਲੋਂ ਵਧੀਆ ਕੰਡੀਸ਼ਨ ਵਿਚ ਰਹਿ ਰਹੇ ਸਨ। ਇੱਕ ਨੌਕਰ ਵੀ ਖਾਣਾ ਬਣਾਉਣ ਤੇ ਸਾਫ-ਸਫਾਈ ਲਈ ਦਿੱਤਾ ਹੋਇਆ ਸੀ। ਉਨ੍ਹਾਂ ਕਿਹਾ, ਸਾਡਾ ਪੰਜਾਬੀ ਖਾਣੇ ਖਾਣ ਨੂੰ ਬਹੁਤ ਦਿੱਲ ਕਰਦਾ। ਅਸੀਂ ਵੀਕਐਂਡ ਤੁਹਾਡੇ ਕੋਲ ਹੀ ਗੁਜ਼ਾਰਿਆ ਕਰਾਂਗੇ। ਉਹ ਥਰੀ ਸਟਾਰ ਹੋਟਲ ਨਾਲੋਂ ਸਾਡੇ ਦੋ ਕਮਰਿਆਂ ਨੂੰ ਵੱਧ ਤਰਜੀਹ ਦੇ ਰਹੇ ਸਨ। ਇਸ ਮਿਲਣੀ ਤੋਂ ਬਾਅਦ ਉਹ ਸਾਡੇ ਕੋਲ ਹਰ ਛੁੱਟੀ ਵਾਲਾ ਦਿਨ ਗੁਜ਼ਾਰਦੇ। ਮੈਂ ਉਨ੍ਹਾਂ ਨਾਲ ਬੱਸ ਰਾਹੀਂ ਪੈਰਿਸ ਤੋਂ ਲੰਡਨ ਪਹਿਲੀ ਵਾਰ (ਇੰਗਲੈਂਡ) ਗਿਆ ਸੀ। ਜਿਸ ਘਰ ਵਿਚ ਅਸੀਂ ਠਹਿਰੇ ਸੀ। ਜਿਨ੍ਹਾਂ ਨੂੰ ਮੈਂ ਜਾਣਦਾ ਤੱਕ ਨਹੀਂ ਸੀ। ਬਾਅਦ ਵਿਚ ਉਸ ਖਾਨਦਾਨ ਨਾਲ ਸਾਡੀ ਗੂੜ੍ਹੀ ਦੋਸਤੀ ਹੋ ਗਈ। ਜਿਹੜੀ ਹੁਣ ਰਿਸ਼ਤੇਦਾਰੀ ਵਿਚ ਬਦਲ ਚੁੱਕੀ ਹੈ। ਤਿੰਨ ਮਹੀਨੇ ਬਾਅਦ ਉਨ੍ਹਾਂ ਦਾ ਕੋਰਸ ਖਤਮ ਹੋ ਗਿਆ ਤੇ ਉਹ ਭਾਰਤ ਵਾਪਸ ਚਲੇ ਗਏ। ਪ੍ਰਦੇਸਾਂ ਵਿਚ ਮਿਲੇ ਵੱਡੇ ਭਾਈਆਂ ਵਰਗੇ ਅਜਨਬੀ ਦੋਸਤ ਨੂੰ ਅੱਜ ਤੱਕ ਨਹੀਂ ਭੁੱਲ ਸਕਿਆ। ਇਸ ਲਈ ਸਿਆਣੇ ਕਹਿੰਦੇ ਨੇ ਜੀਵਨ ਦਾ ਹਰ ਪਲ ਸਾਡੇ ਲਈ ਕੁਝ ਨਵਾਂ ਲੈ ਕੇ ਆਉਂਦਾ ਹੈ।

# ਸਮਾਜ ਨੂੰ ਬਦਲਣ ਦਾ ਦਮ ਰੱਖਦੇ ਹਨ ਅਧਿਆਪਕ

## (ਅਧਿਆਪਕ ਦਿਵਸ 'ਤੇ ਵਿਸ਼ੇਸ਼)

-ਹਰਕੀਰਤ ਕੌਰ
97791-18066
(Punjab Mail USA)



ਇੱਕ ਸੱਭਿਅਕ ਸਮਾਜ ਦੀ ਸਿਰਜਣਾ ਲਈ ਉਸ ਸਮਾਜ ਦੇ ਲੋਕਾਂ ਦਾ ਪੜ੍ਹੇ-ਲਿਖੇ, ਗਿਆਨਵਾਨ ਅਤੇ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਇਹ ਸਾਰੇ ਗੁਣ ਮਨੁੱਖ ਨੂੰ ਗ੍ਰਹਿਣ ਕਰਵਾਉਣ ਦੀ ਜ਼ਿੰਮੇਵਾਰੀ ਅਧਿਆਪਕ ਦੇ ਮੋਢਿਆਂ ਉੱਤੇ ਹੁੰਦੀ ਹੈ। ਮਨੁੱਖ ਦੀ ਸਿੱਖਣ ਪ੍ਰਕਿਰਿਆ ਉਸਦੇ ਜਨਮ ਦੇ ਨਾਲ ਹੀ ਆਰੰਭ ਹੋ ਜਾਂਦੀ ਹੈ। ਮਾਪੇ, ਆਲਾ- ਦੁਆਲਾ, ਸਮਾਜ ਅਧਿਆਪਕ ਇਨ੍ਹਾਂ ਸਭ ਕੋਲੋਂ ਮਨੁੱਖ ਸਿੱਖਦਾ ਹੈ। ਮਨੁੱਖ ਦੀ ਸਿੱਖਣ ਪ੍ਰਕਿਰਿਆ ਵਿਚ ਮਾਪਿਆਂ ਤੋਂ ਉਪਰੰਤ ਅਧਿਆਪਕਾਂ ਦੀ ਭੂਮਿਕਾ ਸਭ ਤੋਂ ਮਹੱਤਵਪੂਰਣ ਰਹਿੰਦੀ ਹੈ। ਅਧਿਆਪਕ ਇੱਕ ਪਾਰਸ ਵਾਂਗਰ ਆਪਣੀ ਗਿਆਨ ਰੂਪੀ ਛੂਹ ਨਾਲ ਮਨੁੱਖ ਨੂੰ ਇੱਕ ਚੰਗਾ ਸਮਾਜਿਕ ਅਤੇ ਸੱਭਿਅਕ ਪ੍ਰਾਣੀ ਬਣਾਉਂਦੇ ਹਨ। ਸਭ ਤੋਂ ਛੋਟੀ ਉਮਰ ਦੀ ਨੋਬਲ ਸ਼ਾਂਤੀ ਪੁਰਸਕਾਰ ਜੇਤੂ ਮਲਾਲਾ ਯੂਸਫਜ਼ਈ ਦਾ ਕਥਨ ਹੈ ਕਿ **"One book, one pen, one child and one teacher can change the world."**

ਭਾਵ ਕਿ ਇੱਕ ਕਿਤਾਬ, ਇੱਕ ਪੈੱਨ ਇੱਕ ਬੱਚਾ ਅਤੇ ਇੱਕ ਅਧਿਆਪਕ ਪੂਰੇ ਸੰਸਾਰ ਨੂੰ ਬਦਲ ਸਕਦੇ ਹਨ। ਕੋਈ ਦੇਸ਼ ਕਿੰਨਾ ਵਿਕਸਿਤ ਹੈ, ਇਹ ਉਸਦੀ ਆਰਥਿਕ ਸਥਿਤੀ 'ਤੇ ਨਿਰਭਰ ਕਰਦਾ ਹੈ ਅਤੇ ਦੇਸ਼ ਦੀ ਆਰਥਿਕਤਾ ਉਸਦੇ ਰਹਿਣ ਵਾਲੇ ਨਾਗਰਿਕਾਂ ਉੱਪਰ ਨਿਰਭਰ ਕਰਦੀ ਹੈ, ਜਿੰਨਾ ਵੱਧ ਪੜ੍ਹਿਆ-ਲਿਖਿਆ ਸਮਾਜ ਹੋਵੇਗਾ, ਓਨਾ ਹੀ ਦੇਸ਼ ਵਿਕਸਿਤ ਜਾਂ ਵਿਕਾਸਸ਼ੀਲ ਹੋਵੇਗਾ। ਪਰ ਸਮਾਜ ਸਿੱਖਿਅਕ ਤਾਂ ਹੀ ਹੋ ਸਕਦਾ ਹੈ, ਜੇਕਰ ਉਸ ਦੇਸ਼ ਦਾ ਅਧਿਆਪਕ ਵਰਗ ਜ਼ਿੰਮੇਵਾਰ ਅਤੇ ਹੁਨਰਮੰਦ ਹੋਵੇਗਾ।

ਜਿਸ ਵੀ ਵਿਅਕਤੀ ਨੇ ਆਪਣੀ ਜ਼ਿੰਦਗੀ ਵਿਚ ਉੱਚੇ ਮੁਕਾਮ ਹਾਸਲ ਕੀਤੇ ਹਨ, ਉਸ ਪਿੱਛੇ ਉਸਦੇ ਅਧਿਆਪਕਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਅਧਿਆਪਕ ਇੱਕ ਉਹ ਦੀਵਾ ਹੈ, ਜੋ ਪਹਿਲਾਂ ਆਪ ਜਲਦਾ ਹੈ ਅਤੇ ਫਿਰ ਆਪਣੇ ਗਿਆਨ ਦੀ ਬੱਤੀ ਨਾਲ ਵਿਦਿਆਰਥੀ ਰੂਪੀ ਹੋਰ ਦੀਵਿਆਂ ਨੂੰ ਜਗਾਉਂਦਾ ਹੈ।



ਅਧਿਆਪਨ ਕਿੱਤੇ ਦਾ ਮਕਸਦ ਸਿਰਫ਼ ਦੁਨੀਆਂ ਦੇ ਲੋਕਾਂ ਨੂੰ ਸਿੱਖਿਅਕ ਬਣਾਉਣਾ ਹੀ ਨਹੀਂ, ਬਲਕਿ ਉਨ੍ਹਾਂ ਨੂੰ ਨੈਤਿਕ ਗੁਣਾਂ ਦੀ ਜਾਣਕਾਰੀ ਦੇ ਚੰਗੇ ਨਾਗਰਿਕ ਬਣਾਉਣਾ ਅਤੇ ਇੱਕ ਚੰਗਾ ਅਤੇ ਸੱਭਿਅਕ ਸਮਾਜ ਦੀ ਸਿਰਜਣਾ ਕਰਨਾ ਹੈ।

ਇੱਕ ਚੰਗਾ ਅਧਿਆਪਕ ਉਹੀ ਹੈ, ਜੋ ਵਿਦਿਆਰਥੀ ਦੀ ਯੋਗ ਅਗਵਾਈ ਕਰੇ, ਵਿਦਿਆਰਥੀਆਂ ਵਿਚ ਨੈਤਿਕ ਗੁਣ ਭਰੇ ਅਤੇ ਦੋਸਤਾਨਾ ਵਿਵਹਾਰ ਕਰੇ, ਅਜਿਹੇ ਵਿਵਹਾਰ ਸਦਕਾ ਵਿਦਿਆਰਥੀ ਨੂੰ ਸਹੀ ਸੇਧ ਦਿੱਤੀ ਜਾ ਸਕਦੀ ਹੈ। ਜੇਕਰ ਅਧਿਆਪਕ ਵਿਦਿਆਰਥੀਆਂ ਨਾਲ ਦੋਸਤਾਨਾ ਵਿਵਹਾਰ ਕਰਦੇ ਹਨ, ਤਾਂ ਉਨ੍ਹਾਂ ਵਿਚ ਆਤਮ ਵਿਸ਼ਵਾਸ ਵੱਧਦਾ ਹੈ। ਇਸ ਨਾਲ ਆਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਮਜ਼ਬੂਤ ਹੁੰਦਾ ਹੈ, ਸਿੱਟੇ ਵਜੋਂ ਵਿਦਿਆਰਥੀ ਅਧਿਆਪਕ ਨਾਲ ਜਿੱਥੇ ਵਿਸ਼ੇ ਨਾਲ ਸੰਬੰਧਿਤ ਮੁਸ਼ਕਿਲਾਂ ਸਾਂਝੀਆਂ ਕਰਦੇ ਹਨ, ਉੱਥੇ ਆਪਣੀਆਂ ਨਿੱਜੀ ਮੁਸ਼ਕਿਲਾਂ ਵੀ ਬਿਨਾ ਕਿਸੇ ਡਰ ਤੋਂ ਸਾਂਝੀਆਂ ਕਰ ਸਕਦੇ ਹਨ। ਜੋ ਅਧਿਆਪਕ ਵਿਦਿਆਰਥੀਆਂ ਨਾਲ ਦੋਸਤਾਨਾ ਅਤੇ ਕੋਮਲ ਵਿਵਹਾਰ ਰੱਖਦੇ ਹਨ, ਉਹ ਵਿਦਿਆਰਥੀਆਂ ਦੇ ਅੰਦਰ ਛੁਪੀਆਂ ਕਿੰਨੀਆਂ ਹੀ ਅਣਕਹੀਆਂ ਗੱਲਾਂ ਨੂੰ ਜਾਣਨ ਦਾ ਸਮਰੱਥ ਹੋ ਜਾਂਦੇ ਹਨ। ਅਧਿਆਪਕ ਦੇ ਅਜਿਹੇ ਵਿਵਹਾਰ ਸਦਕਾ ਕਈ ਵਾਰ ਵਿਦਿਆਰਥੀ ਗਲਤ ਰਸਤੇ 'ਤੇ ਜਾਣ ਤੋਂ ਬਚ ਜਾਂਦੇ ਹਨ।

ਇੱਕ ਸੁਲਝਿਆ ਹੋਇਆ ਅਧਿਆਪਕ ਆਪਣੇ ਆਪ ਨੂੰ ਕੇਵਲ ਵਿਸ਼ੇ ਤੱਕ ਸੀਮਿਤ ਨਹੀਂ ਰੱਖਦਾ, ਬਲਕਿ ਆਪਣੇ ਵਿਦਿਆਰਥੀ ਦੇ ਸਰਬਪੱਖੀ ਵਿਕਾਸ ਲਈ ਹਰ ਹੀਲਾ ਕਰਦਾ ਹੈ, ਨਾਲ ਹੀ ਨਾਲ ਵਿਦਿਆਰਥੀ ਨੂੰ ਜੀਵਨ ਵਿਚ ਆਉਣ ਵਾਲੀਆਂ ਚੁਣੌਤੀਆਂ ਨਾਲ ਜੂਝਣ ਲਈ ਪ੍ਰੋਤਸਾਹਿਤ ਅਤੇ ਪ੍ਰੇਰਿਤ ਕਰਦਾ ਹੈ। ਇੱਕ ਅਧਿਆਪਕ ਦਾ ਪੜ੍ਹਾਇਆ ਹੋਇਆ ਵਿਦਿਆਰਥੀ ਜਦੋਂ ਆਪਣੀ ਮੰਜ਼ਿਲ ਨੂੰ ਸਰ ਕਰਦਾ ਹੈ, ਤਾਂ ਇਸ ਤੋਂ ਵੱਧ ਕੀਮਤੀ ਪਲ ਅਧਿਆਪਕ ਲਈ ਹੋਰ ਕੋਈ ਨਹੀਂ ਹੋ ਸਕਦਾ।

ਇਹ ਕਿੱਤਾ ਦੁਨੀਆਂ ਦੇ ਸਾਰੇ ਕਿੱਤਿਆਂ ਵਿਚੋਂ ਸਤਿਕਾਰਤ ਕਿੱਤਾ ਹੈ। ਪੁਰਾਤਨ ਸਮਿਆਂ ਤੋਂ ਹੀ ਅਧਿਆਪਕ ਨੂੰ ਗੁਰੂ ਦਾ ਦਰਜ਼ਾ ਦਿੱਤਾ ਗਿਆ। ਗੁਰਬਾਣੀ ਵਿਚ ਵੀ ਅਧਿਆਪਕ ਅਤੇ ਸਿੱਖਿਆ ਦੋਨਾਂ ਦੀ ਮਹਾਨਤਾ ਦਾ ਜ਼ਿਕਰ ਕੀਤਾ ਗਿਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖੀ ਜੀਵਨ ਵਿਚ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਸਦੈਵ ਰਹਿਣ ਵਾਲਾ ਹੈ। ਪਰੰਤੂ ਸਮੇਂ ਵਿਚ ਤਬਦੀਲੀ ਆਉਣ ਨਾਲ ਕਈ ਵਾਰ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ, ਜੋ ਇਸ ਰਿਸ਼ਤੇ ਦੀ ਪਵਿੱਤਰਤਾ ਨੂੰ ਦਾਗਦਾਰ ਕਰ ਦਿੰਦੀਆਂ ਹਨ, ਜਿਨ੍ਹਾਂ ਵਿਚੋਂ ਵਿਦਿਆਰਥੀਆਂ ਦੁਆਰਾ ਅਧਿਆਪਕਾਂ ਦੀ ਕੁੱਟਮਾਰ ਜਾਂ ਬਦਸਲੂਕੀ ਅਤੇ ਮਰਦ ਅਧਿਆਪਕਾਂ ਦੁਆਰਾ ਵਿਦਿਆਰਥਣਾਂ ਨਾਲ ਗਲਤ ਵਿਵਹਾਰ ਦੀਆਂ ਘਟਨਾਵਾਂ ਆਮ ਹਨ। ਅਧਿਆਪਕ ਅਤੇ ਵਿਦਿਆਰਥੀਆਂ ਦੋਨਾਂ ਨੂੰ ਇਸ ਰਿਸ਼ਤੇ ਦੀ ਮਾਣ-ਮਰਿਯਾਦਾ ਅਤੇ ਪਵਿੱਤਰਤਾ ਦਾ ਧਿਆਨ ਰੱਖਣਾ ਚਾਹੀਦਾ ਹੈ, ਤਾਂ ਜੋ ਅਜਿਹੀਆਂ ਘਟਨਾਵਾਂ ਨਾ ਵਾਪਰਨ।

ਜੇਕਰ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਸੁਖਾਲਾ ਅਤੇ ਸਨੇਹਪੂਰਵਕ ਹੋਵੇਗਾ, ਤਾਂ ਸਿੱਖਣ ਸਿਖਾਉਣ ਪ੍ਰਕਿਰਿਆ ਵੀ ਵੱਧ ਪ੍ਰਭਾਵਸ਼ਾਲੀ ਹੋਵੇਗੀ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਅਧਿਆਪਕਾਂ ਦਾ ਪੂਰਾ ਸਤਿਕਾਰ ਕਰਨ, ਨਿਮਰਤਾ ਵਿਚ ਰਹਿ ਕੇ ਸਿੱਖਿਆ ਗ੍ਰਹਿਣ ਕਰਨ ਅਤੇ ਅਧਿਆਪਕ ਦੇ ਚੰਗੇ ਅਤੇ ਪਸੰਦੀਦਾ ਵਿਦਿਆਰਥੀਆਂ ਦੀ ਸੂਚੀ ਵਿਚ ਸ਼ਾਮਿਲ ਹੋਣ।

ਅਧਿਆਪਕਾਂ ਦਾ ਵੀ ਮੁੱਢਲਾ ਫਰਜ਼ ਬਣਦਾ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਕਿਉਂਕਿ ਅਧਿਆਪਕ ਦਾ ਪੇਸ਼ਾ ਦੁਨੀਆਂ ਦੇ ਸਭ ਪੇਸ਼ਿਆਂ ਨਾਲੋਂ ਜ਼ਿੰਮੇਵਾਰੀ ਵਾਲਾ ਅਤੇ ਮਾਣ ਵਾਲਾ ਕਿੱਤਾ ਹੈ, ਅਧਿਆਪਕ ਕੋਲ ਆਪਣੇ ਸਮਾਜ ਦਾ ਨਕਸ਼ਾ ਬਦਲਣ ਦਾ ਹੁਨਰ ਅਤੇ ਮੌਕਾ ਦੋਵੇਂ ਹੁੰਦੇ ਹਨ। ਸੋ ਸਾਰੇ ਅਧਿਆਪਕ ਵਰਗ ਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਜ਼ਿੰਮੇਵਾਰੀ ਨੂੰ ਬਹੁਤ ਹੀ ਸੰਜੀਦਗੀ ਨਾਲ ਨਿਭਾਈਏ, ਤਾਂ ਜੋ ਇੱਕ ਚੰਗੇ ਸਮਾਜ ਦੀ ਰਚਨਾ ਸੰਭਵ ਹੋ ਸਕੇ।

# ਸੰਵੇਦਨਸ਼ੀਲ ਖੇਤਰਾਂ ਵਿਚ ਹਿੰਸਾ ਦਾ ਮੁਕਾਬਲਾ ਕਰਨਾ

-ਡਾ. ਸਤਿਆਵਾਨ 'ਸੌਰਭ'
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀ.ਵੀ. ਪੈਨਲਿਸਟ, ਹਰਿਆਣਾ
94665-26148, 01255281381
(Punjab Mail USA)



ਭਾਰਤ ਦੇ ਸੰਵੇਦਨਸ਼ੀਲ ਖੇਤਰਾਂ ਵਿਚ ਹਿੰਸਾ ਦਾ ਮੁਕਾਬਲਾ ਕਰਨ ਲਈ ਇੱਕ ਵਿਆਪਕ ਅਤੇ ਬਹੁ-ਪੱਖੀ ਪਹੁੰਚ ਦੀ ਲੋੜ ਹੈ। ਮੂਲ ਕਾਰਨਾਂ ਨੂੰ ਸੰਬੋਧਿਤ ਕਰਨ, ਸਥਾਨਕ ਭਾਈਚਾਰਿਆਂ ਨੂੰ ਸ਼ਾਮਲ ਕਰਨ ਅਤੇ ਸਿੱਖਿਆ ਅਤੇ ਆਰਥਿਕ ਵਿਕਾਸ ਵਿੱਚ ਨਿਵੇਸ਼ ਕਰਕੇ, ਇਨ੍ਹਾਂ ਪ੍ਰੋਗਰਾਮਾਂ ਦਾ ਉਦੇਸ਼ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਕੱਟੜਪੰਥੀ ਬਿਰਤਾਂਤਾਂ ਦਾ ਮੁਕਾਬਲਾ ਕਰਨਾ ਹੈ। ਇਹ ਜਾਣ-ਪਛਾਣ ਪ੍ਰਭਾਵਸ਼ਾਲੀ ਵਿਕਾਸ ਪਹਿਲਕਦਮੀਆਂ ਲਈ ਪੜਾਅ ਤੈਅ ਕਰਦੀ ਹੈ, ਜੋ ਵਿਅਕਤੀਆਂ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ, ਸਹਿਣਸ਼ੀਲਤਾ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਹਿੰਸਾ ਦੇ ਫੈਲਣ ਵਿਰੁੱਧ ਇੱਕ ਲਚਕੀਲੇ ਸਮਾਜ ਦਾ ਨਿਰਮਾਣ ਕਰਦੇ ਹਨ। ਭਾਰਤ ਦੇ ਕਮਜ਼ੋਰ ਖੇਤਰਾਂ ਵਿਚ ਹਿੰਸਾ ਦਾ ਮੁਕਾਬਲਾ ਕਰਨ ਲਈ ਪ੍ਰਭਾਵਸ਼ਾਲੀ ਵਿਕਾਸ ਪ੍ਰੋਗਰਾਮਾਂ ਨੂੰ ਡਿਜ਼ਾਈਨ ਕਰਨ ਅਤੇ ਲਾਗੂ ਕਰਨ ਲਈ ਇੱਕ ਵਿਆਪਕ ਅਤੇ ਬਹੁ-ਪੱਖੀ ਪਹੁੰਚ ਦੀ ਲੋੜ ਹੈ।

ਹਰੇਕ ਖੇਤਰ ਵਿਚ ਹਿੰਸਾ ਵਿਚ ਯੋਗਦਾਨ ਪਾਉਣ ਵਾਲੇ ਅੰਤਰੀਵ ਕਾਰਕਾਂ ਨੂੰ ਸਮਝਣਾ ਮਹੱਤਵਪੂਰਨ ਹੈ। ਆਰਥਿਕ ਅਸਮਾਨਤਾਵਾਂ, ਸਮਾਜਿਕ ਅਲਹਿਦਗੀ, ਸਿੱਖਿਆ ਦੀ ਘਾਟ ਅਤੇ ਰਾਜਨੀਤਿਕ ਹਾਸ਼ੀਏ 'ਤੇ ਰਹਿਣ ਵਰਗੇ ਕਾਰਕ ਅਕਸਰ ਭੂਮਿਕਾ ਨਿਭਾਉਂਦੇ ਹਨ। ਪ੍ਰੋਗਰਾਮਾਂ ਦੇ ਡਿਜ਼ਾਈਨ ਅਤੇ ਲਾਗੂ ਕਰਨ ਵਿਚ ਸਥਾਨਕ ਭਾਈਚਾਰਿਆਂ ਨੂੰ ਸ਼ਾਮਲ ਕਰੋ। ਸਾਰਥਕਤਾ ਅਤੇ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦੀ ਸੂਝ ਅਤੇ ਸਰਗਰਮ ਭਾਗੀਦਾਰੀ ਜ਼ਰੂਰੀ ਹੈ। ਮਿਆਰੀ ਸਿੱਖਿਆ ਅਤੇ ਹੁਨਰ ਵਿਕਾਸ ਦੇ ਮੌਕਿਆਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਤ ਕਰੋ। ਸਿੱਖਿਆ ਵਿਅਕਤੀਆਂ ਨੂੰ ਸੂਚਿਤ ਚੋਣਾਂ ਕਰਨ ਅਤੇ ਕੱਟੜਪੰਥੀ ਵਿਚਾਰਧਾਰਾਵਾਂ ਦਾ ਵਿਰੋਧ ਕਰਨ ਲਈ ਸ਼ਕਤੀ ਪ੍ਰਦਾਨ ਕਰ ਸਕਦੀ ਹੈ। ਬੁਨਿਆਦੀ ਢਾਂਚੇ, ਉਦਯੋਗਾਂ ਅਤੇ ਨੌਕਰੀਆਂ ਦੀ ਸਿਰਜਣਾ ਵਿਚ ਨਿਵੇਸ਼ ਕਰਕੇ ਸਮਾਵੇਸ਼ੀ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ,



ਆਰਥਿਕ ਮੌਕੇ ਨਿਰਾਸ਼ਾ ਅਤੇ ਨਿਰਾਸ਼ਾ ਦੀਆਂ ਭਾਵਨਾਵਾਂ ਨੂੰ ਘਟਾਉਣ ਵਿਚ ਮਦਦ ਕਰ ਸਕਦਾ ਹੈ ਜਿਸਦਾ ਕੱਟੜਪੰਥੀ ਸ਼ੋਸ਼ਣ ਕਰ ਸਕਦੇ ਹਨ। ਸਮਝ ਅਤੇ ਸਹਿਣਸ਼ੀਲਤਾ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਧਾਰਮਿਕ, ਨਸਲੀ ਅਤੇ ਸਮਾਜਿਕ ਸਮੂਹਾਂ ਵਿਚਕਾਰ ਸੰਵਾਦ ਅਤੇ ਆਪਸੀ ਤਾਲਮੇਲ ਨੂੰ ਉਤਸ਼ਾਹਿਤ ਕਰੋ।

ਸਮਾਜਿਕ ਏਕਤਾ ਦਾ ਨਿਰਮਾਣ ਵੰਡਾਂ ਨੂੰ ਪੁਲ ਅਤੇ ਕੱਟੜਪੰਥੀ ਬਿਰਤਾਂਤਾਂ ਦੀ ਅਪੀਲ ਨੂੰ ਘਟਾਉਣ ਵਿਚ ਮਦਦ ਕਰ ਸਕਦਾ ਹੈ। ਵਿਵਾਦਾਂ ਅਤੇ ਸ਼ਿਕਾਇਤਾਂ ਦੇ ਨਿਰਪੱਖ ਅਤੇ ਤੇਜ਼ੀ ਨਾਲ ਹੱਲ ਨੂੰ ਯਕੀਨੀ ਬਣਾਉਣ ਲਈ ਕਾਨੂੰਨ ਲਾਗੂ ਕਰਨ ਅਤੇ ਨਿਆਂ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ। ਸੰਸਥਾਵਾਂ ਵਿਚ ਵਿਸ਼ਵਾਸ ਪੈਦਾ ਕਰਨ ਲਈ ਨਿਆਂ ਦੀ ਭਾਵਨਾ ਜ਼ਰੂਰੀ ਹੈ। ਕੱਟੜਪੰਥੀ ਵਿਚਾਰਧਾਰਾਵਾਂ ਅਤੇ ਪ੍ਰਚਾਰ ਨੂੰ ਚੁਣੌਤੀ ਦੇਣ ਵਾਲੇ ਵਿਰੋਧੀ-ਕਥਾਵਾਂ ਨੂੰ ਵਿਕਸਿਤ ਅਤੇ ਪ੍ਰਸਾਰਿਤ ਕਰੋ। ਮੀਡੀਆ, ਸਥਾਨਕ ਪ੍ਰਭਾਵਕ ਅਤੇ ਧਾਰਮਿਕ ਆਗੂ ਇਸ ਕੋਸ਼ਿਸ਼ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਕੱਟੜਪੰਥੀ ਪ੍ਰਭਾਵਾਂ ਤੋਂ ਧਿਆਨ ਹਟਾਉਣ ਲਈ ਸਕਾਰਾਤਮਕ ਗਤੀਵਿਧੀਆਂ, ਖੇਡਾਂ, ਕਲਾ ਅਤੇ ਸੱਭਿਆਚਾਰ ਦੁਆਰਾ ਨੌਜਵਾਨਾਂ ਨੂੰ ਸ਼ਾਮਲ ਕਰੋ ਅਤੇ ਉਨ੍ਹਾਂ ਨੂੰ ਆਪਣੇ ਆਪ ਦੀ ਭਾਵਨਾ ਪ੍ਰਦਾਨ ਕਰੋ। ਲੋੜੀਂਦੇ ਸਮਾਯੋਜਨ ਅਤੇ ਸੁਧਾਰ ਕਰਨ ਲਈ ਵਿਕਾਸ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ ਦੀ ਨਿਰੰਤਰ ਨਿਗਰਾਨੀ ਅਤੇ ਮੁਲਾਂਕਣ ਕਰੋ ਵੱਖ-ਵੱਖ ਸਰਕਾਰੀ ਏਜੰਸੀਆਂ, ਗੈਰ-ਸਰਕਾਰੀ ਸੰਸਥਾਵਾਂ ਅਤੇ ਅੰਤਰਰਾਸ਼ਟਰੀ ਭਾਈਵਾਲਾਂ ਵਿਚਕਾਰ ਸਰੋਤਾਂ ਅਤੇ ਮੁਹਾਰਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜੋੜਨ ਲਈ ਤਾਲਮੇਲ ਨੂੰ ਯਕੀਨੀ ਬਣਾਓ।

ਬਹੁਤ ਸਾਰੀਆਂ ਉਦਾਹਰਣਾਂ ਹਨ ਜਿੱਥੇ ਵਿਕਾਸ ਪ੍ਰੋਗਰਾਮਾਂ ਅਤੇ ਪਹੁੰਚਾਂ ਨੇ ਹਿੰਸਾ ਦਾ ਮੁਕਾਬਲਾ ਕਰਨ ਵਿਚ ਸਕਾਰਾਤਮਕ ਨਤੀਜੇ ਦਿੱਤੇ ਹਨ। "ਰਾਜਸਥਾਨ ਮਦਰਸਾ ਬੋਰਡ" ਦੀ ਪਹਿਲਕਦਮੀ ਰਾਜ ਵਿਚ ਰਵਾਇਤੀ ਇਸਲਾਮੀ ਸਕੂਲਾਂ (ਮਦਰੱਸਿਆਂ) ਦੇ ਆਧੁਨਿਕੀਕਰਨ 'ਤੇ ਕੇਂਦਰਿਤ ਹੈ। ਧਾਰਮਿਕ ਅਧਿਐਨ ਦੇ ਨਾਲ ਪਾਠਕ੍ਰਮ ਵਿਚ ਵਿਗਿਆਨ, ਗਣਿਤ ਅਤੇ ਅੰਗਰੇਜ਼ੀ ਵਰਗੇ ਵਿਸ਼ਿਆਂ ਨੂੰ ਸ਼ਾਮਲ ਕਰਕੇ, ਇਸ ਨੇ ਵਿਦਿਆਰਥੀਆਂ ਨੂੰ ਵਧੇਰੇ ਸਰਵਪੱਖੀ ਸਿੱਖਿਆ ਪ੍ਰਦਾਨ ਕੀਤੀ। ਨਤੀਜੇ ਵਜੋਂ, ਵਿਦਿਆਰਥੀ ਕੱਟੜਪੰਥੀ ਵਿਚਾਰਧਾਰਾਵਾਂ ਪ੍ਰਤੀ ਘੱਟ ਕਮਜ਼ੋਰ ਹੋ ਗਏ। ਆਂਧਰਾ ਪ੍ਰਦੇਸ਼ ਵਿਚ "ਸਦਭਾਵਨਾ" ਪ੍ਰੋਜੈਕਟ ਦਾ ਉਦੇਸ਼ ਵਿਭਿੰਨ ਭਾਈਚਾਰਿਆਂ ਵਿਚ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨਾ ਹੈ। ਇਸ ਨੇ ਵੱਖ-ਵੱਖ ਧਾਰਮਿਕ ਪਿਛੋਕੜ ਵਾਲੇ ਲੋਕਾਂ ਨੂੰ ਭਾਈਚਾਰਕ ਸਮਾਗਮਾਂ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਲਈ ਇਕੱਠੇ ਕੀਤਾ। ਇਸ ਨਾਲ ਸਮਝ ਵਧੀ, ਅਵਿਸ਼ਵਾਸ ਘਟਿਆ ਅਤੇ ਭਾਈਚਾਰਿਆਂ ਦਰਮਿਆਨ ਮਜ਼ਬੂਤ ਸਬੰਧ ਬਣਾਉਣ ਵਿਚ ਮਦਦ ਮਿਲੀ। "ਉਡਾਨ" ਪ੍ਰੋਗਰਾਮ ਕਸ਼ਮੀਰ ਘਾਟੀ ਵਿਚ ਨੌਜਵਾਨਾਂ ਨੂੰ ਹੁਨਰ ਵਿਕਾਸ ਅਤੇ ਨੌਕਰੀ ਦੀ ਸਿਖਲਾਈ ਪ੍ਰਦਾਨ ਕਰਨ 'ਤੇ ਕੇਂਦਰਿਤ ਹੈ।

ਉਨ੍ਹਾਂ ਦੀ ਰੁਜ਼ਗਾਰਯੋਗਤਾ ਨੂੰ ਵਧਾ ਕੇ ਅਤੇ ਆਰਥਿਕ ਮੌਕੇ ਪ੍ਰਦਾਨ ਕਰਕੇ, ਇਸਦਾ ਉਦੇਸ਼ ਨੌਜਵਾਨਾਂ ਵਿਚ ਬੇਗਾਨਗੀ ਅਤੇ ਨਿਰਾਸ਼ਾ ਦੀਆਂ ਭਾਵਨਾਵਾਂ ਦਾ ਮੁਕਾਬਲਾ ਕਰਨਾ ਹੈ, ਜਿਸ ਨਾਲ ਉਨ੍ਹਾਂ ਨੂੰ ਕੱਟੜਪੰਥੀਕਰਨ ਲਈ ਘੱਟ ਕਮਜ਼ੋਰ ਬਣਾਇਆ ਜਾਂਦਾ ਹੈ। "ਰੋਡ ਕਨੈਕਟੀਵਿਟੀ ਪ੍ਰੋਜੈਕਟ" ਵਰਗੀਆਂ ਵਿਕਾਸ ਯੋਜਨਾਵਾਂ ਦਾ ਉਦੇਸ਼ ਨਕਸਲ ਪ੍ਰਭਾਵਿਤ ਖੇਤਰਾਂ ਵਿਚ ਸੜਕਾਂ ਦਾ ਨਿਰਮਾਣ ਅਤੇ ਸੰਪਰਕ ਵਿਚ ਸੁਧਾਰ ਕਰਨਾ ਹੈ। ਇਨ੍ਹਾਂ ਪ੍ਰੋਜੈਕਟਾਂ ਨੇ ਨਾ ਸਿਰਫ਼ ਪਹੁੰਚ ਨੂੰ ਵਧਾਇਆ ਹੈ, ਬਲਕਿ ਕੱਟੜਪੰਥੀ ਸਮੂਹਾਂ ਦੇ ਪ੍ਰਭਾਵ ਨੂੰ ਘਟਾਉਂਦੇ ਹੋਏ, ਅਲੱਗ-ਥਲੱਗ ਖੇਤਰਾਂ ਵਿਚ ਆਰਥਿਕ ਲਾਭ ਵੀ ਲਿਆਏ ਹਨ। ਅਸਾਮ ਵਿਚ "ਗੁਣਉਤਸਵ" ਪ੍ਰੋਗਰਾਮ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੀ ਗੁਣਵੱਤਾ ਵਿਚ ਸੁਧਾਰ ਕਰਨ 'ਤੇ ਕੇਂਦਰਿਤ ਹੈ। ਸਿੱਖਣ ਦੇ ਮਾਹੌਲ ਅਤੇ ਅਧਿਆਪਕਾਂ ਦੀ ਸਿਖਲਾਈ ਨੂੰ ਵਧਾ ਕੇ, ਇਸਨੇ ਬੱਚਿਆਂ ਲਈ ਵਿਦਿਅਕ ਮੌਕਿਆਂ ਵਿਚ ਸੁਧਾਰ ਕੀਤਾ, ਉਨ੍ਹਾਂ ਨੂੰ ਕੱਟੜਪੰਥੀ ਪ੍ਰਭਾਵਾਂ ਲਈ ਘੱਟ ਕਮਜ਼ੋਰ ਬਣਾਇਆ। ਕੁਝ ਰਾਜਾਂ, ਜਿਵੇਂ ਕੇਰਲਾ ਨੇ ਕੱਟੜਪੰਥੀ ਵਿਚਾਰਧਾਰਾ ਤੋਂ ਪ੍ਰਭਾਵਿਤ ਵਿਅਕਤੀਆਂ ਦੇ ਮੁੜ ਵਸੇਬੇ 'ਤੇ ਧਿਆਨ ਕੇਂਦ੍ਰਿਤ ਕਰਨ ਵਾਲੇ ਡੀ-ਰੈਡੀਕਲਾਈਜ਼ੇਸ਼ਨ ਪ੍ਰੋਗਰਾਮ ਲਾਗੂ ਕੀਤੇ ਹਨ। ਇਹ ਪਹਿਲਕਦਮੀਆਂ ਸਲਾਹ-ਮਸ਼ਵਰੇ, ਵੋਕੇਸ਼ਨਲ ਸਿਖਲਾਈ ਅਤੇ ਪੁਨਰ-ਏਕੀਕਰਨ ਸਹਾਇਤਾ ਪ੍ਰਦਾਨ ਕਰਦੀਆਂ ਹਨ, ਵਿਅਕਤੀਆਂ ਨੂੰ ਸਮਾਜ ਵਿਚ ਮੁੜ ਏਕੀਕ੍ਰਿਤ ਕਰਨ ਵਿਚ ਮਦਦ ਕਰਦੀਆਂ ਹਨ।

ਹਿੰਸਾ ਦਾ ਮੁਕਾਬਲਾ ਕਰਨ ਵਿਚ ਵਿਕਾਸ ਪ੍ਰੋਗਰਾਮਾਂ ਦੀ ਸਫਲਤਾ ਉਨ੍ਹਾਂ ਦੀ ਅਨੁਕੂਲਤਾ, ਭਾਈਚਾਰਕ ਭਾਗੀਦਾਰੀ ਅਤੇ ਨਿਰੰਤਰ ਮੁਲਾਂਕਣ ਵਿਚ ਹੈ। ਅੰਤਰੀਵ ਕਾਰਕਾਂ ਨੂੰ ਸੰਬੋਧਿਤ ਕਰਕੇ, ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨ ਅਤੇ ਸਿੱਖਿਆ ਅਤੇ ਆਰਥਿਕ ਵਿਕਾਸ ਦੇ ਮੌਕੇ ਪ੍ਰਦਾਨ ਕਰਕੇ, ਇਹ ਪਹਿਲਕਦਮੀਆਂ ਭਾਰਤ ਦੇ ਕਮਜ਼ੋਰ ਖੇਤਰਾਂ ਵਿਚ ਮਹੱਤਵਪੂਰਨ ਪ੍ਰਭਾਵ ਪਾ ਸਕਦੀਆਂ ਹਨ। ਇਕੱਠੇ ਮਿਲ ਕੇ, ਇਹ ਯਤਨ ਵਧੇਰੇ ਸੰਮਲਿਤ, ਸਹਿਣਸ਼ੀਲ ਅਤੇ ਲਚਕੀਲੇ ਸਮਾਜਾਂ ਦੇ ਨਿਰਮਾਣ ਵਿਚ ਯੋਗਦਾਨ ਪਾਉਂਦੇ ਹਨ, ਅੰਤ ਵਿਚ ਹਿੰਸਾ ਦੇ ਪ੍ਰਭਾਵਾਂ ਨੂੰ ਘਟਾਉਂਦੇ ਹਨ ਅਤੇ ਸਥਾਈ ਸਕਾਰਾਤਮਕ ਤਬਦੀਲੀ ਨੂੰ ਉਤਸ਼ਾਹਿਤ ਕਰਦੇ ਹਨ।

# ਜਦੋਂ ਇੱਕ ਕਮਅਕਲ ਅਫਸਰ ਨੇ ਬਿਨਾਂ ਮਤਲਬ ਬੇਇੱਜ਼ਤੀ ਕਰਵਾਈ

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 95011-00062
(Punjab Mail USA)



ਕਈ ਬੰਦਿਆਂ ਨੂੰ ਪੰਗੇ ਲੈਣ ਦਾ ਬਹੁਤ ਸ਼ੌਕ ਹੁੰਦਾ ਹੈ, ਜਿਸ ਕਾਰਨ ਉਹ ਆਪਣੀ ਵੀ ਇੱਜ਼ਤ ਲੁਹਾਉਂਦੇ ਹਨ ਤੇ ਨਾਲ ਦੇ ਦੀ ਵੀ। ਮੇਰੇ ਨਾਲ ਇੱਕ ਅਜਿਹੀ ਹੀ ਘਟਨਾ ਸੰਨ 2000 ਦੌਰਾਨ ਵਾਪਰੀ ਸੀ, ਜਦੋਂ ਮੈਂ ਸਬ ਡਵੀਜ਼ਨ ਪਾਇਲ (ਪੁਲਿਸ ਜ਼ਿਲ੍ਹਾ ਖੰਨਾ) ਵਿਖੇ ਬਤੌਰ ਡੀ.ਐੱਸ.ਪੀ. ਤਾਇਨਾਤ ਸੀ। ਫਰਵਰੀ ਦੇ ਮਹੀਨੇ ਪੁਲਿਸ ਟਰੇਨਿੰਗ ਅਕੈਡਮੀ ਫਿਲੌਰ ਵਿਖੇ ਦੋ ਦਿਨ ਦਾ ਇੱਕ ਕੋਰਸ ਚੱਲਣਾ ਸੀ, ਜਿਸ ਲਈ ਮੇਰਾ ਨਾਮ ਨੌਮੀਨੇਟ ਕੀਤਾ ਗਿਆ ਸੀ। ਹੁਣ ਦਾ ਤਾਂ ਪਤਾ ਨਹੀਂ, ਪਰ ਸਾਡੇ ਸਮੇਂ ਅਕੈਡਮੀ ਦੇ ਸ਼ਾਰਟ ਕੋਰਸ ਬਹੁਤ ਮਜ਼ੇਦਾਰ ਹੁੰਦੇ ਸਨ। ਵਧੀਆ ਖਾਣਾ ਪਾਣੀ ਤੇ ਨਾਲੇ ਦੂਰ-ਦੁਰਾਡੇ ਲੱਗੇ ਹੋਏ ਬੈਚਮੇਟਾਂ ਨੂੰ ਮਿਲਣ ਦਾ ਮੌਕਾ ਵੀ ਮਿਲ ਜਾਂਦਾ ਸੀ। ਪਹਿਲੇ ਹੀ ਦਿਨ ਮੈਨੂੰ ਕੋਰਸ ਕਰਨ ਆਇਆ ਪੰਗਾ ਸਿੰਘ (ਕਾਲਪਨਿਕ ਨਾਮ) ਨਾਮ ਦਾ ਇੱਕ ਅਫਸਰ ਮਿਲ ਗਿਆ, ਜੋ ਸ਼ਾਇਦ ਪਠਾਨਕੋਟ ਵਾਲੇ ਪਾਸੇ ਲੱਗਾ ਹੋਇਆ ਸੀ। ਉਹ ਪੰਜਾਬ ਦੇ ਸਭ ਤੋਂ ਵੱਡੇ ਪੰਗੇਬਾਜ਼ ਦੇ ਤੌਰ 'ਤੇ ਪ੍ਰਸਿੱਧ ਸੀ ਤੇ ਹੋਮ ਗਾਰਡ ਤੱਕ ਦੇ ਜਵਾਨਾਂ ਨਾਲ ਗੁੱਥਮ-ਗੁੱਥਾ ਹੋ ਚੁੱਕਾ ਸੀ।

ਉਸ ਸਮੇਂ ਮੇਰੀ ਰਿਹਾਇਸ਼ ਮੋਹਾਲੀ ਸੀ ਤੇ ਮੈਂ ਪ੍ਰਾਈਵੇਟ ਗੱਡੀ ਲੈ ਕੇ ਗਿਆ ਸੀ, ਤਾਂ ਜੋ ਸ਼ਾਮ ਨੂੰ ਘਰ ਜਾ ਸਕਾਂ। ਜਦੋਂ ਪਹਿਲੇ ਦਿਨ ਦਾ ਸ਼ੈਸ਼ਨ ਖਤਮ ਹੋਇਆ, ਤਾਂ ਪੰਗਾ ਸਿੰਘ ਮੈਨੂੰ ਕਹਿਣ ਲੱਗਾ ਕਿ ਮੈਂ ਪਠਾਨਕੋਟ ਤੋਂ ਸਰਕਾਰੀ ਜਿਪਸੀ ਲੈ ਕੇ ਆਇਆ ਹਾਂ ਤੇ ਮੈਨੂੰ ਸਿਰਫ ਆਉਣ-ਜਾਣ ਦਾ ਤੇਲ ਮਿਲਿਆ ਹੈ। ਮੇਰੀ ਰਿਹਾਇਸ਼ ਵੀ ਮੋਹਾਲੀ ਹੈ, ਜੇ ਤੂੰ ਘਰ ਜਾਣਾ ਹੈ ਤਾਂ ਮੈਨੂੰ ਵੀ ਨਾਲ ਲੈ ਚੱਲੀਂ। ਮੈਂ ਉਸ ਦੀਆਂ ਕਰਤੂਤਾਂ ਤੋਂ ਭਲੀ-ਭਾਂਤ ਜਾਣੂ ਸੀ, ਪਰ ਫਿਰ ਵੀ ਨਾਂਹ ਨਾ ਕਰ ਸਕਿਆ। ਮੈਂ ਡਰਾਈਵਰ ਤੇ ਗੰਨਮੈਨ ਇਹ ਕਹਿ ਕੇ ਪਾਇਲ ਭੇਜ ਦਿੱਤੇ ਕਿ ਸਵੇਰੇ ਆ ਜਾਇਉ ਤੇ ਖੁਦ ਗੱਡੀ ਚਲਾਉਣ ਲੱਗ ਪਿਆ। ਚਲੋ ਵਹਿਗੁਰੂ-ਵਾਹਿਗੁਰੂ ਕਰਦੇ ਮੋਹਾਲੀ ਤੱਕ ਦਾ ਸਫਰ ਸੁੱਖੀਂ-ਸਾਂਦੀ ਪੂਰਾ ਹੋ ਗਿਆ ਤੇ ਅਗਲੇ ਦਿਨ ਉਸ ਨੂੰ ਲੈ ਕੇ ਮੈਂ ਫਿਲੌਰ ਵੱਲ ਚੱਲ ਪਿਆ। ਜਦੋਂ ਅਸੀਂ ਨੀਲੋਂ ਪੁਲ ਪਾਰ ਕੀਤਾ, ਤਾਂ ਅੱਗੇ ਪੁਲਿਸ ਅਤੇ ਐਕਸਾਈਜ਼ ਮਹਿਕਮੇ ਦਾ ਕਾਫੀ ਵੱਡਾ ਨਾਕਾ ਲੱਗਾ ਹੋਇਆ ਸੀ, ਜੋ ਚੰਡੀਗੜ੍ਹ ਤੋਂ ਸਮਗਲ ਹੋ ਕੇ ਆਉਣ ਵਾਲੀ ਸ਼ਰਾਬ ਚੈੱਕ ਕਰ ਰਹੇ ਸਨ। ਚੰਡੀਗੜ੍ਹ ਵਿਚ ਸ਼ਰਾਬ ਪੰਜਾਬ ਨਾਲੋਂ ਕਾਫੀ ਸਸਤੀ ਮਿਲਦੀ ਹੈ, ਜਿਸ ਕਾਰਨ ਕਈ ਲੋਕ ਉਥੋਂ ਸ਼ਰਾਬ ਲਿਆ ਕੇ ਪੰਜਾਬ ਵਿਚ ਮਹਿੰਗੇ ਭਾਅ ਵੇਚਣ ਦਾ ਧੰਦਾ ਕਰਦੇ ਹਨ। ਇਹ ਵੇਖ ਕੇ ਕੱਲ੍ਹ ਤੋਂ ਚੁੱਪਚਾਪ ਬੈਠੇ ਪੰਗਾ ਸਿੰਘ ਦੇ ਅੰਦਰ ਪੰਗਾ ਲੈਣ ਦਾ ਕੀੜਾ ਕੁਲਬੁਲਾ ਉੱਠਿਆ।

ਉਨ੍ਹਾਂ ਨੇ ਸਾਨੂੰ ਵੀ ਹੱਥ ਦੇ ਦਿੱਤਾ ਕਿਉਂਕਿ ਨਾ ਤਾਂ ਅਸੀਂ ਵਰਦੀਆਂ ਪਹਿਨੀਆਂ ਹੋਈਆਂ ਸਨ ਤੇ ਨਾ ਹੀ ਸਾਡੇ ਨਾਲ ਕੋਈ ਗੰਨਮੈਨ ਸੀ। ਇੱਕ ਹੌਲਦਾਰ ਸਾਡੇ ਕੋਲ ਆਇਆ ਤੇ ਬਹੁਤ ਹੀ ਹਲੀਮੀ ਨਾਲ ਡਿੱਗੀ ਖੋਲ੍ਹਣ ਲਈ ਕਿਹਾ। ਜਦੋਂ ਮੈਂ ਸੀਟ ਦੇ ਥੱਲੇ ਲੱਗੀ ਕਿੱਲੀ ਨੂੰ ਖਿੱਚ ਕੇ ਡਿੱਗੀ ਖੋਲ੍ਹਣ ਲੱਗਾ, ਤਾਂ ਉਸ ਪੰਗਾ ਸਿੰਘ ਨੇ ਮੈਨੂੰ ਰੋਕ ਦਿੱਤਾ ਕਿ ਡਿੱਗੀ ਨਹੀਂ ਖੋਲ੍ਹਣੀ, ਮੈਂ ਇਨ੍ਹਾਂ ਨਾਲ ਗੱਲ ਕਰਦਾ ਹਾਂ। ਉਸ ਦੀਆਂ ਕਰਤੂਤਾਂ ਤੋਂ ਵਾਕਿਫ ਹੋਣ ਕਾਰਨ ਮੈਂ ਸਮਝ ਗਿਆ ਕਿ ਇਹ ਹੁਣ ਕੋਈ ਸਿਆਪਾ ਖੜ੍ਹਾ ਕਰੇਗਾ। ਮੈਂ ਖਿਝ ਕੇ ਕਿਹਾ ਕਿ ਤੂੰ ਕੀ ਗੱਲ ਕਰਨੀ ਹੈ, ਆਪਾਂ ਕਿਹੜਾ ਸ਼ਰਾਬ ਲੈ ਕੇ ਆਏ ਹਾਂ? 9 ਵਜੇ ਕੋਰਸ ਸ਼ੁਰੂ ਹੋਣਾ ਹੈ ਤੇ 8 ਵੱਜ ਗਏ ਹਨ। ਪਰ ਉਹ ਨਾ ਟਲਿਆ ਤੇ ਹੌਲਦਾਰ ਨੂੰ ਕਹਿਣ ਲੱਗਾ ਕਿ ਜੋ ਤੂੰ ਲੱਭ ਰਿਹਾ ਹੈਂ (ਸ਼ਰਾਬ) ਉਹ ਸਾਡੇ ਕੋਲ ਨਹੀਂ ਹੈ। ਹੌਲਦਾਰ ਨੇ ਫਿਰ ਅਦਬ ਨਾਲ ਕਿਹਾ ਕਿ ਜੇ ਨਹੀਂ ਹੈ, ਤਾਂ ਡਿੱਗੀ ਖੋਲ੍ਹ ਕੇ ਵਿਖਾ ਦਿਉ ਤੇ ਜਾਉ। ਪੰਗਾ ਫਿਰ ਬੋਲਿਆ ਕਿ ਅਸੀਂ ਡਿੱਗੀ ਵੀ ਨਹੀਂ ਖੋਲ੍ਹਣੀ। ਹੌਲਦਾਰ ਥੋੜ੍ਹਾ ਜਿਹਾ ਖਿਝ ਗਿਆ ਤੇ ਬੋਲਿਆ ਕਿ ਜੇ ਡਿੱਗੀ ਖੋਲ੍ਹਣੀ ਤਾਂ ਫਿਰ ਦੱਸ ਦਿਉ ਤੁਸੀਂ ਕੌਣ ਹੋ?

ਪੰਗੇ ਨੇ ਮੁੱਛਾਂ ਨੂੰ ਤਾਅ ਦੇ ਕੇ ਕਿਹਾ ਕਿ ਅਸੀਂ ਦੱਸਣਾ ਵੀ ਨਹੀਂ ਅਸੀਂ ਕੌਣ ਹਾਂ? ਹੌਲੀ-ਹੌਲੀ ਗੱਲ ਐਨੀ ਵਧ ਗਈ ਕਿ ਹੌਲਦਾਰ ਤੇ ਪੰਗਾ ਹੱਥੋਪਾਈ ਹੋਣ ਤੱਕ ਪਹੁੰਚ ਗਏ। ਪੰਗੇ ਦੀ ਵਾਹਯਾਤੀ ਤੋਂ ਖਿਝਿਆ ਹੋਇਆ ਮੈਂ ਸੋਚ ਰਿਹਾ ਸੀ ਕਿ ਅੱਜ ਇਸ ਦੇ ਚਪੇੜਾਂ ਵੱਜ ਹੀ ਲੈਣ ਦਿੱਤੀਆਂ ਜਾਣ। ਰੌਲਾ-ਗੌਲਾ ਪੈਂਦਾ ਵੇਖ ਕੇ ਨਜ਼ਦੀਕ ਹੀ ਖੜ੍ਹਾ ਇੱਕ ਸਿਆਣਾ ਜਿਹਾ ਇੰਸਪੈਕਟਰ ਸਾਡੀ ਗੱਡੀ ਕੋਲ ਪਹੁੰਚ ਗਿਆ ਤੇ ਮਾਮਲੇ ਦੀ ਦਰਿਆਫਤ ਕੀਤੀ। ਹੁਣ ਤੱਕ ਪੰਗਾ ਸਿੰਘ ਵੀ ਗੱਲ ਵਧਦੀ ਵੇਖ ਕੇ ਡਰ ਚੁੱਕਾ ਸੀ ਤੇ ਇੰਸਪੈਕਟਰ ਨੂੰ ਦੱਸਣ ਲੱਗਾ ਕਿ ਮੈਂ ਫਲਾਣਾ ਹਾਂ ਤੇ ਇਹ ਮੇਰੇ ਨਾਲ ਬੈਠਾ ਫਲਾਣਾ ਹੈ। ਮੈਂ ਉਸ ਦੀਆਂ ਮੂਰਖਾਨਾ ਗੱਲਾਂ ਕਾਰਨ ਪਹਿਲਾਂ ਹੀ ਸੜਿਆ-ਬਲਿਆ ਬੈਠਾ ਸੀ। ਮੈਂ ਉਸ ਦੀ ਗੱਲ ਵਿਚੋਂ ਹੀ ਕੱਟ ਦਿੱਤੀ ਤੇ ਇੰਸਪੈਕਟਰ ਨੂੰ ਕਹਿ ਦਿੱਤਾ ਕਿ ਮੈਂ ਕੁਝ ਵੀ ਨਹੀਂ ਹਾਂ, ਬਲਕਿ ਇਨ੍ਹਾਂ ਜਨਾਬ ਹੁਣਾ ਦਾ ਡਰਾਈਵਰ ਹਾਂ। ਪੰਗੇ ਨੇ ਇੰਸਪੈਕਟਰ ਨੂੰ ਕਿਹਾ ਕਿ ਹੌਲਦਾਰ ਬਦਤਮੀਜ਼ ਹੈ ਤੇ ਇਸ ਨੂੰ ਕਿਸੇ ਅਫਸਰ ਨਾਲ ਗੱਲ ਕਰਨ ਦੀ ਅਕਲ ਨਹੀਂ ਹੈ। ਇੰਸਪੈਕਟਰ ਅੱਗੋਂ ਹੱਸ ਕੇ ਬੋਲਿਆ ਕਿ ਜਨਾਬ ਅਕਲ ਤਾਂ ਤੁਹਾਨੂੰ ਨਹੀਂ ਹੈ, ਜਿਸ ਕੋਲੋਂ ਤੁਸੀਂ ਸਲੂਟ ਲੈਣਾ ਸੀ, ਉਸ ਤੋਂ ਜੁੱਤੀਆਂ ਖਾਣ ਲੱਗੇ ਸੋ।

ਚਲੋ, ਖੈਰ ਉਨ੍ਹਾਂ ਨੇ ਸਾਨੂੰ ਜਾਣ ਦਾ ਇਸ਼ਾਰਾ ਕਰ ਦਿੱਤਾ ਤੇ ਮੈਂ ਖਿਝੇ-ਖਪੇ ਨੇ ਇੱਕ ਦਮ ਗੱਡੀ ਸੌ ਦੀ ਸਪੀਡ 'ਤੇ ਖਿੱਚ ਦਿੱਤੀ। ਅੱਗੇ ਵੇਖੋ ਉਸ ਅਫਸਰ ਦੀ ਬੇਸ਼ਰਮੀ ਦੀ ਇੰਤਹਾ। ਮੈਨੂੰ ਕਹਿੰਦਾ ਵੇਖਿਆ ਈ? ਮੈਂ ਗੱਡੀ ਸਾਈਡ 'ਤੇ ਲਗਾ ਦਿੱਤੀ ਤੇ ਪੁੱਛਿਆ ਕਿ ਬਾਕੀ ਤਾਂ ਮੈਂ ਸਭ ਕੁਝ ਵੇਖ ਲਿਆ ਹੈ, ਫਿਰ ਵੀ ਜੇ ਕੁਝ ਬਚ ਗਿਆ ਹੈ, ਤਾਂ ਤੂੰ ਉਹ ਵੀ ਦੱਸ ਦੇ। ਪੰਗੇ ਨੇ ਬਿਨਾਂ ਕਿਸੇ ਸ਼ਰਮ-ਹਯਾ ਦੇ ਪੂਰੇ ਮਾਣ ਨਾਲ ਕਿਹਾ ਕਿਉਂ, ਕਰਾਈ ਕਿ ਨਹੀਂ ਮੈਂ ਹੌਲਦਾਰ ਦੀ ਤਸੱਲੀ? ਮੈਂ ਕੁਝ ਦੇਰ ਤੱਕ ਉਸ ਵੱਲ ਹੈਰਾਨੀ ਨਾਲ ਵੇਖਦਾ ਰਿਹਾ ਕਿ ਕੋਈ ਇਨਸਾਨ ਐਨਾ ਵੀ ਵਾਹਯਾਤ ਹੋ ਸਕਦਾ ਹੈ? ਫਿਰ ਦਿਲ 'ਤੇ ਪੱਥਰ ਰੱਖ ਕੇ ਕਿਹਾ, "ਜੇ ਇਸ ਨੂੰ ਤਸੱਲੀ ਕਰਾਉਣਾ ਕਹਿੰਦੇ ਹਨ, ਤਾਂ ਫਿਰ ਜੁੱਤੀਆਂ ਖਾਣੀਆਂ ਕਿਸ ਨੂੰ ਕਹਿੰਦੇ ਹਨ? ਮੈਂ ਸਹੁੰ ਖਾਂਦਾ ਹਾਂ ਕਿ ਤੂੰ ਬੱਸ ਕਾਰ ਦੀ ਤਾਂ ਗੱਲ ਹੀ ਛੱਡ, ਜੇ ਕਿਸੇ ਟਰੇਨ ਵਿਚ ਵੀ ਬੈਠਾ ਹੋਵੇਂਗਾ, ਤਾਂ ਮੈਂ ਬਾਹਰ ਛਾਲ ਮਾਰ ਦੇਵਾਂਗਾ।"



# ਗੋਦਾਵਰੀ ਪਰੁਲੇਕਰ : ਲੋਕ ਸੰਗਰਾਮਣ, ਵਾਰਲੀ ਵਿਦਰੋਹ ਦੀ ਹੀਰੋ ਨੂੰ ਯਾਦ ਕਰਦਿਆ

-ਰਾਜਿੰਦਰ ਕੌਰ ਚੋਹਕਾ
ਕੈਲੇਗਰੀ (ਕੈਨੇਡਾ)
91-98725-44738, 001-403-285-4208
EMail: chohkarajinder@gmail.com
(Punjab Mail USA)





ਭਾਰਤ ਦੀ ਆਜ਼ਾਦੀ ਦੇ ਸੰਗਰਾਮ ਅੰਦਰ ਹਜ਼ਾਰਾਂ ਲੱਖਾਂ ਦੇਸ਼ਵਾਸੀਆਂ, ਨਰ-ਨਾਰੀ, ਨੌਜਵਾਨਾਂ, ਦੇਸ਼ ਭਗਤਾਂ, ਕਿਰਤੀਆਂ-ਕਿਸਾਨਾਂ ਨੇ ਅਥਾਹ ਕੁਰਬਾਨੀਆਂ ਕੀਤੀਆਂ ਅਤੇ ਮਾਣ ਭਰੀ ਅਜ਼ਾਦੀ ਪ੍ਰਾਪਤ ਕੀਤੀ ਸੀ। ਦੇਸ਼ ਵਾਸੀਆਂ ਦਾ ਇਕੋ-ਇਕ ਨਿਸ਼ਾਨ ਸੀ ਕਿ ਅਸੀਂ ਆਜ਼ਾਦੀ ਪ੍ਰਾਪਤ ਕਰਕੇ ਬਰਾਬਰਤਾ ਤੇ ਨਿਆਂ ਦੇ ਮੌਕਿਆਂ ਰਾਹੀਂ ਗਰੀਬੀ-ਗੁਰਬਤ ਤੋਂ ਛੁਟਕਾਰਾ ਪਾਵਾਂਗੇ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਸਮਾਜ ਦੇ ਹਰ ਵਰਗ ਨੇ ਕੁਰਬਾਨੀਆਂ ਕਰਨ ਤੋਂ ਕੋਈ ਕਸਰ ਨਹੀਂ ਛੱਡੀ ਸੀ। ਬਸਤੀਵਾਦੀ-ਸਾਮਰਾਜੀ ਗੋਰੀ ਸਰਕਾਰ ਦੀਆਂ ਸਖ਼ਤਾਈਆਂ, ਕੁੱਟਾਮਾਰਾਂ, ਕੈਦਾਂ ਅਤੇ ਫਾਂਸੀਆਂ ਵੀ ਦੇਸ਼ ਭਗਤ ਮਰਜੀਵੜਿਆਂ ਨੂੰ ਝੁਕਾਅ ਨਹੀਂ ਸਕੀਆਂ। ਸ਼ਹੀਦ ਭਗਤ ਸਿੰਘ ਦੇ ਸਾਥੀਆਂ, ਇਨਕਲਾਬੀਆਂ ਤੇ ਵੀਰਾਂਗਣਾਂ ਦੀਆਂ ਅਥਾਹ ਕੁਰਬਾਨੀਆਂ ਨਾਲ ਭਾਰਤ ਦੀ ਆਜ਼ਾਦੀ ਦਾ ਇਤਿਹਾਸ ਭਰਿਆ ਪਿਆ ਹੈ। ਹਜ਼ਾਰਾਂ ਭਾਰਤ ਦੀਆਂ ਵੀਰਾਂਗਣਾਂ, ਕਿਰਤੀਆਂ-ਕਿਸਾਨਾਂ, ਮਜ਼ਦੂਰਾਂ ਅਤੇ ਦੇਸ਼ ਭਗਤਾਂ ਨੇ ਇਸ ਆਜ਼ਾਦੀ ਦੀ ਲਹਿਰ ਵਿਚ ਬਣਦਾ ਯੋਗਦਾਨ ਪਾਇਆ ਤੇ ਕੈਦਾਂ ਕੱਟੀਆਂ। ਪਰ ਉਨ੍ਹਾਂ ਦੇਸ਼ ਭਗਤਾਂ ਅਤੇ ਇਨਕਲਾਬੀਆਂ ਨੇ ਫਾਂਸੀ ਦੇ ਤਖਤੇ 'ਤੇ ਲਟਕਣ ਵੇਲੇ ਇਹ ਕਦੇ ਸੋਚਿਆ ਵੀ ਨਹੀ ਸੀ, ਕਿ ਇਸ ਦੇਸ਼ ਦੀ ਰਾਜਗੱਦੀ ਦੇ ਵਾਰਸ ਅਤਿ ਦੀ ਫਿਰਕਾਪ੍ਰਸਤ, ਕਾਰਪੋਰੇਟ ਪੱਖੀ ਅਤੇ ਤਾਨਾਸ਼ਾਹ ਪਾਰਟੀ ਆਰ.ਐੱਸ.ਐੱਸ. ਦੀ ਅਗਵਾਈ ਵਾਲੀ ਬੀ.ਜੇ.ਪੀ. ਰਾਜਸਤਾ 'ਤੇ ਕਾਬਜ਼ ਹੋਵੇਗੀ? ਅਤੇ ਲੋਕਾਂ ਨੂੰ ਇਹ ਵੀ ਆਸ ਨਹੀਂ ਸੀ ਕਿ ਹਾਕਮ ਦੇਸ਼ ਦੀ ਕੌਮੀ ਸੰਪਤੀ ਨੂੰ ਵੇਚ ਕੇ, ਨਿੱਜੀਕਰਨ ਰਾਹੀਂ ਲੋਕਾਂ ਦੇ ਰੁਜ਼ਗਾਰ ਖੋਹ ਕੇ ਅਤੇ ਪੂੰਜੀਪਤੀਆਂ ਨੂੰ ਲੁੱਟ ਲਈ ਖੁੱਲ੍ਹੀਆਂ ਛੁੱਟੀਆਂ ਦੇ ਕੇ, ਦੇਸ਼ ਨੂੰ, ਲੋਕਾਂ ਨੂੰ ਅਤੇ ਕਿਰਤੀ ਜਮਾਤ ਨੂੰ ਤਬਾਹੀ ਵੱਲ ਧੱਕ ਦੇਵੇਗੀ?

ਆਜ਼ਾਦੀ ਦੇ ਸੰਗਰਾਮ ਅੰਦਰ ਅਤੇ ਆਜ਼ਾਦੀ ਦੇ ਬਾਦ ਸਮਾਜਿਕ ਪ੍ਰੀਵਰਤਨ ਲਈ ਸੰਘਰਸ਼ ਕਰਨ ਵਾਲੀ ਮਹਾਨ ਵੀਰਾਂਗਣ ਗੋਦਾਵਰੀ ਪਰੁਲੇਕਰ ਜੋ ਇਕ ਆਜ਼ਾਦੀ ਘੁਲਾਟਣ ਸੀ, ਜਿਸ ਨੂੰ ਅੱਜ ਅਸੀਂ ਯਾਦ ਕਰ ਰਹੇ ਹਾਂ, ਜਿਹੜੀ ਸਮਾਜ ਸੇਵਕ ਕਿਸਾਨਾਂ-ਮਜ਼ਦੂਰਾਂ ਦੀ ਮੁਕਤੀ ਲਈ ਸੰਘਰਸ਼ ਕਰਨ ਵਾਲੀ ਅਤੇ ਪ੍ਰਸਿਧ ਲੇਖਿਕਾ ਤੇ ਸੀ.ਪੀ.ਆਈ. (ਐੱਮ) ਦਾ ਲਾਲ ਝੰਡਾ ਚੁੱਕਣ ਵਾਲੀ ਲੋਕਾਂ ਦੀ ਨਿਡਰ ਨਾਇਕ ਸੀ, ਜੋ ਸਾਰੀ ਉਮਰ ਆਪਣੇ ਪਤੀ ਨਾਲ ਮਿਲ ਕੇ ਪਹਿਲਾਂ ਬਰਤਾਨਵੀ ਸਾਮਰਾਜ ਵਿਰੁੱਧ ਦੇਸ਼ ਦੀ ਆਜ਼ਾਦੀ ਲਈ ਅਤੇ ਬਾਦ ਸਰਵਹਾਰੇ ਦੀ ਮੁਕਤੀ ਲਈ ਸਾਰੀ ਉਮਰ ਉਹ ਲੜਦੀ ਰਹੀ। ਇਸ ਮਹਾਨ ਵੀਰਾਂਗਣ ਦਾ ਜਨਮ 14 ਅਗਸਤ, 1907 ਨੂੰ ਪੂਨਾ (ਮਹਾਂਰਾਸ਼ਟਰ) ਵਿਖੇ ਇਕ ਖਾਂਦੇ-ਪੀਂਦੇ ਤੇ ਸਰਦੇ-ਪੁੱਜਦੇ ਪਰਿਵਾਰ ਵਿਚ ਹੋਇਆ। ਮੁੱਢਲੀ ਵਿਦਿਆ ਸਥਾਨਕ ਸਕੂਲ 'ਚ ਚੰਗੇ ਨੰਬਰ ਲੈ ਕੇ ਪ੍ਰਾਪਤ ਕੀਤੀ। ਪਹਿਲਾ ਫਰਗੂਸਨ ਕਾਲਜ ਤੋਂ ਡਿਗਰੀ ਅਤੇ ਫਿਰ ਐੱਲ.ਐੱਲ.ਬੀ. ਦੀ (ਕਾਨੂੰਨ ਦੀ) ਡਿਗਰੀ ਪ੍ਰਾਪਤ ਕਰਨ ਵਾਲੀ ਉਹ ਮਹਾਂਰਾਸ਼ਟਰ ਦੀ ਪਹਿਲੀ ਇਸਤਰੀ ਸੀ। ਕਾਲਜ ਦੀ ਪੜ੍ਹਾਈ ਦੌਰਾਨ ਹੀ ਉਹ ਦੇਸ਼ ਦੀ ਆਜ਼ਾਦੀ ਲਈ ਬਰਤਾਨਵੀ ਸਾਮਰਾਜੀ ਗੋਰੀ ਸਰਕਾਰ ਦੇ ਵਿਰੁੱਧ ਵਿਦਿਆਰਥੀ ਅੰਦੋਲਨ 'ਚ ਸ਼ਾਮਲ ਹੋ ਗਈ ਸੀ। ਇਹ ਉਸ ਦੀ ਜ਼ਿੰਦਗੀ ਦਾ ਕਿਰਤੀ ਲੋਕਾਂ ਦੀ ਸੇਵਾ ਕਰਨ ਲਈ ਪਹਿਲਾ ਰਾਜਨੀਤਿਕ ਪੜਾਅ ਸੀ। ਇਸ ਤੋਂ ਬਾਦ ਉਸ ਨੇ ਆਪਣੇ ਆਪ ਨੂੰ ਲੋਕਾਂ ਦੀ ਮੁਕਤੀ ਲਈ ਪੂਰੀ ਤਰ੍ਹਾਂ ਅਰਪਨ ਕਰ ਦਿੱਤਾ। ਉਸ ਨੇ ਫਿਰ ਕਈ ਵਿਅਕਤੀਗਤ ਸਤਿਆਗ੍ਰਹਿਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਸ ਦਾ ਇਹ ਵਰਤਾਰਾ ਪਰਿਵਾਰ ਨੂੰ ਚੰਗਾ ਨਹੀਂ ਲੱਗਿਆ ਅਤੇ ਉਸਨੇ ਘਰ ਛੱਡ ਦਿੱਤਾ। ਫਿਰ ਉਹ ਬੰਬਈ (ਮੁੰਬਈ) ਚਲੀ ਗਈ ਤੇ ਸਮਾਜ ਸੇਵੀ ਸੰਸਥਾਂ ਵਿਚ ਸ਼ਾਮਲ ਹੋ ਗਈ। ਪਹਿਲੀ ਵਾਰ ਗੋਦਾਵਾਰੀ ਨੂੰ 1932 'ਚ ਗੋਰੀ ਸਰਕਰ ਨੇ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਡੱਕ ਦਿੱਤਾ।

ਰਿਹਾਈ ਬਾਦ ਉਹ "ਸਰਵੈਂਟ ਆਫ ਇੰਡੀਆ ਸੋਸਾਇਟੀ" ਵਿਚ ਸ਼ਾਮਲ ਹੋ ਗਈ। 1937 'ਚ ਉਸ ਨੇ ਗਰੀਬ ਇਸਤਰੀਆਂ ਅਤੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪਰ ਉਹ ਇਕ ਬੌਧਿਕ ਪ੍ਰਤੀਭਾ ਵਾਲੀ ਕੁਝ ਕਰਨ ਵਾਲੀ ਇਸਤਰੀ ਸੀ। ਇਸ ਲਈ ਉਸ ਨੇ 1938-39 ਵਿਚ ਕਿਸਾਨਾਂ ਨੂੰ ਜੱਥੇਬੰਦ ਕਰਨ ਲਈ ਮਹਾਂਰਾਸ਼ਟਰ ਦੇ ਥਾਣੇ ਜ਼ਿਲ੍ਹੇ ਨੂੰ ਆਪਣਾ ਕੇਂਦਰ ਬਣਾ ਲਿਆ। ਇਥੇ ਹੀ ਉਸ ਦੀ ਮੁਲਾਕਾਤ "ਸਰਵਿਸ ਆਫ ਇੰਡੀਆਂ ਸੋਸਾਇਟੀ" ਦੇ ਇਕ ਮੈਂਬਰ ਸ਼ਾਮਰਾਓ ਪਾਰੁਲੇਕਰ ਨਾਲ ਹੋਈ ਅਤੇ ਇਨ੍ਹਾਂ ਦੋਨਾਂ ਨੇ ਆਪਣੀ ਜ਼ਿੰਦਗੀ 'ਚ ਇਕ ਦੂਸਰੇ ਦਾ ਸਾਥ ਦੇਣ ਲਈ 1938 'ਚ ਵਿਆਹ ਕਰਵਾ ਲਿਆ। ਭਾਵੇਂ ਗੋਦਾਵਰੀ ਅਤੇ ਸ਼ਾਮਰਾਓ ਦੀ ਵਿਚਾਰਧਾਰਾ "ਸਰਵੈਂਟ ਆਫ ਇੰਡੀਆਂ ਸੋਸਾਇਟੀ" ਨਾਲ ਮੇਲ ਨਹੀਂ ਖਾਂਦੀ ਸੀ। ਪਰ ਉਨ੍ਹਾਂ ਨੇ ਸੋਸਾਇਟੀ ਛੱਡ ਦਿੱਤੀ ਅਤੇ ਦੂਸਰੇ ਸੰਸਾਰ ਯੁੱਧ ਦੌਰਾਨ ਅੰਗਰੇਜ਼ਾਂ ਦੇ ਰਵੱਈਏ ਦੀ ਭਾਰੀ ਵਿਰੋਧਤਾ ਕੀਤੀ। ਉਹ ਦੋਨੋਂ ਕਿਰਤੀਆਂ ਦੀ ਮੁਕਤੀ ਪ੍ਰਤੀ ਸੰਜੀਦਾ ਸਨ। ਇਸ ਲਈ ਉਨ੍ਹਾਂ ਦੋਨਾਂ ਨੇ ਸੀ.ਪੀ.ਆਈ. ਪਾਰਟੀ 'ਚ ਸ਼ਾਮਲ ਹੋਣਾ ਤੈਅ ਕਰ ਲਿਆ ਅਤੇ 1939 ਵਿਚ ਉਨ੍ਹਾਂ ਨੇ ਪਾਰਟੀ ਜੋਇੰਨ ਕਰ ਲਈ। ਗੋਦਾਵਰੀ ਦਾ ਮੰਨਣਾ ਸੀ ਕਿ ਮਜ਼ਦੂਰ ਵਰਗ ਅਤੇ ਕਿਸਾਨਾਂ ਨੂੰ ਜਥੇਬੰਦ ਕਰਕੇ ਹੀ ਬਰਤਾਨਵੀ ਸਾਮਰਾਜ ਵਿਰੁੱਧ ਸੰਘਰਸ਼ਾਂ ਰਾਹੀਂ ਹੀ ਦੇਸ਼ ਨੂੰ ਆਜ਼ਾਦੀ ਮਿਲ ਸਕਦੀ ਹੈ। 1917 ਦੇ ਰੂਸੀ ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ ਦਾ ਸਾਰੀ ਦੁਨੀਆਂ 'ਤੇ ਬਹੁਤ ਪ੍ਰਭਾਵ ਪਿਆ ਸੀ। ਇਹ ਦੋਨੋਂ ਬੌਧਿਕ ਪ੍ਰਤਿਭਾ ਵਾਲੇ ਨੌਜਵਾਨ ਸਨ। ਉਨ੍ਹਾਂ ਦਾ ਕਮਿਊਨਿਸਟ ਲਹਿਰ ਨਾਲ ਜੁੜਨਾ ਵੀ ਸੁਭਾਵਿਕ ਹੀ ਸੀ। ਉਸ ਵੇਲੇ ਭਾਰਤ ਦੇ ਬੌਧਿਕ ਖੇਤਰ ਅੰਦਰ ਨੌਜਵਾਨਾਂ ਦਾ ਝੁਕਾਅ ਕਮਿਊਨਿਸਟ ਵਿਚਾਰਧਾਰਾ ਵੱਲ ਵੱਧ ਰਿਹਾ ਸੀ। ਮੁੰਬਈ ਵਿਖੇ ਮਜ਼ਦੂਰਾਂ ਵਲੋਂ ਜੰਗ ਵਿਰੁੱਧ ਹੜਤਾਲ ਦਾ ਬਿਗੁਲ ਵਜਾ ਦਿੱਤਾ ਗਿਆ। ਇਹ ਗੋਰੀ ਸਰਕਾਰ ਵਿਰੁੱਧ ਬਹੁਤ ਵੱਡੀ ਕਿਰਤੀ ਹੜਤਾਲ ਸੀ, ਜਿਸ ਵਿਚ ਉਹ ਸ਼ਾਮਲ ਹੋ ਗਏ।

ਇਹ ਉਹ ਸਮਾਂ ਸੀ, ਜਦੋਂ ਦੇਸ਼ ਅੰਦਰ ਅੰਗਰੇਜ਼ੀ ਹਾਕਮਾਂ ਵਿਰੁੱਧ ਲੋਕ ਸੰਘਰਸ਼ ਅੱਗੇ ਵੱਧ ਰਿਹਾ ਸੀ। ਸਰਕਾਰ ਨੇ ਬਹੁਤ ਸਾਰੇ ਆਗੂਆਂ ਨੂੰ ਜੇਲ੍ਹਾਂ 'ਚ ਬੰਦ ਕਰ ਦਿੱਤਾ। ਗੋਦਾਵਰੀ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਹ 1940 ਤੋਂ 42 ਤੱਕ ਜੇਲ੍ਹ 'ਚ ਬੰਦ ਰਹੀ। ਰਿਹਾਈ ਤੋਂ ਬਾਦ ਉਸ ਨੇ ਫਿਰ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਲਾਮਬੰਦ ਕਰਨਾ ਜਾਰੀ ਰੱਖਿਆ। ਫਿਰ ਪਰੁਲੇਕਰ ਜੋੜੀ ਨੇ ਨਿੱਠ ਕੇ "ਵਾਰਲੀ" ਆਦਿਵਾਸੀ ਖੇਤਰ ਦੇ ਆਦਿਵਾਸੀ ਲੋਕਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਥਾਣੇ ਦੇ ਇਸ ਖੇਤਰ ਦੇ ਆਦਿਵਾਸੀ ਲੋਕਾਂ ਦਾ ਜਗੀਰਦਾਰਾਂ ਵਲੋਂ ਜ਼ੁਲਮ ਤੇ ਸ਼ੋਸ਼ਣ ਕੀਤਾ ਜਾਂਦਾ ਸੀ, ਉਨ੍ਹਾਂ ਨੂੰ ਨਾ ਤਾਂ ਮਜ਼ਦੂਰੀ ਦਿੱਤੀ ਜਾਂਦੀ ਸੀ ਤੇ ਬੰਧੂਆਂ ਮਜ਼ਦੂਰਾਂ ਵਾਂਗ ਉਨ੍ਹਾਂ ਤੋਂ ਕੰਮ ਲਿਆ ਜਾਂਦਾ ਸੀ। ਇਸ ਸ਼ੋਸ਼ਣ ਵਿਰੁੱਧ ਇਸ ਜੋੜੀ ਨੇ 1945-47 ਤੱਕ ਇਸ ਖੇਤਰ ਵਿਚ ਸ਼ੋਸ਼ਣ ਵਿਰੁੱਧ ਹੱਕਾ ਲਈ ਉਠੋ "ਵਿਦਰੋਹ" ਦੀ ਅਗਵਾਈ ਕੀਤੀ। ਦ੍ਰਿੜ੍ਹ ਇਰਾਦੇ ਅਤੇ ਲੋਕਾਂ ਦੀ ਏਕਤਾ ਨਾਲ ਆਦਿਵਾਸੀ ਲੋਕਾਂ ਦੀ ਜਿੱਤ ਹੋਈ। ਪਰੁਲੇਕਰ ਜੋੜੀ ਵਲੋਂ "ਵਾਰਲੀ" ਆਦਿਵਾਸੀ ਵਿਦਰੋਹ ਸਬੰਧੀ ਬਹੁਤ ਹੀ ਇਤਿਹਾਸਕ ਇਨਕਲਾਬੀ ਤੇ ਆਦਿਵਾਸੀ ਲੋਕਾਂ ਦੇ ਸੰਘਰਸ਼ ਸਬੰਧੀ ਇਕ ਕਿਤਾਬ "ਜੇਵਹਾ ਮਾਨੁਸ ਜਗਾ ਹੋਵੇ" ਮਰਹੱਟੀ ਬੋਲੀ 'ਚ ਲਿਖ ਕੇ ਲੋਕਾਂ ਨੂੰ ਦਿੱਤੀ ਤੇ ਉਨ੍ਹਾਂ ਨੂੰ ਜਾਗਰੂਕ ਕੀਤਾ। ਇਸ ਕਿਤਾਬ ਨੂੰ ਬਾਦ ਵਿਚ ਸਾਹਿਤ ਅਕੈਡਮੀ ਪੁਰਸਕਾਰ ਵੀ ਮਿਲਿਆ ਸੀ।

1964 'ਚ ਸੀ.ਪੀ.ਆਈ. ਅੰਦਰ ਵਿਚਾਰਧਾਰਕ ਮਤਭੇਦ ਪੈਦਾ ਹੋਣ ਕਾਰਨ ਹੋਂਦ ਵਿਚ ਆਈ ਸੀ.ਪੀ.ਆਈ. (ਐੱਮ.) ਦੇ ਉਹ ਦੋਨੋਂ ਮੈਂਬਰ ਬਣ ਗਏ ਅਤੇ ਸਾਰੀ ਉਮਰ ਉਹ ਇਸ ਪਾਰਟੀ ਦੇ ਮੈਂਬਰ ਰਹੇ। ਆਜ਼ਾਦੀ ਤੋਂ ਬਾਦ ਗੋਦਾਵਰੀ ਨੇ "ਵਾਰਲੀ" ਤੇ ਆਦਿਵਾਸੀ ਲੋਕਾਂ ਦੇ ਅਧਿਕਾਰਾਂ ਲਈ ਲੜਦਿਆਂ ਜ਼ਿੰਦਗੀ ਲਾ ਦਿੱਤੀ। ਇਨਕਲਾਬੀ ਜੋੜੀ ਨੇ 1961 ਵਿਚ ਆਦਿਵਾਸੀ ਲੋਕਾਂ ਦੇ ਅਧਿਕਾਰਾਂ ਲਈ ਇਕ "ਆਦਿਵਾਸੀ ਪ੍ਰਗਤੀ ਮੰਡਲ" ਦੀ ਸਥਾਪਨਾ ਵੀ ਕੀਤੀ। ਸਾਲ 1965 ਵਿਚ ਗੋਦਾਵਰੀ ਦੇ ਜੀਵਨ ਸਾਥੀ ਸ਼ਾਮਰਾਓ ਸਦੀਵੀਂ ਵਿਛੋੜਾ ਦੇ ਗਏ। ਫਿਰ ਵੀ ਗੋਦਾਵਰੀ ਨੇ ਕੁੱਲ-ਹਿੰਦ-ਕਿਸਾਨ-ਸਭਾ ਦੇ ਨਾਲ ਆਪਣਾ ਨਾਤਾ ਜੋੜੀ ਰੱਖਿਆ ਅਤੇ ਮਹਾਂਰਾਸ਼ਟਰ ਵਿਚ ਕਿਸਾਨਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। 1986 'ਚ ਗੋਦਾਵਰੀ ਨੂੰ ਕੁੱਲ-ਹਿੰਦ ਕਿਸਾਨ ਸਭਾ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ। ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਉਹ ਕਿਸਾਨਾਂ-ਮਜ਼ਦੂਰਾਂ ਨੂੰ ਲਾਮਬੰਦ ਕਰਨ ਵਿਚ ਸਾਰੀ ਜ਼ਿੰਦਗੀ ਸੰਘਰਸ਼ ਕਰਦੀ ਰਹੀ। ਗੋਦਾਵਰੀ ਪਰੁਲੇਕਰ ਇਨਕਲਾਬੀ ਸੰਘਰਸ਼ ਕਰਨ ਵਾਲੀ ਵੀਰਾਂਗਣ ਹੀ ਨਹੀਂ ਸੀ, ਸਗੋਂ ਉਹ ਇਕ ਵੱਧੀਆ ਲੇਖਿਕਾ ਵੀ ਸੀ। ਉਸ ਨੇ ਆਪਣੀ ਜੀਵਨੀ ਲਿੱਖੀ, ਜਿਵਹਾ ਮਾਨੁਸ ਜਗਾ ਹੋਵੇ, ਆਦਿਵਾਸੀ ਵਿਦਰੋਹ, ਜੋ 'ਵਾਰਲੀ' ਕਿਸਾਨਾਂ ਦੇ ਇਨਕਲਾਬੀ ਸੰਘਰਸ਼ ਦੀ ਕਹਾਣੀ, ਬਾਂਦੀ ਵਾਸਚੀ ਆਠ ਵਰਸ਼ (ਜੇਲ੍ਹ ਅੰਦਰ 8-ਸਾਲ) ਜੀਵਨੀ 'ਤੇ ਹੋਰ ਬਹੁਤ ਸਾਰਾ ਸਾਹਿਤ ਰੱਚਿਆ।


ਮਹਾਨ ਵੀਰਾਂਗਣ ਗੋਦਾਵਰੀ ਦੇ ਭਾਰਤ ਵਿਚ ਹਾਸ਼ੀਏ 'ਤੇ ਰਹਿਣ ਵਾਲੇ ਦਲਿਤ ਭਾਈਚਾਰੇ ਨੂੰ, ਉਨ੍ਹਾਂ ਦੇ ਉਠਾਨ ਲਈ ਕੀਤੀ ਸੇਵਾ ਭਾਵਨਾ ਲਈ "ਲੋਕ ਮਾਨਿਆ ਤਿਲਕ ਪੁਰਸਕਾਰ" ਅਤੇ "ਸਾਵਿਤਰੀ ਬਾਈ ਫੂਲੇ ਪੁਰਸਕਾਰ" ਨਾਲ ਸਨਮਾਨਿਤ ਕੀਤਾ ਗਿਆ ਸੀ। ਇਹ ਮਹਾਨ ਦੇਸ਼ ਭਗਤ, ਮਾਰਕਸਵਾਦੀ ਆਗੂ ਤੇ ਚਿੰਤਕ, ਲੇਖਕ ਅਤੇ ਕਿਸਾਨਾਂ-ਮਜ਼ਦੂਰਾਂ ਦੀ ਚਹੇਤੀ 8 ਅਕਤੂਬਰ, 1996 ਨੂੰ ਸਾਨੂੰ ਸਦੀਵੀਂ ਵਿਛੋੜਾ ਦੇ ਕੇ ਕਿਰਤੀਆਂ ਨੂੰ ਆਪਣੇ ਹੱਕਾਂ ਲਈ ਜੂਝਣ ਲਈ ਇਨਕਲਾਬੀ ਸੁਨੇਹਾ ਦੇ ਗਈ। ਗੋਦਾਵਰੀ ਸੀ.ਪੀ.ਆਈ. (ਐੱਮ.) ਦੀ ਮਹਾਂਦਰਾਸ਼ਟਰ ਤੇ ਦੇਸ਼ ਦੀ ਇਕ ਮਹਾਨ ਕਮਿਊਨਿਸਟ ਆਗੂ ਵੀ ਸੀ। ਜਿਸ ਨੇ ਆਪਣਾ ਘਰ-ਬਾਰ ਛੱਡ ਕੇ ਅਵਾਮ ਦੀ ਮੁਕਤੀ ਲਈ ਆਪਣਾ ਸਾਰਾ ਜੀਵਨ ਕੁਰਬਾਨ ਕਰ ਦਿੱਤਾ। ਅਪ੍ਰੈਲ 1995 ਨੂੰ ਸੀ.ਪੀ.ਆਈ. (ਐੱਮ) ਦੀ 15ਵੀਂ ਪਾਰਟੀ ਕਾਂਗਰਸ ਜੋ ਚੰਡੀਗੜ੍ਹ ਹੋ ਰਹੀ ਸੀ, ਬੀਮਾਰੀ ਦੀ ਹਾਲਤ ਕਰਨ ਇਸ ਕਾਂਗਰਸ ਵਿਚ ਸ਼ਾਮਲ ਤਾਂ ਨਹੀ ਹੋ ਸਕੀ ਸੀ, ਪਰ ਉਸ ਨੇ ਸਾਥੀਆਂ ਨੂੰ ਇਕ ਬਹੁਤ ਹੀ ਇਨਕਲਾਬੀ ਪਰ ਜਾਨ ਪਾਉਣ ਵਾਲਾ ਇਕ ਸੁਨੇਹਾ ਦਿੱਤਾ, "ਸਾਥਿਓ! ਮੈਂ ਆਪਣੇ ਜੀਵਨ ਦੇ ਆਖਰੀ ਪੜਾਓ 'ਤੇ ਖੜ੍ਹੀ ਹਾਂ। ਪਰ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ ਅਤੇ ਮਾਣ ਵੀ ਕਰਦੀ ਹਾਂ ਕਿ ਮੈਂ ਆਪਣੇ ਜੀਵਨ ਦੇ 50 ਸਾਲ ਕਮਿਊਨਿਸਟ ਪਾਰਟੀ, ਕਿਸਾਨਾਂ-ਮਜ਼ਦੂਰਾਂ ਤੇ ਸਰਵਹਾਰੇ ਦੀ ਮੁਕਤੀ ਲਈ ਵਿਦੇਸ਼ੀ ਅਤੇ ਦੇਸੀ ਸ਼ੋਸ਼ਣ ਕਰਨ ਵਾਲੀਆਂ ਸ਼ਕਤੀਆਂ ਵਿਰੁੱਧ ਚਲ ਰਹੇ ਅੰਦੋਲਨਾਂ 'ਚ ਹਿੱਸਾ ਪਾਇਆ ਹੈ! ਮੈਂ ਇਸ ਲਈ ਸੰਤੁਸ਼ਟ ਹਾਂ ਕਿ ਮੈਂ ਸੀ.ਪੀ.ਆਈ. (ਐੱਮ.) ਜਿਸ ਦੀ ਮੈਂ ਮੈਂਬਰ ਹਾਂ, ਜਿਹੜੀ ਮਾਰਕਸਵਾਦ: ਲੈਨਿਨਵਾਦ 'ਚ ਮਜ਼ਬੂਤੀ ਨਾਲ ਵਿਸ਼ਵਾਸ਼ ਰੱਖਦੀ ਹੈ ਤੇ ਜਿਹੜੀ ਭਾਰਤ ਅੰਦਰ ਕਰੋੜਾਂ ਕਿਰਤੀਆਂ ਦੀ ਮੁਕਤੀ ਲਈ ਸਮਾਜਿਕ ਪ੍ਰੀਵਰਤਨ ਚਾਹੁੰਦੀ ਹੈ ਤੇ ਸੰਘਰਸ਼ਸ਼ੀਲ ਹੈ। ਮੇਰੀ ਉਸ ਪਾਰਟੀ ਨੂੰ ਇਨਕਲਾਬੀ ਸ਼ੁਭ-ਇੱਛਾਵਾਂ।"

ਗੋਦਾਵਰੀ ਪਰੁਲੇਕਰ ਇਕ ਪਰਪੱਕ ਕਮਿਊਨਿਸਟ ਸੀ, ਜੋ ਸਾਡੇ ਲਈ ਆਪਣੇ ਜੀਵਨ ਦੀਆਂ ਇਤਿਹਾਸਕ ਪ੍ਰਾਪਤੀਆਂ ਅਤੇ ਯਾਦਗਾਰੀ ਦਸਤਾਵੇਜ਼ ਛੱਡ ਗਈ ਹੈ। ਜੋ ਸਾਡੇ ਸਭ ਲਈ ਇਕ ਚਾਨਣ-ਮੁਨਾਰਾ ਹਨ। 8 ਅਕਤੂਬਰ ਨੂੰ ਜਦੋਂ ਉਹ ਦੁਨੀਆਂ ਤੋਂ ਰੁਖਸਤ ਹੋਈ, ਤਾਂ ਉਸ ਦਿਨ "ਥਾਣੇ" ਦੇ ਸ਼ਹੀਦ ਹੋਏ "10" ਅਤੇ ਜ਼ਖ਼ਮੀ ਹੋਏ ਸੌ ਤੋਂ ਵੱਧ ਆਦਿਵਾਸੀ ਲੋਕਾਂ ਦੀ 51ਵੀਂ ਸਾਲਾਨਾ ਸ਼ਹੀਦੀ ਬਰਸੀ ਸੀ। ਗੋਦਾਵਰੀ ਪਰੁਲੇਕਰ ਨੂੰ "ਤਾਲਾਸਰੀ" ਦੇ ਉਸ ਸਥਾਨ 'ਤੇ ਹੀ ਉਸ ਦਾ ਸੰਸਕਾਰ ਕੀਤਾ ਗਿਆ ਸੀ। 10,000 (ਦਸ ਹਜ਼ਾਰ) ਤੋਂ ਵੱਧ ਲੋਕਾਂ ਨੇ ਲਾਲ ਝੰਡੇ ਲੈ ਕੇ ਉਸ ਨੂੰ ਹੰਝੂਆਂ ਭਰੀ ਵਿਦਾਇਗੀ ਦਿੱਤੀ ਸੀ। ਉਨ੍ਹਾਂ ਦੇ ਸੰਸਕਾਰ ਸਮੇਂ ਸੀ.ਪੀ.ਆਈ. (ਐੱਮ.) ਦੇ ਕੁੱਲ-ਹਿੰਦ ਆਗੂ, ਕਿਸਾਨਾਂ ਮਜ਼ਦੂਰਾਂ ਦੇ ਆਗੂ ਅਤੇ ਮਹਾਂਰਾਸ਼ਟਰ ਸੂਬੇ ਦੀ ਪਾਰਟੀ ਆਗੂ ਅਤੇ ਦੂਸਰੀਆਂ ਪਾਰਟੀ ਦੇ ਆਗੂ ਵੀ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਆਏ ਹੋਏ ਸਨ। ਸੀ.ਪੀ.ਆਈ. (ਐੱਮ.) ਦੀ ਪੋਲਿਟ ਬੀਰਿਊ ਨੇ ਗੋਦਾਵਰੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਸ ਨੂੰ ਪਾਰਟੀ ਦਾ ਇਕ ਸਿਧਾਂਤਕ ਇਨਕਲਾਬੀ ਚਾਨਣ-ਮਿਨਾਰਾ ਦੱਸਿਆ, ਜੋ ਸਾਰਿਆਂ ਨੂੰ ਉਤਸ਼ਾਹਿਤ ਕਰਨ ਵਾਲੀ ਸ਼ਖ਼ਸ਼ੀਅਤ ਸੀ, ਕਿਹਾ ਕੁੱਲ-ਹਿੰਦ ਕਿਸਾਨ ਸਭਾ ਵਲੋਂ ਵੀ ਅਜਿਹੀ ਹੀ ਸ਼ਰਧਾਂਜਲੀ ਭੇਂਟ ਕੀਤੀ ਗਈ, ਜਿਹੜੀ ਦੱਬੇ-ਕੁਚਲੇ ਆਵਾਮ, ਕਿਸਾਨਾਂ-ਮਜ਼ਦੂਰਾਂ ਅਤੇ ਕਿਰਤੀਆਂ ਲਈ ਜਿਊਂਦੀ ਰਹੀ। ਉਹ ਜ਼ਿੰਦਗੀ ਭਰ ਸੰਘਰਸ਼ੀਲ ਰਹੀ ਅਤੇ ਲੋਕਾਂ ਨੂੰ ਜੱਥੇਬੰਦ ਕਰਨ ਲਈ ਆਖਰੀ ਪਲਾਂ ਤੱਕ ਉਹ ਲੜਦੀ ਰਹੀ।

ਗੋਦਾਵਰੀ ਪਰੁਲੇਕਰ ਨੇ ਆਪਣੀ "ਵਸੀਅਤ" ਜੋ ਆਪਣੇ ਮਰਨ ਤੋਂ ਤਿੰਨ ਸਾਲ ਪਹਿਲਾਂ ਲਿੱਖੀ ਗਈ ਸੀ, ਰਾਹੀਂ ਉਸ ਨੇ ਆਪਣੇ ਜੀਵਨ ਦਾ ਨਿਚੋੜ ਪੇਸ਼ ਕਰਦੇ ਹੋਏ ਸਾਨੂੰ ਅੱਗੇ ਵੱਧਣ ਲਈ ਹੱਲਾਸ਼ੇਰੀ ਦਿੰਦਿਆ ਕਿਹਾ, "ਕਿ ਮੇਰੇ ਮਰਹੂਮ ਪਤੀ ਸ਼ਾਮਰਾਓ ਪਰੁਲੇਕਰ ਅਤੇ ਮੈਂ ਇਕੱਠਿਆਂ ਨੇ ਮਿਲ ਕੇ ਕਿਰਤੀਆਂ-ਕਿਸਾਨਾਂ, ਆਦਿਵਾਸੀ, ਇਸਤਰੀਆਂ ਅਤੇ ਸਾਰੇ ਸ਼ੋਸ਼ਿਤ ਵਰਗ ਦੀਆਂ ਜੱਥੇਬੰਦੀਆਂ ਰਾਹੀਂ, ਉਨ੍ਹਾਂ ਦੀ ਬਿਹਤਰੀ ਲਈ ਹੀ ਸੰਘਰਸ਼ ਕੀਤਾ ਹੈ। ਇਸ ਤਰ੍ਹਾਂ ਅਸੀਂ ਦੋਨੋਂ ਹੀ ਪੂਰੀ ਤਰ੍ਹਾਂ ਸੀ.ਪੀ.ਆਈ. (ਐੱਮ.) ਪ੍ਰਤੀ ਸਮਰਪਤ ਰਹੇ ਹਾਂ। ਕੁਦਰਤੀ "ਸਾਡੀ ਪਾਰਟੀ ਦੇ ਵਿਚਾਰ ਅਤੇ ਅਸੀਂ ਪਾਰਟੀ ਦੇ ਵਿਚਾਰਾਂ ਨਾਲ ਇਕ-ਮਿਕ ਰਹੇ ਹਾਂ। ਇਸ ਤੋਂ ਬਿਨ੍ਹਾਂ ਨਾ ਤਾਂ ਸਾਡਾ ਕੋਈ ਹੋਰ ਇਰਾਦਾ ਸੀ ਅਤੇ ਨਾ ਹੀ ਕੋਈ ਹੋਰ ਦਿਲਚਸਪੀ ਸੀ। ਸਭ ਕੁਝ ਸੀ.ਪੀ.ਆਈ. (ਐੱਮ.) ਦੇ ਫੈਸਲਿਆਂ ਦੇ ਅਨੁਸਾਰ ਹੀ ਕੀਤਾ। ਇਸ ਸੋਚ ਦੇ ਚੱਲਦਿਆਂ ਮੈਂ ਆਪਣੀ ਸਾਰੀ ਹੀ ਸੰਪਤੀ ਚੱਲ ਤੇ ਅਚਲ ਸੀ.ਪੀ.ਆਈ. (ਐੱਮ.) ਨੂੰ ਸੌਂਪਦੀ ਹਾਂ।"

ਇਹ ਸੀ ਇਸ ਮਹਾਨ ਵੀਰਾਂਗਣ, ਕਮਿਊਨਿਸਟ ਆਗੂ, ਕਿਰਤੀਆਂ-ਕਿਸਾਨਾਂ, ਆਦਿਵਾਸੀਆਂ ਅਤੇ ਇਸਤਰੀਆਂ ਦੀ ਚਹੇਤੀ ਲੋਕ ਨਾਇਕ ਦੀ ਵਸੀਅਤ, ਇਹ ਸੀ ਗੋਦਾਵਰੀ ਪਰੁਲੇਕਰ ਅਤੇ ਸ਼ਾਮਰਾਓ ਪਰੁਲੇਕਰ ਜੋੜੀ ਦਾ ਮਿਸਾਲੀ ਜੀਵਨ, ਜੋ ਆਉਣ ਵਾਲੀ ਅਗਲੀ ਕਮਿਊਨਿਸਟ ਪੀੜ੍ਹੀ ਲਈ ਇਕ ਇਨਕਲਾਬੀ ਰਾਹ ਸੀ। ਜੋ ਸਾਡੇ ਸਾਰਿਆਂ ਦੀ ਰਹਿਨੁਮਾਈ ਲਈ ਆਪਣਾ ਇਨਕਲਾਬੀ ਵਿਰਸਾ ਛੱਡ ਗਏ। ਆਉ ਦੇਸ਼ ਅੰਦਰ ਵੱਧ ਰਹੀ ਫਿਰਕਾਪ੍ਰਸਤੀ, ਏਕਾ-ਅਧਿਕਾਰਵਾਦੀ ਅਤੇ ਤਾਨਾਸ਼ਾਹੀ ਵਲ ਵਧ ਰਹੀ ਫਿਰਕੂ ਬੀ.ਜੇ.ਪੀ. ਨੂੰ ਪਸਤ ਕਰਨ ਲਈ ਦੇਸ਼ ਅੰਦਰ ਸਾਰੀਆਂ ਜਮਹੂਰੀ ਅਤੇ ਲੋਕਪੱਖੀ ਸ਼ਕਤੀਆਂ ਨੂੰ ਇੱਕਮੁੱਠ ਕਰਨ 'ਚ ਯੋਗਦਾਨ ਪਾਈਏ ਅਤੇ ਆਜ਼ਾਦੀ ਘੁਲਾਟੀਆਂ ਦੀਆ ਕੁਰਬਾਨੀਆਂ ਨੂੰ ਯਾਦ ਕਰੀਏ।

# ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਸਾਡੇ ਰੋਜ਼ਾਨਾ ਜੀਵਨ ਵਿਚ ਪ੍ਰਭਾਵ



-ਡਾ. ਦੇਵਿੰਦਰ ਪਾਲ ਸਿੰਘ
ਮਿਸੀਸਾਗਾ, ਓਨਟਾਰੀਓ (ਕੈਨੇਡਾ)
ਲੇਖਕ ਤੇ ਅਧਿਆਪਕ
Website: drdpsinghauthor.wordpress.com
Email: drdpsn@gmail.com
(Punjab Mail USA)



ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਇੱਕ ਅਜਿਹੀ ਤਕਨਾਲੋਜੀ ਹੈ, ਜੋ ਮਸ਼ੀਨਾਂ ਨੂੰ ਸੂਝਵਾਨ ਬਣਾਉਂਦੀ ਹੈ, ਤਾਂ ਜੋ ਉਹ ਅਜਿਹੇ ਕੰਮ ਕਰ ਸਕਣ, ਜਿਨ੍ਹਾਂ ਲਈ ਆਮ ਤੌਰ ਉੱਤੇ ਮਨੁੱਖੀ ਸੂਝ-ਬੂਝ ਦੀ ਲੋੜ ਹੁੰਦੀ ਹੈ। ਇਹ ਕੰਪਿਊਟਰਾਂ ਅਤੇ ਰੋਬੋਟਾਂ ਨੂੰ ਮਨੁੱਖਾਂ ਵਾਂਗ ਸੋਚਣ, ਸਿੱਖਣ ਅਤੇ ਫੈਸਲੇ ਲੈਣ ਦੀ ਯੋਗਤਾ ਦੇਣ ਵਾਂਗ ਹੈ। ਏ.ਆਈ. ਗਿਆਨ ਅਤੇ ਅੰਕੜਿਆਂ ਦੀ ਜਾਣਕਾਰੀ ਰਾਹੀਂ ਮਸ਼ੀਨਾਂ ਨੂੰ ਸਿਖਲਾਈ ਪ੍ਰਦਾਨ ਕਰਦੀ ਹੈ। ਜਿਵੇਂ ਅਸੀਂ ਆਪਣੇ ਤਜ਼ਰਬਿਆਂ ਤੋਂ ਸਿੱਖਦੇ ਹਾਂ, ਮਸ਼ੀਨਾਂ ਉਨ੍ਹਾਂ ਦੁਆਰਾ ਪ੍ਰਾਪਤ ਕੀਤੀ ਜਾਣਕਾਰੀ ਤੋਂ ਸਿੱਖਦੀਆਂ ਹਨ। ਏ.ਆਈ. ਦੀ ਬਦੌਲਤ ਇਹ ਮਸ਼ੀਨਾਂ, ਪੈਟਰਨਾਂ ਨੂੰ ਪਛਾਨਣ, ਬੋਲੀ ਜਾ ਰਹੀ ਭਾਸ਼ਾ ਨੂੰ ਸਮਝਣ, ਚਿੱਤਰਾਂ ਨੂੰ ਦੇਖਣ ਤੇ ਸਮਝਣ ਦੀ ਯੋਗਤਾ ਪ੍ਰਾਪਤ ਕਰ ਲੈਂਦੀਆਂ ਹਨ, ਅਤੇ ਆਪਣੇ ਗਿਆਨ ਦੇ ਆਧਾਰ 'ਤੇ ਸੰਭਾਵੀ ਨਤੀਜਿਆ ਦੀ ਭਵਿੱਖਬਾਣੀ ਵੀ ਕਰ ਸਕਦੀਆਂ ਹਨ।

ਤੁਸੀਂ ਸੀਰੀ ਜਾਂ ਅਲੈਕਸਾ ਵਰਗੇ ਆਵਾਜ਼ੀ ਸਹਾਇਕਾਂ (**voice assistants**) ਤੋਂ ਤਾਂ ਵਾਕਿਫ਼ ਹੀ ਹੋ। ਜੋ ਸਾਡੇ ਡਰਾਇੰਗ ਰੂਮਾਂ ਵਿਚ ਆਪਣਾ ਉਚਿਤ ਸਥਾਨ ਹਾਸਲ ਕਰ ਚੁੱਕੇ ਹਨ। ਇਹ ਯੰਤਰ ਏ.ਆਈ. ਦੀ ਰੋਜ਼ਾਨਾ ਜੀਵਨ ਵਿਚ ਵਰਤੋਂ ਦੀ ਵਾਜਿਬ ਉਦਾਹਰਣ ਹਨ। ਇਹ ਯੰਤਰ ਸਾਡੇ ਬੋਲਾਂ ਨੂੰ ਸਮਝ ਸਕਦੇ ਹਨ, ਸਾਡੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ ਅਤੇ ਸਾਡੇ ਹੁਕਮ ਅਨੁਸਾਰ ਕੰਮ ਕਰਣ ਦੇ ਸਮਰਥ ਹਨ। ਇਹ ਯੰਤਰ, ਸਾਡਾ ਹੁਕਮ ਹੁੰਦਿਆਂ ਹੀ ਸਾਡੇ ਕਹੇ ਅਨੁਸਾਰ ਭਾਵੇਂ ਇਹ ਅੱਜ ਦੀਆਂ ਮੁੱਖ ਖ਼ਬਰਾਂ ਹੋਣ ਜਾਂ ਸਾਡਾ ਮਨਪਸੰਦ ਸੰਗੀਤ ਹੋਵੇ ਜਾਂ ਅਸੀਂ ਕਿਸੇ ਸੁਆਲ ਦਾ ਜਵਾਬ ਜਾਨਣਾ ਹੋਵੇ, ਤੁਰੰਤ ਹੀ ਹੁਕਮ ਦੀ ਤਾਮੀਲ ਵਿਚ ਰੁੱਝ ਜਾਂਦੇ ਹਨ।

ਏ.ਆਈ. ਦੀ ਵਰਤੋਂ ਸਵੈਚਾਲਿਤ ਕਾਰਾਂ ਵਿਚ ਵੀ ਕੀਤੀ ਜਾਣ ਲੱਗ ਪਈ ਹੈ। ਏ.ਆਈ. ਨਾਲ ਲੈਸ ਕਾਰ ਆਪਣੇ ਆਲੇ-ਦੁਆਲੇ ਦੇ ਹਾਲਾਤਾਂ ਨੂੰ ਸਮਝਦੇ ਹੋਏ ਉਚਿਤ ਫੈਸਲੇ ਲੈਣ ਦੀ ਯੋਗਤਾ ਰੱਖਦੀ ਹੈ, ਅਤੇ ਮਨੁੱਖੀ ਡਰਾਈਵਰ ਤੋਂ ਬਿਨਾਂ ਸੁਰੱਖਿਅਤ ਢੰਗ ਨਾਲ ਗੱਡੀ ਚਲਾ ਸਕਦੀ ਹੈ। ਅੱਜਕੱਲ੍ਹ ਏ.ਆਈ. ਦੀ ਵਰਤੋਂ ਕਈ ਹੋਰ ਖੇਤਰਾਂ ਵਿਚ ਵੀ ਕੀਤੀ ਜਾਣ ਲੱਗ ਪਈ ਹੈ, ਜਿਵੇਂ ਕਿ ਸਿਹਤ ਸੰਭਾਲ, ਬਿਜ਼ਨੈੱਸ ਅਤੇ ਮਨੋਰੰਜਨ ਉਦਯੋਗ। ਇਹ ਡਾਕਟਰਾਂ ਨੂੰ ਬਿਮਾਰੀਆਂ ਬਾਰੇ ਜਾਨਣ, ਵਿੱਤੀ ਲੈਣ-ਦੇਣ ਵਿਚ ਧੋਖਾਧੜੀ ਦਾ ਪਤਾ ਲਗਾਉਣ ਅਤੇ ਵਰਤੋਂਕਾਰ ਦੀਆਂ ਤਰਜੀਹਾਂ ਦੇ ਆਧਾਰ ਉੱਤੇ ਫ਼ਿਲਮਾਂ ਜਾਂ ਗੀਤਾਂ ਦੀ ਸਿਫ਼ਾਰਸ਼ ਕਰਣ ਵਿਚ ਵਰਤੀ ਜਾ ਰਹੀ ਹੈ।

**ਸਾਡੇ ਰੋਜ਼ਾਨਾ ਜੀਵਨ ਵਿਚ ਏ.ਆਈ.**

ਏ.ਆਈ. ਸਾਡੇ ਰੋਜ਼ਾਨਾ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿਚ ਦਾਖਲ ਹੋ ਚੁੱਕੀ ਹੈ। ਇਸ ਦੀ ਵਰਤੋਂ ਕਈ ਉਤਪਾਦਨ ਕਾਰਜਾਂ ਅਤੇ ਸੁਵਿਧਾਵਾਂ ਵਿਚ ਦੇਖੀ ਜਾ ਸਕਦੀ ਹੈ। ਆਓ ਏ.ਆਈ. ਦੇ ਕੁਝ ਆਮ ਵਰਤੋਂ ਵਿਚ ਮੌਜੂਦ ਲਾਭਾਂ ਦੀ ਗੱਲ ਕਰਦੇ ਹਾਂ।

**ਆਵਾਜ਼ੀ ਸਹਾਇਕ** (**voice assistants**): ਸਿਰੀ, ਅਲੈਕਸਾ, ਗੂਗਲ ਅਸਿਸਟੈਂਟ ਅਤੇ ਕੋਰਟਾਨਾ ਵਰਗੇ ਆਵਾਜ਼ੀ ਸਹਾਇਕ ਸਾਡੇ ਬੋਲਾਂ ਨੂੰ ਸਮਝਣ ਅਤੇ ਉਚਿਤ ਹੁੰਗਾਰਾ ਭਰਨ ਲਈ ਏ.ਆਈ. ਐਲਗੋਰਿਦਮ ਦੀ ਵਰਤੋਂ ਕਰਦੇ ਹਨ। ਉਹ ਸਾਡੇ ਹੁਕਮਾਂ ਦੀ ਪਾਲਣਾ ਕਰ ਸਕਦੇ ਹਨ, ਸਵਾਲਾਂ ਦੇ ਜਵਾਬ ਦੇ ਸਕਦੇ ਹਨ, ਜਾਣਕਾਰੀ ਮੁਹੱਈਆ ਕਰ ਸਕਦੇ ਹਨ, ਅਤੇ ਸਾਡੇ ਘਰਾਂ ਵਿਚ ਮੌਜੂਦ ਸਮਾਰਟ ਯੰਤਰਾਂ (**devices**) ਨੂੰ ਕੰਟਰੋਲ ਕਰ ਸਕਦੇ ਹਨ।

**ਸੋਸ਼ਲ ਮੀਡੀਆ ਅਤੇ ਵਰਤੋਂਕਾਰ ਦੀ ਮਨਪਸੰਦ ਸਮੱਗਰੀ ਸੰਬੰਧਤ ਸਿਫ਼ਾਰਸ਼ਾਂ:** ਏ.ਆਈ. ਐਲਗੋਰਿਦਮ ਸੋਸ਼ਲ ਮੀਡੀਆ ਪਲੇਟਫਾਰਮਾਂ, ਜਿਵੇਂ ਕਿ ਫੇਸਬੁੱਕ ਅਤੇ ਇੰਸਟਾਗ੍ਰਾਮ ਰਾਹੀਂ ਵਰਤੋਂਕਾਰ ਨੂੰ ਉਸ ਦੀ ਮਨਪਸੰਦ ਸਮੱਗਰੀ ਸੰਬੰਧੀ ਸੁਝਾਅ ਦੇ ਕੇ, ਲਿਖਤਾਂ (ਪੋਸਟਾਂ) ਨੂੰ ਤਰਜ਼ੀਹ ਦੇ ਕੇ ਅਤੇ ਨਵੇਂ ਸੰਪਰਕਾਂ (**connections**) ਦੀ ਸਿਫ਼ਾਰਸ਼ ਕਰਕੇ ਸੇਵਾ ਕਰਦੇ ਹਨ। ਨੈਟਫਲਿਕਸ ਤੇ ਸਪੋਟੀਫਾਈ ਵਰਗੇ ਸਮੱਗਰੀ ਸਟ੍ਰੀਮਿੰਗ ਪਲੇਟਫਾਰਮ ਵਰਤੋਂਕਾਰਾਂ ਦੀਆਂ ਤਰਜੀਹਾਂ ਅਤੇ ਉਨ੍ਹਾਂ ਦੇ ਦੇਖਣ/ਸੁਣਨ ਦੇ ਇਤਿਹਾਸ ਦੇ ਆਧਾਰ ਉੱਤੇ ਨਿੱਜੀ ਸਿਫ਼ਾਰਸ਼ਾਂ ਦੀ ਪੇਸ਼ਕਸ਼ ਕਰਨ ਲਈ ਏ.ਆਈ. ਦੀ ਵਰਤੋਂ ਕਰਦੇ ਹਨ।

**ਵਰਚੁਅਲ ਪਰਸਨਲ ਸਟਾਈਲਿਸਟ:** ਏ.ਆਈ. ਆਧਾਰਿਤ ਵਰਚੁਅਲ ਸਟਾਈਲਿਸਟ ਸਾਨੂੰ ਫੈਸ਼ਨ ਤੇ ਸਟਾਈਲ ਸੰਬੰਧੀ ਚੋਣ ਕਰਨ ਵਿਚ ਮਦਦ ਕਰਦੇ ਹਨ। ਇਹ ਸਿਸਟਮ, ਵਰਤੋਂਕਾਰ ਦੀਆਂ ਪਸੰਦ, ਸਰੀਰਕ ਬਨਾਵਟ ਅਤੇ ਨਵੇਂ ਫੇਸ਼ਨ ਦੇ ਰੁਝਾਨਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਉਸ ਨੂੰ ਉਚਿਤ ਪਹਿਰਾਵੇ ਅਤੇ ਨਿੱਜੀ ਫੈਸ਼ਨ ਸਟਾਇਲ ਸੰਬੰਧੀ ਸਲਾਹ ਦਿੰਦੇ ਹਨ।

**ਸਮਾਰਟ ਹੋਮ ਡਿਵਾਈਸ:** ਥਰਮੋਸਟੈਟਸ, ਲਾਈਟਿੰਗ ਸਿਸਟਮ ਅਤੇ ਸੁਰੱਖਿਆ ਕੈਮਰੇ ਵਰਗੇ ਸਮਾਰਟ ਹੋਮ ਯੰਤਰ ਵੀ ਏ.ਆਈ. ਆਧਾਰਿਤ ਹੀ ਹੁੰਦੇ ਹਨ। ਇਹ ਯੰਤਰ ਵਰਤੋਂਕਾਰ ਦੀ ਪਸੰਦ ਅਨੁਸਾਰ, ਯੰਤਰਾਂ ਨੂੰ ਸਵੈਚਲਿਤ ਤਰੀਕੇ ਨਾਲ ਚਲਾ ਕੇ ਅਤੇ ਵਧੀਆਂ ਸੁਰੱਖਿਆ ਸੇਵਾਵਾਂ ਉਪਲਬਧ ਕਰਾਉਣ ਲਈ ਏ.ਆਈ. ਦੀ ਵਰਤੋਂ ਕਰਦੇ ਹਨ।

**ਨੇਵੀਗੇਸ਼ਨ ਅਤੇ ਨਕਸ਼ੇ:** ਨੈਵੀਗੇਸ਼ਨ ਐਪਸ ਜਿਵੇਂ ਕਿ ਗੂਗਲ ਮੈਪਸ, ਤੇ ਵੇਜ਼ (**Waze**) ਸਮੇਂ ਮੁਤਾਬਿਕ ਟ੍ਰੈਫਿਕ ਅਪਡੇਟ ਮੁਹੱਈਆ ਕਰਾਉਣ ਵਿਚ, ਰੁਕਾਵਟ ਮੁਕਤ ਉਚਿਤ ਰੂਟਾਂ ਦੀ ਦੱਸ ਪਾਉਣ ਵਿਚ ਅਤੇ ਮੰਜ਼ਿਲ ਤੱਕ ਪਹੁੰਚਣ ਲਈ ਲੱਗਣ ਵਾਲੇ ਸੰਭਾਵੀ ਸਮੇਂ ਦਾ ਅੰਦਾਜ਼ਾ ਲਗਾਉਣ ਲਈ ਏ.ਆਈ. ਐਲਗੋਰਿਦਮ ਦੀ ਵਰਤੋਂ ਕਰਦੇ ਹਨ। ਏ.ਆਈ. ਅਧਾਰਿਤ ਮੈਪ ਸੇਵਾਵਾਂ ਵਰਤੋਂਕਾਰ ਦੀ ਪਸੰਦਗੀ, ਉਸ ਦਆਰਾ ਇੰਨਰਨੈੱਟ ਉੱਤੇ ਕੀਤੇ ਗਏ ਖੋਜ ਕਾਰਜਾਂ ਦੇ ਇਤਿਹਾਸ ਦੇ ਆਧਾਰ 'ਤੇ ਨਜ਼ਦੀਕੀ ਦਿਲਚਸਪੀ ਵਾਲੀਆਂ ਥਾਵਾਂ ਦਾ ਸੁਝਾਅ ਦੇ ਸਕਦੀਆਂ ਹਨ।

**ਗਾਹਕ-ਸੇਵਾ ਲਈ ਵਰਚੁਅਲ ਅਸਿਸਟੈਂਟ** (**virtual assistants for Customer service**): ਬਹੁਤ ਸਾਰੀਆਂ ਕੰਪਨੀਆਂ ਏ.ਆਈ. ਅਧਾਰਿਤ ਚੈਟਬੋਟਸ ਅਤੇ ਗਾਹਕਾਂ ਨਾਲ ਗੱਲਬਾਤ ਲਈ ਵਰਚੁਅਲ ਅਸਿਸਟੈਂਟਸ ਦੀ ਵਰਤੋਂ ਕਰ ਰਹੀਆਂ ਹਨ। ਅਜਿਹੇ ਵਰਚੁਅਲ ਅਸਿਸਟੈਂਟ ਰੋਜ਼ਾਨਾ ਕੰਮਾਂ ਵਿਚ ਆਮ ਪੁੱਛਗਿੱਛ ਵਾਲੇ ਸਵਾਲਾਂ ਦਾ ਜਵਾਬ ਦੇ ਕੇ ਗਾਹਕ ਦੀ ਮਦਦ ਕਰਦੇ ਹਨ।

**ਸਪੈਮ ਫਿਲਟਰ ਅਤੇ ਈਮੇਲ ਛਾਂਟੀ:** ਏ.ਆਈ. ਅਣਚਾਹੀਆਂ (**SPAM**) ਈਮੇਲਾਂ ਨੂੰ ਛਾਂਟਣ, ਆਉਣ ਵਾਲੇ ਸੁਨੇਹਿਆਂ ਦੀ ਵੱਖ-ਵੱਖ ਸ਼੍ਰੇਣੀਆਂ ਵਿਚ ਵੰਡ ਕਰਨ, ਅਤੇ ਤਰਜ਼ੀਹ ਦੇ ਅਧਾਰ ਉੱਤੇ ਈਮੇਲਾਂ ਦਾ ਸੰਗਠਨ ਵਿਚ ਮਦਦ ਕਰਦੀ ਹੈ। ਏ.ਆਈ. ਐਲਗੋਰਿਦਮ ਈਮੇਲਾਂ ਦੀ ਸਹੀ ਪਛਾਣ ਅਤੇ ਸ਼੍ਰੇਣੀਬੱਧ ਕਰਨ ਲਈ ਵਰਤੋਂਕਾਰ ਦੀਆਂ ਤਰਜੀਹਾਂ ਅਤੇ ਵਿਵਹਾਰ ਤੋਂ ਸਿੱਖਦੇ ਹਨ।

**ਰਾਈਡ-ਸ਼ੇਅਰਿੰਗ ਅਤੇ ਫੂਡ ਡਿਲਿਵਰੀ ਐਪਸ:** ਏ.ਆਈ. ਐਲਗੋਰਿਦਮ ਰਾਈਡ-ਸ਼ੇਅਰਿੰਗ ਸੇਵਾਵਾਂ ਜਿਵੇਂ ਕਿ ਊਬਰ ਅਤੇ ਲਿਫ਼ਟ ਦੇ ਡਰਾਈਵਰਾਂ ਨੂੰ ਯਾਤਰੀਆਂ ਨਾਲ ਕੁਸ਼ਲਤਾ ਭਰਪੂਰ ਮੇਲ ਕਰਾਉਣਾ ਸੰਭਵ ਬਣਾਉਂਦੇ ਹਨ। ਫੂਡ ਡਿਲੀਵਰੀ ਐਪਸ ਵੀ, ਡਿਲੀਵਰੀ ਰੂਟਾਂ ਬਾਰੇ ਉਚਿਤ ਜਾਣਕਾਰੀ ਦੇਣ, ਡਿਲਿਵਰੀ ਸਮੇਂ ਦਾ ਅੰਦਾਜ਼ਾ ਲਗਾਉਣ ਅਤੇ ਇਸ ਸੇਵਾ ਦੀ ਕੁਸ਼ਲਤਾ ਨੂੰ ਬਿਹਤਰ ਬਣਾਉਣ ਲਈ ਏ.ਆਈ. ਦੀ ਵਰਤੋਂ ਕਰਦੇ ਹਨ।

**ਭਾਸ਼ਾ ਅਨੁਵਾਦ:** ਏ.ਆਈ. ਅਧਾਰਿਤ ਭਾਸ਼ਾ ਦਾ ਅਨੁਵਾਦ ਕਰਨ ਵਾਲੀਆਂ ਸੁਵਿਧਾਵਾਂ ਜਿਵੇਂ ਕਿ ਗੂਗਲ ਟਰਾਂਸਲੇਟ, ਇੱਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਲਿਖਤਾਂ ਜਾਂ ਭਾਸ਼ਣ ਦਾ ਅਨੁਵਾਦ ਕਰਨ ਲਈ ਵਿਸ਼ੇਸ਼ ਐਲਗੋਰਿਦਮ ਦੀ ਵਰਤੋਂ ਕਰਦੇ ਹੋਏ ਵੱਖ-ਵੱਖ ਭਾਸ਼ਾਵਾਂ ਵਿਚ ਸੰਚਾਰ ਕਾਰਜਾਂ ਨੂੰ ਸੰਭਵ ਬਣਾਉਂਦੇ ਹਨ।

**ਨਿੱਜੀ ਖਬਰਾਂ ਅਤੇ ਸਮੱਗਰੀ ਇਕੱਤਰੀਕਰਨ:** ਏ.ਆਈ. ਆਧਾਰਿਤ ਨਿਊਜ਼ ਐਗਰੀਗੇਟਰ ਅਤੇ ਸਮੱਗਰੀ ਕਿਊਰੇਸ਼ਨ ਪਲੇਟਫਾਰਮ ਵਿਅਕਤੀ ਦੀਆਂ ਰੁਚੀਆਂ, ਪਸੰਦਗੀ ਅਤੇ ਪੜ੍ਹਨ ਦੀਆਂ ਆਦਤਾਂ ਦੇ ਆਧਾਰ 'ਤੇ ਖਬਰਾਂ, ਲੇਖ, ਬਲੌਗ ਅਤੇ ਹੋਰ ਸਮੱਗਰੀ ਨੂੰ ਉਸ ਤੱਕ ਪਹੁੰਚਾਂਦੇ ਹਨ।

ਏ.ਆਈ. ਆਧਾਰਿਤ ਉਤਪਾਦਾਂ ਦੀ ਰੋਜ਼ਾਨਾ ਜੀਵਨ ਵਿਚ ਵਰਤੋਂ ਦੀਆਂ ਇਹ ਕੁਝ ਕੁ ਉਦਾਹਰਣਾਂ ਹਨ। ਸਾਡੇ ਰੋਜ਼ਾਨਾ ਜੀਵਨ ਵਿਚ ਏ.ਆਈ. ਦੀ ਵਰਤੋਂ ਨੇ ਸਾਡੀਆਂ ਸਹੂਲਤਾਂ ਵਿਚ ਵਾਧਾ ਕੀਤਾ ਹੈ ਤੇ ਇਹ ਵਾਧਾ ਲਗਾਤਾਰ ਜਾਰੀ ਵੀ ਹੈ।

ਪਿਛਲੇ ਸਾਲਾਂ ਦੌਰਾਨ ਏ.ਆਈ. ਤਕਨਾਲੋਜੀ ਨੇ ਖੂਬ ਤਰੱਕੀ ਕੀਤੀ ਹੈ, ਪਰ ਇਹ ਤਕਨਾਲੋਜੀ ਅਜੇ ਸਿਰਫ਼ ਖਾਸ ਕੰਮ ਕਰ ਸਕਣ ਵਿਚ ਹੀ ਮਾਹਿਰ ਹੈ। ਮਨੁੱਖੀ ਸੂਝ-ਬੂਝ ਦੇ ਮੁਕਾਬਲੇ ਵਿਚ ਇਹ ਅਜੇ ਕਾਫ਼ੀ ਪਿੱਛੇ ਹੈ। ਯਾਦ ਰਹੇ ਕਿ ਏ.ਆਈ. ਦੀਆਂ ਸਮਰੱਥਾਵਾਂ ਨੂੰ ਹੋਰ ਵਧਾਉਣ ਅਤੇ ਇਸ ਦੀਆਂ ਘਾਟਾਂ ਨੂੰ ਦੂਰ ਕਰਨ ਲਈ ਨਿਰੰਤਰ ਖੋਜ ਅਤੇ ਵਿਕਾਸ ਕਾਰਜ ਚੱਲ ਰਹੇ ਹਨ।

# ਬਜ਼ੁਰਗ ਨੂੰ ਘਰ ਤੋਂ ਦੂਰ ਕੀਤਾ ਜਾ ਰਿਹਾ ਹੈ



-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ ਕਾਲਮਨਿਸਟ,
ਮਲੋਟ (ਪੰਜਾਬ)
(Punjab Mail USA)



ਘਰ ਦੇ ਬਜ਼ੁਰਗਾਂ ਨੂੰ ਪਰਿਵਾਰ ਦੀ ਨੀਂਹ ਕਿਹਾ ਜਾਂਦਾ ਹੈ, ਬਜ਼ੁਰਗਾਂ ਦੇ ਤਜ਼ਰਬੇ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਦੀ ਸਲਾਹ ਲੈਣੀ ਚਾਹੀਦੀ ਹੈ। ਉਸ ਦਾ ਪਿਆਰ ਅਤੇ ਪਿਆਰ ਅਮੁੱਲ ਹੈ। ਸਾਡੇ ਦੇਸ਼ ਵਿਚ ਬਜ਼ੁਰਗ ਤੇਜ਼ੀ ਨਾਲ ਵਧ ਰਹੇ ਹਨ, ਪਰ ਉਨ੍ਹਾਂ ਲਈ ਉਪਲਬਧ ਸਾਧਨ ਘਟਦੇ ਜਾ ਰਹੇ ਹਨ। ਅਜਿਹੀ ਸਥਿਤੀ 'ਚ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਨ੍ਹਾਂ ਨੂੰ ਇਕ ਪਾਸੇ ਰੱਖਣ ਦੀ ਬਜਾਏ ਸਮਾਜ ਦੇ ਜੀਵਨ 'ਚ ਸ਼ਾਮਲ ਕਰੀਏ, ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਦੇਖਭਾਲ ਕਰੀਏ। ਜਿੱਥੇ ਉਹ ਸਮਾਜਿਕ ਸਥਿਤੀਆਂ ਨੂੰ ਸੁਧਾਰਨ ਲਈ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ। ਬਜ਼ੁਰਗਾਂ ਦੀ 'ਸਮੱਸਿਆ' ਨੂੰ 'ਹੱਲ' ਵਿਚ ਬਦਲਣ ਦਾ ਯਤਨ ਕਰਨਾ ਬਹੁਤ ਜ਼ਰੂਰੀ ਹੈ। ਜਿਵੇਂ ਕਿ ਦੇਸ਼ ਦੀ ਬੁਢਾਪਾ ਆਬਾਦੀ ਅਤੇ ਸਿਹਤ ਚੁਣੌਤੀਆਂ ਸਾਹਮਣੇ ਆਉਂਦੀਆਂ ਹਨ, ਭਾਰਤ ਵਿਚ ਬੁਢਾਪੇ ਦੀ ਆਬਾਦੀ ਦੇ ਸਿਹਤ, ਆਰਥਿਕ ਅਤੇ ਸਮਾਜਿਕ ਨਿਰਣਾਇਕਾਂ ਅਤੇ ਨਤੀਜਿਆਂ ਦੀ ਵਿਗਿਆਨਕ ਤੌਰ 'ਤੇ ਜਾਂਚ ਕਰਨ ਲਈ ਦੇਸ਼ ਵਿਚ ਸਭ ਤੋਂ ਵੱਡਾ ਵਿਆਪਕ ਰਾਸ਼ਟਰੀ ਸਰਵੇਖਣ ਕਰਵਾਇਆ ਗਿਆ ਹੈ। ਇਹ ਭਾਰਤ ਦਾ ਪਹਿਲਾ ਅਤੇ ਦੁਨੀਆਂ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਸਰਵੇਖਣ ਹੈ, ਜੋ ਸਮਾਜਿਕ, ਸਿਹਤ ਅਤੇ ਆਰਥਿਕ ਭਲਾਈ ਨੂੰ ਮਾਪਦਾ ਹੈ। ਬੁਢਾਪੇ ਦੀ ਆਬਾਦੀ ਲਈ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਤਿਆਰ ਕਰਨ ਦੇ ਉਦੇਸ਼ ਲਈ ਲੰਬਕਾਰੀ ਡੇਟਾਬੇਸ ਪ੍ਰਦਾਨ ਕਰਦਾ ਹੈ। ਇਸ ਵਿਚ ਦੇਸ਼ਾਂ ਅਤੇ ਰਾਜਾਂ ਦਾ ਪ੍ਰਤੀਨਿਧ ਨਮੂਨਾ, ਸਮਾਜਿਕ-ਆਰਥਿਕ ਪ੍ਰੋਫਾਈਲ, ਵਿਆਪਕ, ਪ੍ਰਸੰਗਿਕ ਫੋਕਸ, ਲੰਬਕਾਰੀ ਡਿਜ਼ਾਈਨ, ਡੇਟਾ ਸੰਗ੍ਰਹਿ, ਗੁਣਵੱਤਾ ਨਿਯੰਤਰਣ ਅਤੇ ਭੂਗੋਲਿਕ ਸੂਚਨਾ ਪ੍ਰਣਾਲੀ (ਜੀ.ਆਈ.ਐੱਸ.) ਲਈ ਕੰਪਿਊਟਰ ਅਸਿਸਟਡ ਪਰਸਨਲ ਇੰਟਰਵਿਊ (ਸੀ.ਏ.ਪੀ.ਆਈ) ਤਕਨਾਲੋਜੀ ਦੀ ਵਰਤੋਂ ਸ਼ਾਮਲ ਹੈ। ਇਹ ਵੱਖ-ਵੱਖ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਵਿਚ ਤਾਲਮੇਲ ਦੀ ਅਗਵਾਈ ਕਰੇਗਾ। ਦੇਸ਼ ਵਿਚ ਉਭਰ ਰਹੇ ਜਨਸੰਖਿਆ, ਸਮਾਜਿਕ-ਆਰਥਿਕ ਅਤੇ ਹੋਰ ਸਬੰਧਤ ਖੇਤਰ ਰੁਝਾਨਾਂ ਨੂੰ ਧਿਆਨ ਵਿਚ ਰੱਖਦੇ ਹੋਏ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ ਸੀਨੀਅਰ ਨਾਗਰਿਕਾਂ ਲਈ ਇੱਕ ਰਾਸ਼ਟਰੀ ਨੀਤੀ ਤਿਆਰ ਕਰ ਰਿਹਾ ਹੈ, ਜਿਸ ਵਿਚ ਵਿੱਤੀ ਅਤੇ ਭੋਜਨ ਸੁਰੱਖਿਆ, ਸਿਹਤ ਦੇਖਭਾਲ ਅਤੇ ਪੋਸ਼ਣ ਵਰਗੇ ਮੁੱਦਿਆਂ ਨੂੰ ਸ਼ਾਮਲ ਕੀਤਾ ਗਿਆ ਹੈ, ਇੱਕ ਵਧ ਰਿਹਾ ਭਾਰਤ ਇੱਕ ਸਿਹਤਮੰਦ ਭਵਿੱਖ ਦੀ ਆਬਾਦੀ ਲਈ ਲੰਬੇ ਸਮੇਂ ਤੱਕ ਜੀਵੇਗਾ। ਖੋਜ ਦਰਸਾਉਂਦੀ ਹੈ ਕਿ ਭਾਰਤ ਦੀ 12% ਆਬਾਦੀ 2030 ਤੱਕ 60 ਸਾਲ ਦੀ ਉਮਰ ਤੋਂ ਉੱਪਰ ਹੋਵੇਗੀ ਅਤੇ ਸੰਯੁਕਤ ਰਾਸ਼ਟਰ ਆਬਾਦੀ ਫੰਡ ਦੇ ਅਨੁਸਾਰ; ਇਹ 2050 ਤੱਕ ਵਧ ਕੇ 19.4% ਹੋਣ ਦੀ ਉਮੀਦ ਹੈ। 60+ ਦੀ ਉਮਰ ਦੇ ਮਰਦਾਂ ਤੋਂ ਵੱਧ ਔਰਤਾਂ ਹੋਣ ਜਾ ਰਹੀਆਂ ਹਨ। ਲੰਬੀ ਉਮਰ ਵਧਣ ਨਾਲ 80 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ, ਜਿਸ ਵਿਚ ਲਗਭਗ 11 ਮਿਲੀਅਨ ਲੋਕ ਹਨ। 100 ਸਾਲ ਤੋਂ ਵੱਧ ਉਮਰ ਦੇ ਲਗਭਗ 6 ਲੱਖ ਲੋਕਾਂ ਦੇ ਨਾਲ, ਭਾਰਤ ਵਿਚ 2050 ਤੱਕ ਸਭ ਤੋਂ ਵੱਧ ਲੋਕ ਹੋਣਗੇ। ਸੀਨੀਅਰ ਨਾਗਰਿਕਾਂ ਦੀ ਗਿਣਤੀ 2011 ਵਿਚ 10.38 ਕਰੋੜ ਤੋਂ ਵਧ ਕੇ 2026 ਵਿਚ 17.3 ਕਰੋੜ ਅਤੇ 2050 ਵਿਚ 30 ਕਰੋੜ ਹੋਣ ਦੀ ਸੰਭਾਵਨਾ ਹੈ। ਅਜਿਹੀ ਸਥਿਤੀ ਵਿਚ ਉਨ੍ਹਾਂ ਦੀ ਭਲਾਈ ਲਈ ਪ੍ਰੋਗਰਾਮਾਂ ਦੀ ਲੋੜ ਵੱਧ ਜਾਂਦੀ ਹੈ। ਜੀਵਨ ਦੀ ਸੰਭਾਵਨਾ ਵਿਚ ਵਾਧਾ, ਪਰਿਵਾਰਾਂ ਦਾ ਪ੍ਰਮਾਣੂਕਰਨ, ਉਨ੍ਹਾਂ ਦੀ ਰੋਜ਼ਾਨਾ ਦੇਖਭਾਲ ਅਤੇ ਉਮਰ-ਸਬੰਧਤ ਮੁਸ਼ਕਲਾਂ ਲਈ ਦੂਜਿਆਂ 'ਤੇ ਨਿਰਭਰਤਾ; ਬਜ਼ੁਰਗਾਂ ਦਾ ਜੀਵਨ ਇੱਕ ਮੁਸ਼ਕਲ ਚੁਣੌਤੀ ਹੈ। ਜ਼ਿਆਦਾ ਆਰਥਿਕ ਨਿਰਭਰਤਾ ਕਾਰਨ ਬਜ਼ੁਰਗ ਔਰਤਾਂ ਲਈ ਸਮੱਸਿਆ ਹੋਰ ਵਧ ਗਈ ਹੈ। ਪੇਂਡੂ ਖੇਤਰਾਂ ਵਿਚ, ਜਿੱਥੇ 70% ਬਜ਼ੁਰਗ ਰਹਿੰਦੇ ਹਨ, ਆਰਥਿਕ ਕਾਰਨਾਂ ਅਤੇ ਡਾਕਟਰੀ ਸੇਵਾਵਾਂ ਦੀ ਮਾੜੀ ਗੁਣਵੱਤਾ, ਖਾਸ ਤੌਰ 'ਤੇ 80 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਗੰਭੀਰ ਸਥਿਤੀ ਦਾ ਕਾਰਨ ਬਣਦੀ ਹੈ। 5.1 ਕਰੋੜ ਬਜ਼ੁਰਗ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ ਅਤੇ ਬਜ਼ੁਰਗਾਂ ਵਿਰੁੱਧ ਵਧ ਰਹੇ ਅਪਰਾਧਾਂ ਕਾਰਨ ਬਜ਼ੁਰਗਾਂ ਦੀ ਹਾਲਤ ਇਹ ਤਰਸਯੋਗ ਹੈ। ਭਾਰਤ ਦੇ ਸੀਨੀਅਰ ਨਾਗਰਿਕਾਂ ਦੀ ਪ੍ਰਤੀਸ਼ਤਤਾ ਹਾਲ ਹੀ ਦੇ ਸਾਲਾਂ ਵਿਚ ਵਧਦੀ ਦਰ ਨਾਲ ਵਧ ਰਹੀ ਹੈ ਅਤੇ ਇਹ ਰੁਝਾਨ ਜਾਰੀ ਰਹਿਣ ਦੀ ਸੰਭਾਵਨਾ ਹੈ। ਸਟੇਟ ਆਫ ਵਰਲਡ ਪਾਪੂਲੇਸ਼ਨ 2019 ਦੀ ਰਿਪੋਰਟ ਮੁਤਾਬਕ ਭਾਰਤ ਦੀ 6 ਫੀਸਦੀ ਆਬਾਦੀ 65 ਸਾਲ ਜਾਂ ਇਸ ਤੋਂ ਵੱਧ ਸੀ। ਜੀਵਨ ਦੀ ਸੰਭਾਵਨਾ ਵਿਚ ਵਾਧਾ, ਹਾਲਾਂਕਿ ਫਾਇਦੇਮੰਦ ਹੈ, ਨੇ ਆਧੁਨਿਕ ਸੰਸਾਰ ਲਈ ਨਵੀਆਂ ਚੁਣੌਤੀਆਂ ਲਿਆਂਦੀਆਂ ਹਨ। ਵਧਦੀ ਆਬਾਦੀ ਦੀ ਸਮੱਸਿਆ ਅੱਜ ਕਈ ਦੇਸ਼ਾਂ ਲਈ ਚਿੰਤਾ ਦਾ ਵਿਸ਼ਾ ਬਣ ਗਈ ਹੈ। ਬਜਟ ਵਿਚ ਪੈਨਸ਼ਨਾਂ ਅਤੇ ਸਿਹਤ ਸੰਭਾਲ ਲਈ ਵਿਵਸਥਾਵਾਂ ਘੱਟ ਰਹੀਆਂ ਹਨ। 100 ਮਿਲੀਅਨ ਤੋਂ ਵਧੇਰੇ ਬਜ਼ੁਰਗ ਲੋਕਾਂ ਦਾ ਘਰ ਅਤੇ ਅਗਲੇ ਤਿੰਨ ਦਹਾਕਿਆਂ ਵਿਚ ਗਿਣਤੀ ਦੇ ਤਿੰਨ ਗੁਣਾ ਹੋਣ ਦੀ ਉਮੀਦ ਦੇ ਨਾਲ, ਭਾਰਤ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਦਲਦੇ ਮਾਹੌਲ ਵਿਚ ਪਰਮਾਣੂ ਪਰਿਵਾਰ ਬਜ਼ੁਰਗਾਂ ਨੂੰ ਘਰ ਦੀ ਦਹਿਲੀਜ਼ ਤੋਂ ਦੂਰ ਰੱਖ ਰਹੇ ਹਨ। ਬੱਚੇ ਦਾਦੀ ਦੀ ਕਹਾਣੀ ਦੀ ਬਜਾਏ ਪੱਬਜੀ, ਪੀਯੂਬੀ ਨੂੰ ਪਸੰਦ ਕਰਨ ਲੱਗੇ ਹਨ, ਬਜ਼ੁਰਗਾਂ ਨੂੰ ਆਪਣੇ ਬੱਚਿਆਂ ਨਾਲ ਗੱਲ ਕਰਨ ਦੀ ਤਾਂਘ ਹੈ। ਉਹ ਘਰ ਦੇ ਕਿਸੇ ਕੋਨੇ ਵਿਚ ਇਕੱਲਤਾ ਦਾ ਸ਼ਿਕਾਰ ਹੋ ਰਹੇ ਹਨ। ਅਜਿਹੀ ਸਥਿਤੀ ਵਿਚ ਉਨ੍ਹਾਂ ਦੀਆਂ ਮਾਨਸਿਕ-ਆਰਥਿਕ-ਸਮਾਜਿਕ ਸਮੱਸਿਆਵਾਂ ਵਧ ਰਹੀਆਂ ਹਨ। ਮਹਿੰਗਾਈ ਦੇ ਸਾਹਮਣੇ ਪੈਨਸ਼ਨ ਘੱਟ ਰਹੀ ਹੈ। ਆਯੂਸ਼ਮਾਨ ਸਕੀਮ ਵਿਚ ਬਜ਼ੁਰਗਾਂ ਨੂੰ ਸ਼ਾਮਲ ਕੀਤਾ ਗਿਆ ਹੈ। ਬਜ਼ੁਰਗਾਂ ਦੀ ਸਿਹਤ ਸੰਭਾਲ ਸਮੇਤ ਉਨ੍ਹਾਂ ਲਈ ਵੱਖਰੀਆਂ ਸਕੀਮਾਂ ਲਿਆਉਣ ਦੀ ਸਖ਼ਤ ਲੋੜ ਹੈ, ਤਾਂ ਜੋ ਹਰ ਘਰ ਵਿਚ ਬਜ਼ੁਰਗਾਂ ਨੂੰ ਬੋਝ ਨਹੀਂ, ਸਗੋਂ ਵਰਦਾਨ ਵਜੋਂ ਦੇਖਿਆ ਜਾਵੇ।

## 12 ਸਤੰਬਰ ’ਤੇ ਵਿਸ਼ੇਸ਼

# ਸਾਰਾਗੜ੍ਹੀ ਸਾਕੇ ਦੇ 21 ਸਿੱਖ ਸ਼ਹੀਦਾਂ ਦੀ ਬਹਾਦਰੀ ਗਾਥਾ

-ਦਿਲਜੀਤ ਸਿੰਘ ਬੇਦੀ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)

ਸਾਰਾਗੜ੍ਹੀ ਦਾ ਦਿਵਸ ਮਨਾਉਂਦਿਆਂ ਅੱਜ, ਇੱਕੀ ਬਾਂਕੇ ਬਲਕਾਰਾਂ ਦੀ ਗੱਲ ਕਰੀਏ।
ਜਿਨ੍ਹਾਂ ਦੇਸ਼ ਖਾਤਰ ਜਾਨਾਂ ਵਾਰੀਆਂ ਸੀ, ਉਨ੍ਹਾਂ ਜਾਂ-ਨਿਸਾਰਾਂ ਦੀ ਗੱਲ ਕਰੀਏ।
ਹੋਏ ਸਾਰੇ ਦੇ ਸਾਰੇ ਸ਼ਹੀਦ ਜਿਹੜੇ, ਉਨ੍ਹਾਂ ਇੱਕੀ ਸਰਦਾਰਾਂ ਦੀ ਗੱਲ ਕਰੀਏ।
ਸਦਾ ਲਈ ਜੋ ਹੋ ਗਏ ਅਮਰ ‘ਜਾਚਕ’, ਉਨ੍ਹਾਂ ਸਿਪਾਹ ਸਲਾਰਾਂ ਦੀ ਗੱਲ ਕਰੀਏ।
ਛੱਡਦੇ ਹੋਏ ਜੈਕਾਰੇ ਸਭ ਸਿੱਖ ਸੈਨਿਕ, ਦੇਸ਼ ਕੌਮ ਲਈ ਹੋਏ ਕੁਰਬਾਨ ਹੈਸੀ।
ਉਨ੍ਹਾਂ ਆਪਣੀ ਜਾਨ ’ਤੇ ਖੇਡ ਕੇ ਤੇ, ਪਾਈ ਦੇਸ਼ ਦੀ ਜਾਨ ਵਿਚ ਜਾਨ ਹੈਸੀ।

**(ਡਾ. ਹਰੀ ਸਿੰਘ ਜਾਚਕ)**



ਦੁਨੀਆਂ ਦੇ ਇਤਿਹਾਸ ਵਿਚ ਸਾਰਾਗੜ੍ਹੀ ਦੀ ਅਸਾਂਵੀ ਜੰਗ ਸੁਨਹਿਰੀ ਅੱਖਰਾਂ ਵਿਚ ਦਰਜ ਹੈ। ਇਹ ਸਾਕਾ 12 ਸਤੰਬਰ, 1897 ਨੂੰ ਸਮਾਨਾ ਰੇਂਜ਼ ਉਤੇ ਸਥਿਤ ਬਣੀ ਸਾਰਾਗੜ੍ਹੀ ਦੀ ਚੌਂਕੀ ਵਿਖੇ 36 ਸਿੱਖ ਰੈਜੀਮੈਂਟ ਦੇ 21 ਸਿੱਖ ਜਾਂਬਾਜ਼ ਸਿਪਾਹੀਆਂ ਨੇ ਦਸ ਹਜ਼ਾਰ ਦੇ ਕਰੀਬ ਓਰਕਜਾਈ ਤੇ ਅਫਰੀਦੀ, ਕਬਾਇਲੀਆਂ ਨਾਲ ਸਾਹਮਣਾ ਕਰਦੇ ਸਮੇਂ ਵਾਪਰਿਆ ਸੀ।

ਇਹ ਦੱਰਾ ਖੈਬਰ ਦੇ ਪ੍ਰਵੇਸ਼ ਦੁਆਰ ਉਤੇ ਸਥਿਤ ਹੋਣ ਕਾਰਨ ਵਿਦੇਸ਼ੀ ਧਾੜਵੀਆਂ ਜਾਂ ਵਿਉਪਾਰੀਆਂ ਲਈ ਲਾਭਦਾਇਕ ਹੈ ਅਤੇ ਆਰੀਅਨ ਪ੍ਰਵਾਸੀਆਂ ਨੇ ਭਾਰਤ ਵਿਚ ਵੱਡੇ ਪੱਧਰ ’ਤੇ ਇਸੇ ਰਸਤੇ ਪ੍ਰਵੇਸ਼ ਕੀਤਾ। ਸਿਕੰਦਰ, ਚੰਗੇਜ਼ ਖਾਂ, ਮੁਹੰਮਦ ਗਜ਼ਨਵੀ, ਬਾਬਰ ਵੀ ਆਇਆ। ਬਾਅਦ ਵਿਚ ਬਰਤਾਨੀਆਂ ਨੇ ਇਸ ਇਲਾਕੇ ਤੋਂ ਰੂਸੀ ਦਬਦਬਾ ਖਤਮ ਕਰਨ ਲਈ 1891 ਵਿਚ ਸਮਾਨਾ ਰੇਜ਼ ਉਤੇ ਕਿਲ੍ਹੇ ’ਤੇ ਚੌਕੀਆਂ ਦੀ ਸਥਾਪਨਾ ਕੀਤੀ। 36 ਸਿੱਖ ਰੈਜੀਮੈਂਟ 23 ਮਾਰਚ, 1887 ਨੂੰ ਹੋਂਦ ਵਿਚ ਆਈ। ਇਸ ਵਿਚ ਪੰਜਾਬ ਫਰੰਟੀਅਰ ਫੋਰਸ, ਬੰਗਾਲ ਇਨਫੈਂਟਰੀ ਦੀਆਂ 8 ਕੰਪਨੀਆਂ ਦੇ 225 ਚੋਣਵੇਂ ਬਹਾਦਰ ਸ਼ਾਮਲ ਕੀਤੇ ਗਏ। ਪਰ ਫਿਰ ਪੰਜਾਬ ਵਿਚੋਂ 8 ਮਈ 1887, ਜਨਵਰੀ 1888, ਫਿਰ 1891 ਵਿਚ ਨਵੀਂ ਭਰਤੀ ਕੀਤੀ, ਜਿਸ ਵਿਚ 2529 ਨੌਜਵਾਨ ਚੁਣੇ ਗਏ।

ਇਹ ਰੈਜੀਮੈਂਟ 31 ਦਸੰਬਰ, 1896 ਨੂੰ ਕੋਹਾਟ ਪਹੁੰਚੀ। 1 ਮਈ, 1821 ਵਿਚ ਕਿਲ੍ਹਾ ਗੁਲਿਸਤਾਨ (ਕਾਵਾਗਨਰੀ) 6152 ਫੁੱਟ ਦੀ ਉਚਾਈ ਉਤੇ ਮਜ਼ਬੂਤ ਪੱਥਰਾਂ ਨਾਲ ਬਣਵਾਇਆ ਗਿਆ। ਜਿਸ ਵਿਚ 200 ਜਵਾਨ ਅਤੇ ਕਿਲ੍ਹਾ ਮਸਤਾਨ (ਲਾਕੱਹਰਟ) ਨੂੰ 6743 ਫੁੱਟ ਦੀ ਉਚਾਈ ’ਤੇ ਬਨਾਇਆ, ਜਿਸ ਵਿਚ 300 ਜਵਾਨਾਂ ਦੇ ਰਹਿਣ ਦਾ ਪ੍ਰਬੰਧ ਸੀ। ਇਨ੍ਹਾਂ ਕਿਲ੍ਹਿਆ ਦੀਆਂ ਕੰਧਾਂ 12 ਤੋਂ 15 ਫੁੱਟ ਉਚੀਆਂ ਮਜ਼ਬੂਤ ਪੱਥਰਾਂ ਦੀਆਂ ਸਨ। ਪੰਜ ਮੀਲ ਦੇ ਖੇਤਰ ਵਿਚ ਪੰਜ ਚੌਂਕੀਆਂ ਵੀ ਸਥਾਪਤ ਹੋਈਆਂ, ਜੋ ਦੁਸ਼ਮਣ ਦੀ ਹਰਕਤ ਨੂੰ ਕਿਲ੍ਹਿਆਂ ਤੀਕ ਪਹੁੰਚਾਉਂਦੀਆਂ ਸਨ। ਲੜਾਈ ਸਮੇਂ 168 ਸਿੱਖ ਸਿਪਾਹੀ ਲਾਕੱਹਰਟ ਕਿਲ੍ਹੇ ’ਤੇ ਅਤੇ ਗੁਲਿਸਤਾਨ 175 ਸਿੱਖ ਸਿਪਾਹੀ ਮੌਜੂਦ ਸਨ, ਧਾਰਚੌਂਕੀ ਵਿਚ 37 ਸਿਪਾਹੀ ਤੇ ਸਰਤੋਪ ਚੌਂਕੀ ਵਿਚ 21 ਸਿਪਾਹੀ ਤਾਇਨਾਤ ਸਨ। ਸਾਰਾਗੜ੍ਹੀ ਵਿਚ ਹਵਾਲਦਾਰ ਈਸ਼ਰ ਸਿੰਘ ਦੀ ਅਗਵਾਈ ਵਿਚ 21 ਸਿੱਖ ਸਿਪਾਹੀ ਤੇ ਇੱਕ ਸਫਾਈ ਮਜ਼ਦੂਰ ਖ਼ੁਦਾਦਾਦ ਮੌਜੂਦ ਸੀ। 36 ਸਿੱਖ ਰੈਜੀਮੈਂਟ 23 ਮਾਰਚ, 1887 ਨੂੰ ਕਰਨਲ ਜਿਮ ਕੁਕ ਦੀ ਕਮਾਂਡ ਹੇਠ ਜਲੰਧਰ ਛਾਉਣੀ ਵਿਚ ਆਰਮੀ ਦੇ ਕਲਾਜ ਨੰਬਰ 46 ਮੁਤਾਬਿਕ ਹੋਂਦ ਵਿਚ ਆਈ। ਇਸ ਵਿਚ ਪੰਜਾਬ ਫਰੰਟੀਅਰ ਫ਼ੋਰਸ ਅਤੇ ਬੰਗਾਲ ਇਨਫੈਂਟਰੀ ਦੀਆਂ 8 ਕੰਪਨੀਆਂ ਤੋਂ 225 ਚੋਣਵੇਂ ਬਹਾਦਰ ਸ਼ਾਮਲ ਕੀਤੇ ਗਏ ਤੇ 8 ਮਈ, 1887 ਨੂੰ ਸਾਰੇ ਪੰਜਾਬ ਵਿਚੋਂ ਨਵੀਂ ਭਰਤੀ ਕੀਤੀ ਗਈ, ਜੋ ਕਿ ਕਰਨਲ ਕੂਕ ਤੇ ਕੈਪਟਨ ਐੱਚ.ਆਰ. ਹਲਮਸ ਦੀ ਦੇਖ-ਰੇਖ ਵਿਚ ਹੋਈ। ਸਾਰੇ ਭਰਤੀ ਕੀਤੇ ਸਿੱਖਾਂ ਦਾ ਕੱਦ ਘੱਟ ਤੋਂ ਘੱਟ 5 ਫੁੱਟ 8 ਇੰਚ ਤੇ ਛਾਤੀ 36 ਇੰਚ ਚੌੜੀ ਹੁੰਦੀ ਸੀ। ਜਨਵਰੀ 1888 ਤੱਕ 912 ਜਵਾਨ ਭਰਤੀ ਹੋ ਗਏ ਤੇ 1891 ਤੱਕ ਕੁੱਲ ਭਰਤੀ 2529 ਹੋਈ। ਸਿਖਲਾਈ ਤੋਂ ਬਾਅਦ ਮਾਰਚ 1891 ਵਿਚ ਰੈਜੀਮੈਂਟ ਨੂੰ ਪਹਿਲਾਂ ਦਿੱਲੀ ਵਿਚ ਤੇ ਫਿਰ ਮਨੀਪੁਰ ਵਿਚ ਤਾਇਨਾਤ ਕੀਤਾ ਗਿਆ।



25 ਜੂਨ, 1894 ਨੂੰ ਕਮਾਂਡਰ ਜਿਮ ਕੂਕ ਆਪਣੇ ਸਾਲ ਦਾ ਕਾਰਜਕਾਲ ਪੂਰਾ ਕਰਕੇ ਸੇਵਾ-ਮੁਕਤ ਹੋ ਗਿਆ। ਫਿਰ ਲੈਫ਼ਟੀਨੈਂਟ ਕਰਨਲ ਜੋਨ ਹਾਟਨ ਨੂੰ ਨਵਾਂ ਕਮਾਂਡਰ ਨਿਯੁਕਤ ਕੀਤਾ ਗਿਆ ਤੇ ਮੇਜਰ ਚਾਰਲਸ ਹੈਮਿਲਟਨ ਡੇਸ ਵੌਇਕਸ ਨੂੰ ਮੀਤ ਕਮਾਂਡਰ ਬਣਾਇਆ ਗਿਆ। ਪਿੰਡ ਸਾਰਾ ਵਿਖੇ 6200 ਫੁੱਟ ਦੀ ਉਚੀ ਪਹਾੜੀ ’ਤੇ ਸਾਰਾਗੜ੍ਹੀ ਚੌਂਕੀ ਬਣਾਈ ਗਈ ਸੀ। ਮਿਸ਼ਨ ਸਾਰਾਗੜੀ ਦੇ ਲੇਖਕ ਡਾ. ਗੁਰਿੰਦਰਪਾਲ ਸਿੰਘ ਜੋਸਨ ਨੇ ਬਰਤਾਨਵੀਂ ਫੌਜੀ ਅਧਿਕਾਰੀਆਂ ਦੀਆਂ ਚਿੱਠੀਆਂ ਦਾ ਜ਼ਿਕਰ ਕੀਤਾ ਹੈ, ਜੋ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।

16 ਜਨਵਰੀ, 1898 ਨੂੰ ਕਮਾਂਡਰ ਜੌਨ ਹਾਟਨ ਵੱਲੋਂ ਲਿਖੀ ਚਿੱਠੀ ਮੁਤਾਬਿਕ, “ਸਮਾਨਾ ਉੱਤੇ ਸਾਡੀ ਅੱਧੀ ਬਟਾਲੀਅਨ (36 ਸਿੱਖ ਰੈਜੀਮੈਂਟ) ਸੱਤ ਚੌਂਕੀਆਂ ਵਿਚ ਵੰਡੀ ਹੋਈ ਸੀ, ਜੋ ਅੱਠ ਮੀਲ ਦੇ ਘੇਰੇ ਵਿਚ ਫੈਲੀ ਹੋਈ ਸੀ, ਫਿਰ ਜੇ ਸਾਡੇ ਕੋਲ ਦੋ ਪਹਾੜੀ ਤੋਪਾਂ ਹੁੰਦੀਆਂ, ਤਾਂ ਅਸੀਂ ਨਾ ਸਿਰਫ਼ ਹਾਲਾਤ ਕਾਬੂ ਕਰ ਸਕਦੇ ਸੀ, ਸਗੋਂ ਦੁਸ਼ਮਣ ਨੂੰ ਖ਼ਤਮ ਵੀ ਕਰ ਸਕਦੇ ਸੀ। ਦੁਸ਼ਮਣ ਦੀਆਂ ਗੁਰੀਲਾ ਨੀਤੀਆਂ ਅਤੇ ਵਧੀਆ ਹਥਿਆਰ ਹੋਣਾ, ਜਦਕਿ ਸਾਡੇ ਸੈਨਿਕਾਂ (ਸਾਰਾਗੜ੍ਹੀ ਵਾਲੇ) ਕੋਲ ਲੀ-ਮੈਟਫੋਰਡ ਸੀ।” 12 ਫ਼ਰਵਰੀ, 1898 ਵਿਚ ਟਾਇਮਸ ਅਖ਼ਬਾਰ ਵਿਚ ਛਪੀ ਜਨਰਲ ਬਿਗਸ ਦੀ ਰਿਪੋਰਟ ਮੁਤਾਬਿਕ, “ਮੈਂ ਆਸ ਕਰਦਾ ਹਾਂ ਕਿ 21 ਸਿੱਖਾਂ ਦੀ ਇਸ ਵਫ਼ਾਦਾਰੀ ਤੇ ਬੇਮਿਸਾਲ ਬਹਾਦਰੀ ਨੂੰ ਬਰਤਾਨੀਆ ਦੇ ਫ਼ੌਜੀ ਇਤਿਹਾਸ ਵਿਚ ਖ਼ਾਸ ਥਾਂ ਦਿੰਦੇ ਹੋਏ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇ।”

ਲੰਡਨ ਗਜ਼ਟ ਵਿਚ 11 ਫ਼ਰਵਰੀ, 1898 ਨੂੰ ਗਵਰਨਰ ਜਨਰਲ ਦਾ ਬਿਆਨ ਛਪਿਆ, “36 ਸਿੱਖ ਰੈਜੀਮੈਂਟ ਦੇ ਜਵਾਨ ਕਿਲ੍ਹਾ ਲੱਕਹਰਟ ਤੋਂ ਬੇਮਿਸਾਲ ਬਹਾਦਰੀ ਨਾਲ ਲੜੇ ਤੇ ਸਾਰਾਗੜ੍ਹੀ ਪੋਸਟ ਤੋਂ 21 ਸਿੱਖ ਜਵਾਨਾਂ ਨੇ ਹਵਲਦਾਰ ਈਸ਼ਰ ਸਿੰਘ ਦੀ ਅਗਵਾਈ ਵਿਚ, ਜੋ ਬੇਮਿਸਾਲ ਦਲੇਰਾਨਾ ਲੜਾਈ ਲੜੀ, ਉਹ ਭਾਰਤੀ ਫ਼ੌਜ ਦੇ ਇਤਿਹਾਸ ਵਿਚ ਪਹਿਲੀ ਮਿਸਾਲ ਹੈ।” ਮਹਾਰਾਣੀ ਵਿਕਟੋਰੀਆ ਨੂੰ ਬਾਲਮੋਰਲ ਵਿਚ 16 ਸਤੰਬਰ, 1897 ਨੂੰ ਟੈਲੀਗ੍ਰਾਮ ਜ਼ਰੀਏ ਫਰੰਟੀਅਰ ਦੀ ਲੜਾਈ ਦੀ ਖ਼ਬਰ ਪਹੁੰਚਾਈ ਗਈ, ਤਾਂ ਉਸਨੇ ਕਿਹਾ, “ਸਿੱਖਾਂ ਨੇ ਬੇਮਿਸਾਲ ਵਫ਼ਾਦਾਰੀ ਤੇ ਬਹਾਦਰੀ ਨਾਲ 30 ਘੰਟੇ ਲਗਾਤਾਰ ਲੜਦੇ ਹੋਏ ਕਿਲ੍ਹਾ ਕਾਵਾਗਨਰੀ ਨੂੰ ਦੁਸ਼ਮਣਾਂ ਨਾਲ ਲੜਦੇ ਹੋਏ ਬਚਾਇਆ।” 13 ਜੁਲਾਈ, 1898 ਨੂੰ ਸਰਕਾਰੀ ਰਿਕਾਰਡ ਵਿਚ ਇਹ ਦਰਜ਼ ਕੀਤਾ ਗਿਆ ਕਿ, “ਕੁਈਨ ਦੀ ਸਰਕਾਰ ਇਸ (ਫ਼ਰੰਟੀਅਰ) ਵਿਚ ਬਰਤਾਨਵੀਂ ਤੇ ਭਾਰਤੀ ਅਫ਼ਸਰਾਂ ਤੇ ਸਿਪਾਹੀਆਂ ਵੱਲੋਂ ਵਿਖਾਈ ਗਈ ਬਹਾਦਰੀ ਦਾ ਸਨਮਾਨ ਕਰਦੀ ਹੈ ਤੇ ਖ਼ਾਸ ਕਰਕੇ 36 ਸਿੱਖ ਰੈਜੀਮੈਂਟ ਦੇ ਉਨ੍ਹਾਂ ਜਵਾਨਾਂ ਦੀ, ਜਿਨ੍ਹਾਂ ਨੇ ਆਖ਼ਰੀ ਸਾਹ ਤੱਕ ਬੇਮਿਸਾਲ ਬਹਾਦਰੀ ਵਿਖਾਉਂਦੇ ਹੋਏ ਸਾਰਾਗੜ੍ਹੀ ਪੋਸਟ ਦੀ ਰੱਖਿਆ ਕੀਤੀ। ਭਾਰਤ ਦੇ ਵਾਇਸਰਾਏ ਲਾਰਡ ਕੁਰਜੋਨ ਨੇ ਲਾਹੌਰ ਵਿਚ ਸਾਬਕਾ ਫ਼ੌਜੀਆਂ ਦੇ ਇੱਕ ਸਮਾਗਮ ਵਿਚ 6 ਅਪ੍ਰੈਲ, 1899 ਨੂੰ ਆਪਣੇ ਭਾਸ਼ਣ ਵਿਚ ਕਿਹਾ, “ਮੈਂ ਸਿੱਖ ਕੌਮ ਉੱਤੇ ਮਾਣ ਕਰਦਾ ਹਾਂ ਕਿ ਉਨ੍ਹਾਂ ਨੇ ਬਰਤਾਨਵੀਂ ਰਾਜ ਦੇ 50 ਸਾਲਾਂ ਵਿਚ ਫ਼ੌਜ ਅੰਦਰ ਸੇਵਾਵਾਂ ਦਿੰਦੇ ਹੋਏ, ਜੋ ਬਹਾਦਰੀ ਵਿਖਾਈ, ਉਹ ਹੋਰ ਕੋਈ ਭਾਰਤੀ ਕੌਮ ਨਹੀਂ ਦਿਖਾ ਸਕੀ।”

1900 ਵਿਚ ਸਰਕਾਰ ਵੱਲੋਂ ਸਾਰਾਗੜ੍ਹੀ ਦੇ 21 ਜਾਂਬਾਜ਼ ਸ਼ਹੀਦਾਂ ਦੇ ਪਰਿਵਾਰ ਵਾਲਿਆਂ ਨੂੰ 500 ਰੁਪਏ ਨਕਦ ਤੇ 2-2 ਮੁਰੱਬੇ (50 ਕਿਲ੍ਹੇ) ਜ਼ਮੀਨ ਦੇ ਨਾਲ ਸਨਮਾਨ ਵਜੋਂ “ਇੰਡੀਅਨ ਆਰਡਰ ਆਫ਼ ਮੈਰਿਟ” ਤਗ਼ਮਾ ਦਿੱਤਾ ਗਿਆ। ਇਨ੍ਹਾਂ ਤਗ਼ਮਿਆਂ ਦੇ ਪਿਛਲੇ ਪਾਸੇ ਹਰੇਕ ਸ਼ਹੀਦ ਸਿੱਖ ਸਿਪਾਹੀ ਦਾ ਰੈਂਕ ਤੇ ਨਾਮ ਉਕਰਿਆ ਹੋਇਆ ਸੀ। ਨਵੰਬਰ 1901 ਵਿਚ ਕਿਲ੍ਹਾ ਲੱਕਹਰਟ ਦੇ ਕੋਲ ਤੇ ਮੌਜੂਦਾ ਸਮੇਂ ਓਰਕਜ਼ਾਈ ਏਜੰਸੀ ਦੇ ਹੈੱਡਕੁਆਟਰ ਦੇ ਨਾਲ ਸਾਰਾਗੜ੍ਹੀ ਦੇ 21 ਅਣਖੀ ਸੂਰਮਿਆਂ ਦੀ ਯਾਦ ਵਜੋਂ ਇੱਕ ਮਿਨਾਰ ਬਣਵਾਇਆ ਗਿਆ। ਸਮੇਂ ਦੇ ਬੀਤਣ ਨਾਲ ਇਸ ਯਾਦਗਾਰ ਦਾ ਕੁੱਝ ਕੱਟੜਪੰਥੀਆਂ ਵੱਲੋਂ ਕਾਫ਼ੀ ਨੁਕਸਾਨ ਕੀਤਾ ਗਿਆ। ਸਾਰਾਗੜ੍ਹੀ ਫਾਊਂਡੇਸ਼ਨ (1987 ਨੂੰ ਅੰਮ੍ਰਿਤਸਰ ਵਿਖੇ ਹੋਂਦ ਵਿਚ ਆਈ) ਵੱਲੋਂ ਮਾਰਚ 2017 ਵਿਚ ਇਸ ਮੀਨਾਰ ਦੀ ਦੁਬਾਰਾ ਮੁਰੰਮਤ ਕਰਵਾਕੇ 21 ਸਿੱਖਾਂ ਦੇ ਨਾਂਵਾਂ ਵਾਲੀਆਂ ਪੱਥਰ ਦੀਆਂ ਸਿੱਲ੍ਹਾਂ (ਪੰਜਾਬੀ ਅਤੇ ਉਰਦੂ ਵਿਚ) ਲਗਵਾਉਣ ਤੋਂ ਬਾਅਦ ਮੀਨਾਰ ਦੇ ਆਸ ਪਾਸ 90×47 ਫੁੱਟ ਦੇ ਰਕਬੇ ਵਿਚ 6 ਫੁੱਟ ਉੱਚੀ ਤੇ ਢਾਈ ਫੁੱਟ ਚੌੜੀ ਪੱਥਰਾਂ ਦੀ ਚਾਰ-ਦੀਵਾਰੀ ਕਰਵਾਕੇ ‘ਸਾਰਾਗੜ੍ਹੀ ਪਾਰਕ’ ਦਾ ਨਿਰਮਾਣ ਕਰਵਾਇਆ ਗਿਆ ਹੈ।

16 ਅਪ੍ਰੈਲ, 1902 ਨੂੰ ਅੰਮ੍ਰਿਤਸਰ ਵਿਖੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਦਾ ਉਦਘਾਟਨ ਕਮਾਂਡਰ-ਇਨ ਦੀ ਜਨਰਲ ਸਰ ਆਰਥਰ ਪਾਵਰ ਪਾਲਮਰ ਨੇ ਕੀਤਾ ਤੇ ਉਸ ਨੇ ਆਪਣੇ ਭਾਸ਼ਣ ਵਿਚ ਕਿਹਾ, “ਇਹ ਯਾਦਗਾਰ ਉਨ੍ਹਾਂ ਬਹਾਦਰ ਸਿੱਖ-ਸੂਰਬੀਰਾਂ ਦੀ ਹਮੇਸ਼ਾਂ ਯਾਦ ਦਿਵਾਏਗੀ, ਜਿਨ੍ਹਾਂ ਨੇ ਦੁਨੀਆਂ ਦੇ ਬਿਹਤਰੀਨ ਜੰਗਜੂ ਤੇ ਨਿਡਰ ਵਫ਼ਾਦਾਰ ਸਿਪਾਹੀ ਹੋਣ ਦਾ ਸਬੂਤ ਦਿੰਦੇ ਹੋਏ, ਹਥਿਆਰ ਸੁੱਟ ਕੇ ਆਤਮ-ਸਮਰਪਣ ਕਰਨ ਦੀ ਥਾਂ, ਹੱਸਦੇ ਹੋਏ ਆਖ਼ਰੀ ਸਾਹ ਤੱਕ ਦੁਸ਼ਮਣ ਦਾ ਅਣਖ਼ ਨਾਲ ਮੁਕਾਬਲਾ ਕਰਦੇ ਹੋਏ ਮਰਨਾ ਪ੍ਰਵਾਨ ਕੀਤਾ।” ਜਨਰਲ ਨੇ ਹੋਰ ਕਿਹਾ ਕਿ “ਇਹ ਯਾਦਗਾਰ ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਦੇ ਕੋਲ ਬਣਾਉਣ ਦਾ ਕਾਰਨ ਇਹ ਸੀ ਕਿ ਸਾਰੇ ਸਿੱਖ ਇੱਥੇ ਆਉਂਦੇ-ਜਾਂਦੇ ਵੇਖਣ ਕਿ ਬਰਤਾਨਵੀਂ ਸਾਮਰਾਜ ਸਿੱਖਾਂ ਦੀ ਬਹਾਦਰੀ ਦੀ ਹਮੇਸ਼ਾਂ ਕਦਰ ਕਰਦੀ ਹੈ ਤੇ ਰਹਿੰਦੀ ਦੁਨੀਆਂ ਤੱਕ, ਉਨ੍ਹਾਂ ਦੇ ਕੰਮਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾਵੇਗਾ।”

ਸਾਰਾਗੜ੍ਹੀ ਦੀ ਇੱਕ ਹੋਰ ਯਾਦਗਾਰ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਫ਼ਿਰੋਜ਼ਪੁਰ ਕੈਂਟ ਬਨਾਈ ਗਈ, ਜਿਸ ਦਾ ਉਦਘਾਟਨ ਜਨਵਰੀ 1904 ਨੂੰ ਸਰ ਚਾਰਲਸ ਪੇਵਜ ਨੇ ਕੀਤਾ। ਇਸ ਯਾਦਗਾਰ ਲਈ ਪਾਇਨੀਅਰ ਅਖ਼ਬਾਰ ਇਲਾਹਾਬਾਦ ਨੇ ਚੰਦਾ ਇਕੱਠਾ ਕੀਤਾ ਸੀ।

ਪਾਕਿਸਤਾਨ ਦੇ ਸੂਬਾ ਖ਼ੈਬਰ ਪਖ਼ਤੂਨਖਵਾ ਦੇ ਕਬਾਇਲੀ ਜ਼ਿਲ੍ਹਾ ਹੰਗੂ ਵਿਚਲੇ ਕਿਲ੍ਹਾ ਸਾਰਾਗੜ੍ਹੀ ਵਿਖੇ ਉੱਥੋਂ ਦੇ ਸਥਾਨਕ ਹਿੰਦੂ-ਸਿੱਖ ਭਾਈਚਾਰੇ ਵਲੋਂ ਸਾਂਝੇ ਤੌਰ ’ਤੇ ‘ਗੁਰਦੁਆਰਾ ਸਾਰਾਗੜ੍ਹੀ ਸ੍ਰੀ ਸਿੰਘ ਸਭਾ ਹੰਗੂ’ ਦੀ ਉਸਾਰੀ ਕੀਤੀ ਗਈ ਹੈ, ਜਿੱਥੇ 12 ਸਤੰਬਰ ਨੂੰ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ’ਚ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਸੰਨ 1947 ਦੇ ਬਾਅਦ ਪਹਿਲੀ ਵਾਰ ਹੰਗੂ ਵਿਖੇ ਸ਼ਹੀਦਾਂ ਦੀ ਯਾਦ ’ਚ ਗੁਰਦੁਆਰਾ ਸਥਾਪਤ ਕੀਤਾ ਗਿਆ ਹੈ। ਹੰਗੂ ’ਚ ਮੌਜੂਦਾ ਸਮੇਂ ਹਿੰਦੂ, ਸਿੱਖ ਅਤੇ ਈਸਾਈ ਭਾਈਚਾਰੇ ਦੇ ਸਿਰਫ਼ 8 ਪਰਿਵਾਰ ਰਹਿ ਰਹੇ ਹਨ। ਕਿਲ੍ਹਾ ਸਾਰਾਗੜ੍ਹੀ ਦੀਆਂ ਜਰਜਰ ਹੋ ਚੁੱਕੀਆਂ ਦੀਵਾਰਾਂ ਅੱਜ ਵੀ ਸੰਨ 1897 ਵਿਚ ਸ਼ਹੀਦ ਹੋਣ ਵਾਲੇ 21 ਬਹਾਦਰ ਸਿੱਖ ਫੌਜੀਆਂ ਦੀ ਸੂਰਬੀਰਤਾ ਦੀ ਗਵਾਹੀ ਭਰ ਰਹੀਆਂ ਹਨ।

# ਚੱਕਰਵਰਤੀ ਲੇਖਕ 'ਕੁੱਸੇ' ਦਾ ਸ਼ਿਵਚਰਨ ਜੱਗੀ

-ਪ੍ਰਿੰ. ਸਰਵਣ ਸਿੰਘ
(Punjab Mail USA)



ਸ਼ਿਵਚਰਨ ਜੱਗੀ ਸਾਡੇ ਗੁਆਂਢੀ ਪਿੰਡ 'ਕੁੱਸੇ' ਦਾ ਜੰਮਪਲ ਹੈ। ਨਾਵਲਕਾਰ ਵਜੋਂ ਉਸ ਨੇ ਆਪਣਾ ਤੇ ਕੁੱਸੇ ਦਾ ਨਾਂ ਦੂਰ-ਦੂਰ ਤੱਕ 'ਧੁੰਮਾ' ਦਿੱਤਾ ਹੈ। ਉਹਦੇ ਪਾਠਕ ਅਨੇਕਾਂ ਮੁਲਕਾਂ ਵਿਚ ਖਿਲਰੇ ਹਨ, ਜਿਨ੍ਹਾਂ ਦੀ ਗਿਣਤੀ ਲੱਖਾਂ ਵਿਚ ਹੋਵੇਗੀ। ਉਹਦੇ ਨਾਵਲ ਅਨਾਰੀ ਬੰਬਾਂ ਵਾਂਗ ਫੱਟਦੇ ਹਨ, ਜੋ ਪਾਠਕਾਂ ਦੀਆਂ ਅੱਖਾਂ ਚੁੰਧਿਆ ਦਿੰਦੇ ਹਨ। ਉਹ ਮਲਵਈ ਵਾਰਤਾਲਾਪ ਦਾ ਦਿਲਚਸਪ ਲੇਖਕ ਹੈ। ਉਸ ਦੇ ਨਾਵਲ ਤੱਤੇ ਪਕੌੜਿਆਂ ਵਾਂਗ ਵਿਕਦੇ ਨੇ। ਬੇਸ਼ੱਕ ਹੁਣ 58 ਸਾਲਾਂ ਦਾ ਬੰਦਾ ਬਣ ਗਿਐ, ਪਰ ਮੇਰੇ ਵਰਗੇ 'ਵੱਡ-ਉਮਰਿਆਂ' ਲਈ ਅਜੇ 'ਨਿਆਣਾ' ਹੀ ਹੈ। ਮੈਥੋਂ ਪੱਚੀ ਸਾਲ ਛੋਟਾ ਜੁ ਹੋਇਆ? ਨਿਆਣਿਆਂ ਨਾਲ ਵੱਡੇ ਲਾਡ-ਬਾਡੀਆਂ ਕਰ ਲੈਂਦੇ ਹਨ, ਇਸ ਲਈ ਲੱਗਦੈ ਮੇਰੀਆਂ ਗੱਲਾਂ ਦਾ ਗੁੱਸਾ ਨਹੀਂ ਕਰੇਗਾ।

ਉਹਦੀ ਬੇਬੇ ਨੇ ਪਤਾ ਨਹੀਂ ਉਹਨੂੰ ਕੀ ਖਾ ਕੇ ਜੰਮਿਆ, ਉਹ ਜੰਮਣ ਤੋਂ ਹੀ ਧੂੜਾਂ ਪੱਟੀ ਆਉਂਦੈ! ਜਿੱਧਰ ਪੈਂਦੈ, 'ਧੰਨ-ਧੰਨ' ਕਰਵਾਈ ਜਾਂਦੈ। ਨਿੱਕੀ ਉਮਰੇ ਹੀ ਉਹ ਲਿਖਣ ਲੱਗ ਪਿਆ, ਤੇ ਲਿਖ-ਲਿਖ ਨਾਵਲਾਂ, ਕਹਾਣੀਆਂ ਦੇ 'ਬੋਹਲ' ਲਾ ਦਿੱਤੇ। ਅਜੇ ਕਿਹੜਾ ਬੱਸ ਐ? ਜੁਆਕ ਨੌਈਂ ਮਹੀਨੀਂ ਜੰਮਦੈ, ਤੇ ਉਹ ਵੀ ਸਾਲ ਦੋ ਸਾਲਾਂ ਦੀ ਵਿੱਥ ਪਾ ਕੇ, ਪਰ ਉਹ ਛੇਈਂ ਮਹੀਨੀਂ ਨਵਾਂ ਨਾਵਲ 'ਜਮਾ' ਦਿੰਦੈ! ਚੌਵੀ ਨਾਵਲ, ਪੰਜ ਕਹਾਣੀ-ਸੰਗ੍ਰਹਿ, ਤਿੰਨ ਹਾਸ ਵਿਅੰਗ, ਚਾਰ ਅੰਗਰੇਜ਼ੀ ਨਾਵਲ, ਇੱਕ ਕਾਵਿ-ਸੰਗ੍ਰਹਿ ਤੇ ਇੱਕ ਨਿਬੰਧ-ਸੰਗ੍ਰਹਿ ਤਾਂ ਛਪ ਵੀ ਚੁੱਕੇ ਨੇ। ਆਹ ਲੇਖ ਛਪਦੇ ਨੂੰ ਸ਼ਾਇਦ ਇੱਕ-ਦੋ ਹੋਰ ਛਪ ਜਾਣੇ ਨੇ। ਕੀ ਕਹੀਏ ਇਹੋ ਜਿਹੇ 'ਅਸਤਰ' ਨੂੰ?

ਉਹਦਾ ਕੱਦ ਸਮੱਧਰ ਹੈ, ਚਿਹਰਾ ਚੌਰਸ ਤੇ ਅੱਖਾਂ ਮੋਟੀਆਂ। ਮੂੰਹ ਬਾਘੜ ਬਿੱਲੇ ਵਰਗਾ ਹੈ। ਮੁੱਛਾਂ ਨਿੱਕੀਆਂ, ਬੁੱਲ੍ਹ ਮੀਚਵੇਂ ਤੇ ਦਾੜ੍ਹੀ ਕਤਰਵੀਂ ਰੱਖੀ ਹੈ। ਕੁਝ ਵੀ ਹੋਵੇ, ਵੇਖਣ ਨੂੰ ਉਹ 'ਵੈਲੀ' ਵੱਧ ਲੱਗਦੈ ਤੇ ਭਲਾਮਾਣਸ ਘੱਟ। ਉਂਜ ਹੈ ਭਲਾਮਾਣਸ, ਜਿਸ ਕਰਕੇ ਅੱਜ ਤੱਕ ਕਿਸੇ ਨਾਲ ਕੋਈ ਪੰਗਾ ਲੈਂਦਾ ਨਹੀਂ ਸੁਣਿਆਂ। ਉਹਦੇ ਮੂੰਹੋਂ 'ਗੁਰੂ ਕਿਰਪਾ' ਤੇ 'ਤਵ ਪ੍ਰਸ਼ਾਦਿ' ਨਿਕਲਦਾ ਤਾਂ ਵਾਰ-ਵਾਰ ਹੈ, ਪਰ ਉਹ ਓਨਾ ਸੁਭਾਵਿਕ ਨਹੀਂ ਲੱਗਦਾ, ਜਿੰਨੀਆਂ ਉਸ ਦੀਆਂ 'ਗਾਹਲਾਂ' ਸੁਭਾਵਿਕ ਲੱਗਦੀਆਂ। ਗਾਹਲਾਂ ਦਾ ਪ੍ਰਸ਼ਾਦ ਤਾਂ ਉਹ ਆਪਣੀਆਂ ਲਿਖਤਾਂ ਵਿਚ ਵੀ ਵਰਤਾਉਣੋਂ ਨਹੀਂ ਸੰਗਦਾ। ਸ਼ਾਇਦ ਇਸੇ ਕਾਰਨ ਕਈ ਪਾਠਕ ਉਸ ਨੂੰ ਯਥਾਰਥਵਾਦੀ ਨਾਵਲਕਾਰ ਕਹਿੰਦੇ ਹਨ। ਉਹ ਆਖਦਾ ਹੈ, "ਜੇ ਉਹਦਾ ਪਾਤਰ ਹੋਵੇ ਈ ਗਾਲ੍ਹਾਂ ਕੱਢਣ ਵਾਲਾ, ਤਾਂ ਉਹ ਉਹਦੇ ਮੂੰਹੋਂ ਸ਼ਬਦ ਹਜ਼ਾਰੇ ਕਿਵੇਂ ਕਹਾ ਦੇਵੇ?"

ਜੱਗੀ ਖ਼ੁਦ ਪਿੰਡ ਦੀ ਸੱਥ ਦਾ ਸ਼ਿੰਗਾਰ ਰਿਹਾ ਹੈ। ਦਿਲਚਸਪ ਟੋਟਕੇ ਸੁਣਾਉਣ ਵਾਲਾ। ਉਹਦੀਆਂ ਗੱਲਾਂ ਖਿੜੇ ਅਮਲੀਆਂ ਵਰਗੀਆਂ ਹਨ। ਪੰਜਾਬ ਦੇ ਠਾਣਿਆਂ ਵਿਚ ਕਈ ਪੁਲਸੀਏ ਆਇਆਂ ਗਿਆਂ ਦਾ 'ਸਵਾਗਤ' ਮਾਂ ਭੈਣ ਦੀਆਂ 'ਫਿਲੌਰੀ ਗਾਲ੍ਹਾਂ' ਨਾਲ ਕਰਦੇ ਹਨ, ਤੇ ਇਹੋ ਕੁਝ ਫਿਰ ਠਾਣਿਓਂ 'ਸਿੱਖਿਆ' ਲੈਣ ਵਾਲੇ ਕਰਨ ਲੱਗ ਜਾਂਦੇ ਹਨ। ਜੱਗੀ ਠਾਣੇ ਜਾ ਕੇ ਈ ਇਹ ਸਾਰਾ ਕੁਛ ਸਿੱਖਿਆ। ਸਕੂਲ 'ਚ ਪੜ੍ਹਦਿਆਂ ਉਹਨੇ ਕਿੱਥੋਂ ਸਿੱਖ ਲੈਣਾ ਸੀ? ਪੁਲਸੀਆਂ ਤੇ ਵੈਲੀਆਂ ਬਦਮਾਸ਼ਾਂ ਦੀਆਂ ਗਾਲ੍ਹਾਂ ਨਾਲ ਉਹਦੇ ਨਾਵਲਾਂ ਦੇ ਪਾਤਰ ਜਿਊਂਦੇ ਜਾਗਦੇ ਲੱਗਦੇ ਹਨ। ਉਹਦੇ ਨਾਵਲਾਂ ਦੀ ਕਸ਼ਿਸ਼ ਉਹਦੇ ਕਰਾਰੇ ਸੰਵਾਦਾਂ ਵਿਚ ਹੈ। ਗਾਲ੍ਹ-ਮੰਦੇ ਨਾਲ ਰੰਗੇ ਬੋਲਾਂ ਵਿਚ।

ਉਹ ਪੀਣ ਖਾਣ ਵਾਲਿਆਂ ਦੀ ਮਹਿਫ਼ਲ, ਤੇ ਠਾਣਿਆਂ ਦੀ ਕੁੱਟ ਦੇ ਦ੍ਰਿਸ਼ ਬੜੇ ਜਾਨਦਾਰ ਚਿਤਰਦਾ ਹੈ। ਦਾਰੂ ਦੇ ਨਸ਼ੇ, ਆਸ਼ਕਾਂ ਦੇ ਇਸ਼ਕ, ਕਾਮੁਕ ਛੇੜ-ਛਾੜ, ਛੜੇ ਛਾਂਟਾਂ ਦੀ ਜਿਣਸੀ ਭੁੱਖ, ਅਣਖੀ ਬੰਦਿਆਂ ਦੀ ਨਾਬਰੀ, ਬਦਲੇ 'ਚ ਕਤਲ, ਪੁਲਸੀਆਂ ਦੀਆਂ ਗਾਲ੍ਹਾਂ ਤੇ ਤਸ਼ੱਦਦ, ਮਾਰ ਧਾੜ ਤੇ ਬਲਾਤਕਾਰ ਦੇ ਦ੍ਰਿਸ਼ ਅਜਿਹੇ ਨੁਸਖੇ ਹਨ, ਜੋ ਉਹ ਆਪਣੇ ਨਾਵਲਾਂ ਵਿਚ ਆਮ ਵਰਤਦੈ। ਉਹਦਾ ਹਰ ਨਾਵਲ ਜਾਸੂਸੀ ਨਾਵਲ ਵਾਂਗ ਪੜ੍ਹਿਆ ਜਾਂਦੈ। ਵਿਚੋਂ ਕੁਛ ਨਿਕਲੇ ਭਾਵੇਂ ਨਾ ਨਿਕਲੇ, ਪਰ ਪੜ੍ਹ ਕੇ ਸੁਆਦ ਆ ਜਾਂਦੈ। ਇਹੋ ਕਾਰਨ ਹੈ ਕਿ ਉਹ ਬਹੁਤ ਵੱਡੀ ਗਿਣਤੀ ਵਿਚ ਪੜ੍ਹਿਆ ਜਾ ਰਿਹੈ। ਉਹਦੀ ਲਿਖਤ ਉਤੇ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਤੋਂ ਲੈ ਕੇ ਬੂਟਾ ਸਿੰਘ ਸ਼ਾਦ ਦੇ ਨਾਵਲਾਂ ਤੱਕ ਦਾ ਰੰਗ ਸਾਫ਼ ਦਿਸਦੈ।

ਪਹਿਲਾਂ ਉਹਦੀ ਲਿਖਤ ਦਾ ਰੰਗ ਹੀ ਵੇਖੀਏ। ਪੁਲਿਸ ਦਾ ਤਸ਼ੱਦਦ ਉਹ ਇਉਂ ਦਿਖਾਉਂਦੈ:

ਧੱਤੂ ਅਤੇ ਸੱਤ ਹੋਰ ਸਿਪਾਹੀਆਂ ਨੇ ਪੀੜਾਂ ਗਰਾਸੇ ਸੁੱਖੀ ਹੋਰੀਂ 'ਬੁੱਚੜਖਾਨੇ' ਵਿਚ ਘੜ੍ਹੀਸ ਲਏ। ਊਠ ਜਿੱਡਾ ਧੱਤੂ ਨਿਰਾ ਦੈਂਤ ਨਜ਼ਰ ਆਉਂਦਾ ਸੀ। ਦੇਸੀ ਦਾਰੂ ਦੀ ਪੂਰੀ ਬੋਤਲ ਡਕਾਰ ਕੇ ਉਹ ਮੁਜ਼ਰਮ ਦੁਆਲੇ ਹੁੰਦਾ ਤਾਂ ਕਹਿੰਦੇ ਕਹਾਉਂਦੇ ਬਦਮਾਸ਼ ਉਹਦੇ ਅੱਗੇ ਬਹੁੜੀਆਂ ਘੱਤ ਜਾਂਦੇ। ਜਦ ਉਹ ਇੱਕ ਲੱਤ 'ਤੇ ਲੱਤ ਧਰ ਕੇ ਦੂਜੀ ਨੂੰ ਉਪਰ ਉਗਾਸ ਕੇ ਮੁਜ਼ਰਮ ਦੇ ਚੱਡੇ ਪਾੜਦਾ ਤਾਂ ਨਾਲ ਦੀ ਨਾਲ ਕਹਿੰਦਾ, "ਲੈ ਬਈ ਮਿੱਤਰਾ, ਜਦੋਂ ਜੁਗਨੀ ਕਲਕੱਤੇ ਪਹੁੰਚਣ ਲੱਗੀ ਤਾਂ ਆਪੇ ਈ ਬੋਲ ਪਈਂ, ਮੈਂ ਹੁਣ ਕੁਛ ਨਹੀਂ ਬੋਲਣਾ।" ਥੋੜ੍ਹ-ਦਿਲੇ ਤਾਂ ਝੱਟ ਹੀ ਮਿਆਂਕ ਉਠਦੇ।

ਉਹ ਬੋਹੜ ਵਾਂਗ ਫੈਲਰਿਆ ਸੁੱਖੀ ਹੋਰਾਂ ਦੁਆਲੇ ਖੜ੍ਹਾ ਸੀ, "ਲਓ ਬਈ ਮਿੱਤਰੋ ਹੁਣ ਕਸ ਲਓ ਯ਼ਾਂਘੀਏ। ਮੈਂ ਥੋਨੂੰ ਆਖ਼ਰੀ ਵਾਰ ਦੋਸਤਾਂ ਵਾਂਗੂੰ ਬੋਲਣ ਦਾ ਮੌਕਾ ਦਿੰਨੈਂ। ਫੇਰ ਨਾ ਆਖਿਓ ਬਈ ਦੱਸਿਆ ਨਹੀਂ। ਜੇ ਕੁਛ ਦੱਸਣੈ ਤਾਂ ਹੁਣੇ ਦੱਸ ਦਿਓ, ਫੇਰ ਅੱਧੇ ਕੁ ਘੰਟੇ ਨੂੰ ਤਾਂ ਮੈਨੂੰ ਸੁਣਨਾ ਬੰਦ ਹੋ ਜਾਣੈ!" ਦਾਰੂ ਦੀ ਬੋਤਲ ਮੂੰਹ ਲਾ ਕੇ ਉਸ ਨੇ ਅੱਧੀ ਸੂਤ ਧਰੀ, ਅਤੇ ਫਿਰ ਵੱਡਾ ਸਾਰਾ ਡਕਾਰ ਮਾਰਿਆ। ਲਾਹਣ ਦੀ ਬੂਅ ਦੂਰ-ਦੂਰ ਤੱਕ ਫੈਲ ਗਈ। ਲੂੰਬੜ ਦੀ ਪੂਛ ਜਿੱਡੀਆਂ ਮੁੱਛਾਂ ਤੋਂ ਦਾਰੂ ਦੇ ਛਿੱਟੇ ਸਪਰੇਅ ਵਾਂਗ ਦੂਰ-ਦੂਰ ਤੱਕ ਬੁੜ੍ਹਕੇ।

-"ਪਹਿਲਾਂ ਤੂੰ ਆ ਬਈ ਪ੍ਰੋਫੈਸਰਾ, ਤੂੰ ਦੇਖ ਹੁਣ ਸਾਡੀ ਪੜ੍ਹਾਈ ਦੇ ਰੰਗ। ਅਸੀਂ ਸਵੇਰ ਤੱਕ ਬੀ.ਏ. ਪਾਸ ਕਰਵਾ ਕੇ ਛੱਡਦੇ ਐਂ।" ਧੱਤੂ ਨੇ ਪ੍ਰੋਫੈਸਰ ਨੂੰ ਅਲਫ਼ ਨੰਗਾ ਕਰ ਲਿਆ। ਲੱਤਾਂ, ਬਾਹਾਂ ਅਤੇ ਅੱਖਾਂ ਬੰਨ੍ਹ ਕੇ ਉਸ ਨੂੰ ਇਕੱਲੀਆਂ ਬਾਹਾਂ ਆਸਰੇ ਛੱਤ ਨਾਲ ਟੰਗ ਦਿੱਤਾ। ਪ੍ਰੋਫੈਸਰ ਦੇ ਮੌਢਿਆਂ ਦੇ ਜੜਾਕੇ ਪੈਣ ਲੱਗ ਪਏ ਅਤੇ ਅੱਖਾਂ ਅੱਗੇ ਹਨ੍ਹੇਰ ਛਾ ਗਿਆ। ਸੁੱਖੀ ਦਾ ਇਸ ਤੋਂ ਵੀ ਬੁਰਾ ਹਾਲ ਸੀ। ਉਹ ਅੱਖਾਂ ਅਤੇ ਪੈਰ ਨਰੜ ਕੇ ਮੂਧਾ ਸੁੱਟਿਆ ਹੋਇਆ ਸੀ। ਦੋਵੇਂ ਹੱਥਾਂ 'ਤੇ ਖੁਰੀਆਂ ਵਾਲੇ ਬੂਟਾਂ ਸਮੇਤ ਪੁਲਸੀਏ ਚੜ੍ਹੇ ਹੋਏ ਸਨ। ਇੱਕ ਸਿਪਾਹੀ ਵਾਲ ਖਿੱਚੀ ਖੜ੍ਹਾ ਸੀ ਅਤੇ ਧੱਤੂ ਖੁੱਚਾਂ ਵਿਚਕਾਰ ਘੋਟਣਾ ਰੱਖ ਕੇ ਲੱਤਾਂ ਬੜੀ ਤਾਕਤ ਨਾਲ ਮੋੜੀ ਜਾ ਰਿਹਾ ਸੀ। ਸੁੱਖੀ ਦਾ ਸਰੀਰ ਜਿਵੇਂ ਘੁਲਾੜੀ ਵਿਚ ਦਿੱਤਾ ਹੋਇਆ ਸੀ। ਉਸ ਦਾ ਸਾਰਾ ਪਿੰਡਾ ਮੁੜ੍ਹਕੇ ਨਾਲ 'ਤਰ' ਸੀ। ਪੀੜ ਸਿੱਧੀ ਦਿਲ ਨੂੰ ਜਾਂਦੀ ਸੀ।

ਲਾਲੀ ਦੀਆਂ ਲੱਤਾਂ ਦਾ 'ਐਂਗਲ' ਬਣਾ ਕੇ ਪੁੱਠਾ ਟੰਗਿਆ ਹੋਇਆ ਸੀ। ਗੁਪਤ ਅੰਗਾਂ 'ਤੇ ਬਿਜਲੀ ਦਾ ਕਰੰਟ ਲਾਇਆ ਜਾ ਰਿਹਾ ਸੀ। ਉਸ ਦੇ ਕੇਸ ਪਸੀਨੇ ਨਾਲ ਨੁੱਚੜ ਰਹੇ ਸਨ। ਲਗਾਤਾਰ ਡੰਡਾ ਉਸ ਦੇ ਗੋਡਿਆਂ 'ਤੇ ਵਰ੍ਹ ਰਿਹਾ ਸੀ। ਗੱਲ ਕੀ ਸਾਰੇ ਮੱਛੀਓਂ ਮਾਸ ਕੀਤੇ ਜਾ ਰਹੇ ਸਨ। ਧੱਤੂ ਨੇ ਬੋਤਲ ਜੜ੍ਹੀਂ ਲਾ ਕੇ ਤਿੰਨਾਂ ਨੂੰ ਹੀ ਬਿਜਲੀ ਦੇ 'ਸ਼ਾਟ' ਲਾਉਣੇ ਸ਼ੁਰੂ ਕਰ ਦਿੱਤੇ। ਸਾਰੇ ਨਿਢਾਲ ਸਨ। ਸ਼ਾਟ ਲੱਗਣ ਨਾਲ ਨਿਰਬਲ ਸਰੀਰ ਇੱਕ ਵਾਰ ਹੀ ਕੱਟੀਂਦੇ ਬੱਕਰੇ ਵਾਂਗ ਹਰਕਤ ਕਰਦੇ ਅਤੇ ਫਿਰ ਲੁੜਕ ਜਾਂਦੇ।

ਬੇਹੋਸ਼ ਹੋਏ ਪ੍ਰੋਫੈਸਰ ਨੂੰ ਰੱਸੇ ਨਾਲੋਂ ਲਾਹ ਕੇ ਹੇਠਾਂ ਸੁੱਟ ਦਿੱਤਾ। ਛਾਤੀ ਦੀਆਂ ਨਸਾਂ ਖਿੱਚੀਆਂ ਜਾਣ ਕਾਰਨ ਉਸ ਦੇ ਮੂੰਹ 'ਚੋਂ ਖ਼ੂਨ ਤੁਰ ਪਿਆ ਸੀ। ਦਾੜ੍ਹੀ ਖ਼ੂਨ ਨਾਲ ਭਿੱਜ ਗਈ ਸੀ। ਜਦ ਪ੍ਰੋਫੈਸਰ ਨੂੰ ਹੋਸ਼ ਆਈ ਤਾਂ ਉਸ ਨੂੰ ਫਿਰ ਟੰਗ ਦਿੱਤਾ ਗਿਆ। ਹੁਣ ਮੂੰਹ ਦੇ ਨਾਲ ਨੱਕੋਂ ਵੀ ਲਹੂ ਵਗ ਪਿਆ ਸੀ।

ਸਵੇਰ ਦੇ ਚਾਰ ਵਜੇ ਤੱਕ ਲਗਾਤਾਰ ਕਸਾਖਾਨਾ ਜਾਰੀ ਰਿਹਾ। ਪੰਜ ਵਜੇ ਧੱਤੂ ਤਿੰਨਾਂ ਤੋਂ ਕੋਰੇ ਕਾਗਜ਼ ਉਤੇ ਦਸਤਖ਼ਤ ਕਰਵਾਉਣ ਵਿਚ ਕਾਮਯਾਬ ਹੋ ਗਿਆ। ਪੋਰੀ-ਪੋਰੀ ਭੰਨੇ ਸੁੱਖੀ ਹੋਰੀਂ ਫਿਰ ਅੰਦਰ ਲਿਆ ਸੁੱਟੇ। ਉਨ੍ਹਾਂ ਦਾ ਇਤਨਾ ਬੁਰਾ ਹਾਲ ਸੀ ਕਿ ਮੂੰਹੋਂ ਦਰਦ ਭਰੀ 'ਹੂੰਗਰ' ਵੀ ਨਹੀਂ ਸੀ ਨਿਕਲਦੀ।

ਤਸ਼ੱਦਦ ਦਾ ਇੱਕ ਹੋਰ ਦ੍ਰਿਸ਼:

ਬਲਤੇਜ ਦਾ ਇੱਕ ਪੱਟ, ਤਕਰੀਬਨ ਅੱਧਾ ਫੁੱਟ ਪਾੜ ਕੇ ਵਿਚ ਲਾਲ ਮਿਰਚਾਂ ਪਾ ਕੇ ਮੁੜ ਸਿਓਂ ਦਿੱਤਾ ਗਿਆ ਸੀ। ਗੁਰਜੀਤ ਦੇ ਦੋਨੋਂ ਹੱਥਾਂ ਅਤੇ ਪੈਰਾਂ ਦੇ ਨਹੁੰ ਜਮੂਰਾਂ ਨਾਲ ਖਿੱਚ ਦਿੱਤੇ ਗਏ ਸਨ। ਬਾਬੇ ਦਾ ਡਰਾਈਵਰ ਡਾਂਗਾਂ ਨਾਲ ਪਿੰਜਿਆ ਜਾ ਰਿਹਾ ਸੀ। ਲਹੂ-ਲੁਹਾਨ ਜ਼ਖ਼ਮਾਂ ਉਪਰ ਸਾਰੀ ਰਾਤ ਡੰਡਾ ਵਰ੍ਹਦਾ ਰਹਿੰਦਾ ਸੀ। ਪੀੜਾਂ ਦੇ ਪਰੋਏ ਉਹ ਫਿਰ ਵੀ ਟੱਸ ਤੋਂ ਮੱਸ ਨਹੀਂ ਹੋਏ ਸਨ। ਅੱਧ-ਮਰੇ ਮੁੰਡਿਆਂ ਨੂੰ ਆਪਣਾ ਅੰਤ ਨਜ਼ਦੀਕ ਆ ਰਿਹਾ ਪ੍ਰਤੀਤ ਹੁੰਦਾ ਸੀ। ਉਨ੍ਹਾਂ ਨੂੰ ਸਾਥੀਆਂ ਦੇ ਟਿਕਾਣਿਆਂ ਅਤੇ ਅਸਲੇ ਦੀ ਆਮਦ ਬਾਰੇ ਪੁੱਛਿਆ ਜਾ ਰਿਹਾ ਸੀ। ਪਰ ਕਿਸੇ ਨੇ ਕੋਈ ਗੱਲ ਪੱਲੇ ਨਹੀਂ ਪਾਈ ਸੀ।

ਇੱਕ ਰਾਤ ਠਾਣੇਦਾਰ ਕਿੱਕਰ ਸਿੰਘ ਨੇ ਬਾਬੇ ਦੇ ਡਰਾਈਵਰ ਨੂੰ ਬਾਹਰ ਕੱਢ ਲਿਆ। ਡਰਾਈਵਰ ਦਾ ਪਹਿਲਾਂ ਹੀ ਬੁਰਾ ਹਾਲ ਸੀ। ਸਹਾਰੇ ਬਗ਼ੈਰ ਉਹ ਖੜ੍ਹ ਵੀ ਨਹੀਂ ਸੀ ਸਕਦਾ। ਤੁਰਿਆ ਤਾਂ ਕੀ ਜਾ ਸਕਣਾ ਸੀ? ਬਲਤੇਜ ਹੋਰਾਂ ਨੂੰ ਵੀ ਨਾਲ ਹੀ ਘੜੀਸ ਲਿਆ। ਸਾਹਮਣੇ ਦੋ ਜੀਪਾਂ ਖੜ੍ਹੀਆਂ ਸਨ। ਬਲਤੇਜ ਦੇ ਫੱਟ ਦਿਮਾਗ ਵਿਚ ਆਇਆ ਕਿ ਜ਼ਾਲਮ ਅੱਜ ਲਾਜ਼ਮੀ ਮੁਕਾਬਲਾ ਬਣਾਉਣਗੇ। ਡਰਾਈਵਰ ਦੀਆਂ ਦੋਨੋਂ ਲੱਤਾਂ ਰੱਸਿਆਂ ਨਾਲ ਬੰਨ੍ਹ ਕੇ ਦੋਹਾਂ ਜੀਪਾਂ ਨਾਲ ਰੱਸੇ ਬੰਨ੍ਹ ਦਿੱਤੇ ਗਏ...।

ਠਾਣੇਦਾਰ ਕਿੱਕਰ ਸਿੰਘ ਬੜਾ 'ਕੱਬਾ' ਅਤੇ 'ਅੜਬ' ਮੰਨਿਆ ਜਾਂਦਾ ਸੀ। ਇਕਬਾਲੀਆ ਬਿਆਨ ਲੈਣ ਵੇਲੇ ਮੰਨੇ-ਤੰਨੇ ਬਦਮਾਸ਼ ਉਸ ਦੇ ਸਪੁਰਦ ਕੀਤੇ ਜਾਂਦੇ ਸਨ। ਪਰ ਅੱਜ ਉਸ ਤੋਂ ਕੱਲ੍ਹ ਦੇ ਛੋਕਰੇ ਲੋਟ ਨਹੀਂ ਆ ਰਹੇ ਸਨ? ਇਹ ਉਸ ਦਾ ਕਰੜਾ ਇਮਤਿਹਾਨ ਸੀ।

-"ਤੁਸੀਂ ਬੋਲਦੇ ਨਹੀਂ ਓਏ? ਮੈਂ ਕੁੱਤਾ ਐਂ ਜਿਹੜਾ ਐਨੇ ਦਿਨਾਂ ਦਾ ਭੌਂਕੀ ਜਾਨੈਂ?" ਠਾਣੇਦਾਰ ਨੇ ਬਲਤੇਜ ਹੋਰਾਂ ਨੂੰ ਡਾਂਗ ਲੈ ਕੇ ਪਾਗ਼ਲਾਂ ਵਾਂਗ ਕੁੱਟਣਾ ਸ਼ੁਰੂ ਕਰ ਦਿੱਤਾ। ਮੁੰਡਿਆਂ ਦੇ ਪਾੜੇ ਸਰੀਰ ਲਾਟਾਂ ਵਾਂਗ ਮੱਚਣ ਲੱਗ ਪਏ। ਪੀੜ ਦੀ ਲਾਟ ਸਿੱਧੀ ਦਿਲ ਨੂੰ ਜਾਂਦੀ ਸੀ। ਪਰ ਉਨ੍ਹਾਂ ਨੇ ਚੁੱਪ ਨਾ ਤੋੜੀ। ਠਾਣੇਦਾਰ ਭੂਸਰੇ ਸਾਹਨ ਵਾਂਗ ਡਰਾਈਵਰ ਵੱਲ ਨੂੰ ਮੁੜਿਆ, "ਇਹਨੂੰ ਭੈਣ ਚੋਦ ਨੂੰ ਦੋ-ਫਾੜ ਕਰ ਦਿਓ।" ਉਸ ਨੇ ਔਰੰਗਜ਼ੇਬੀ ਹੁਕਮ ਦਿੱਤਾ। ਹੁਕਮ ਤਾਮੀਲ ਕੀਤਾ ਗਿਆ। ਦੋਨੋਂ ਜੀਪਾਂ ਵੱਖ-ਵੱਖ ਦਿਸ਼ਾਵਾਂ ਵੱਲ ਬੜੀ ਤੇਜ਼ੀ ਨਾਲ ਦੌੜੀਆਂ ਅਤੇ ਸਖ਼ਤ ਫੱਟੜ ਡਰਾਈਵਰ ਵਿਚਾਲਿਓਂ 'ਪਾੜ' ਦਿੱਤਾ ਗਿਆ। ਜ਼ਿੰਦਾ! ਉਸ ਦੀ ਆਖ਼ਰੀ ਭਿਆਨਕ ਚੀਕ ਮੂੰਹ ਅੰਦਰ ਹੀ ਮਰ ਗਈ। ਦੋ-ਫਾੜ ਹੋਇਆ ਸਰੀਰ ਤੜਫੀ ਜਾ ਰਿਹਾ ਸੀ। ਲਹੂ ਦਾ ਛੱਪੜ ਲੱਗ ਗਿਆ। ਹਿਰਦੇ-ਵੇਧਕ ਦ੍ਰਿਸ਼ ਵੇਖ ਕੇ ਬਲਤੇਜ ਹੋਰਾਂ ਦੀ ਰੂਹ ਕੰਬ ਉੱਠੀ। ਉਨ੍ਹਾਂ ਸਾਹਮਣੇ ਬਲੀ ਸ਼ਹੀਦ ਭਾਈ ਮਤੀ ਦਾਸ ਦੁਬਾਰਾ ਆਰੇ ਨਾਲ ਚੀਰਿਆ ਗਿਆ ਸੀ। ਪੁਰਾਤਨ ਇਤਿਹਾਸ ਫਿਰ ਦੁਹਰਾਇਆ ਗਿਆ ਸੀ। ਬਲਤੇਜ ਨੂੰ ਪਤਾ ਨਹੀਂ ਕੀ ਸੁੱਝਿਆ? ਉਸ ਨੇ ਉੱਠ ਕੇ ਠਾਣੇਦਾਰ ਦੇ ਨੱਕ 'ਤੇ ਮੁੱਕੀ ਮਾਰੀ। ਨੱਕ ਵਿਚੋਂ ਲਹੂ ਤੁਰ ਪਿਆ। ਠਾਣੇਦਾਰ ਨੇ ਪਿਸਟਲ ਦਾ ਸਾਰਾ ਮੈਗਜ਼ੀਨ ਬਲਤੇਜ 'ਤੇ ਖਾਲੀ ਕਰ ਦਿੱਤਾ। ਟਿਕੀ ਰਾਤ ਵਿਚ ਜਨੌਰਾਂ ਨੇ ਹਾਲ-ਦੁਹਾਈ ਮਚਾ ਦਿੱਤੀ। ਬਲਤੇਜ ਧਰਤੀ 'ਤੇ ਢੇਰੀ ਹੋ ਗਿਆ। ਇੱਕੋ ਸਾਹ ਚੱਲੀਆਂ ਗੋਲੀਆਂ ਨੇ ਕਹਿਰ ਵਰ੍ਹਾਅ ਦਿੱਤਾ ਸੀ। ਬਲਤੇਜ ਦੀ ਛਾਤੀ ਭਰਾੜ ਹੋ ਗਈ ਸੀ। ਹਿੱਕੋਂ ਲਹੂ ਖਾਲ ਵਾਂਗ ਵਗੀ ਜਾ ਰਿਹਾ ਸੀ।...

ਅਜਿਹੇ ਵਰਣਨ ਵਿਚ ਹਿੰਸਕ ਫਿਲਮਾਂ ਵਾਲੀ ਖਿੱਚ ਹੁੰਦੀ ਹੈ। ਫਿਲਮਾਂ ਵਿਚ ਮਾਰ-ਧਾੜ ਵੀ ਇਸੇ ਲਈ ਕਰਾਈ ਜਾਂਦੀ ਹੈ ਕਿ ਦਰਸ਼ਕ ਸਕਤੇ ਵਿਚ ਆਏ ਰਹਿਣ। ਜੱਗੀ ਕੁੱਸੇ ਦੇ ਨਾਵਲ ਪੜ੍ਹਦਿਆਂ ਵੀ ਪਾਠਕ ਸਕਤੇ ਵਿਚ ਆ ਜਾਂਦੇ ਹਨ। ਉਹ ਜਾਣਬੁੱਝ ਕੇ ਆਸ਼ਕੀ ਵਾਰਤਾਲਾਪ, ਤੇ ਤਸ਼ੱਦਦ ਦੇ ਦ੍ਰਿਸ਼ ਆਪਣੀ ਗਲਪ ਵਿਚ ਲਿਆਉਂਦਾ ਹੈ, ਤਾਂ ਕਿ ਉਹਦੀ ਲਿਖਤ ਪਾਠਕਾਂ ਨੂੰ ਧੂਹ ਪਾਈ ਰੱਖੇ। ਉਹ ਅਨੇਕਾਂ ਪਾਤਰਾਂ ਨੂੰ 'ਤੀਵੀਆਂ ਦੇ ਭੁੱਖੇ' ਦਰਸਾਉਂਦਾ ਹੈ, ਜੋ ਕਾਫੀ ਹੱਦ ਤੱਕ 'ਹਕੀਕਤ' ਹੈ। ਉਨ੍ਹਾਂ ਦੀ ਵਾਰਤਾਲਾਪ ਵੀ ਪਾਠਕਾਂ ਨੂੰ ਬੰਨ੍ਹੀ ਰੱਖਦੀ ਹੈ। ਨਮੂਨਾ ਵੇਖੋ:

ਅਗਲੇ ਦਿਨ ਦੁਪਹਿਰ ਨੂੰ ਠਾਣੇਦਾਰ ਆਪਣੇ ਲਾਮ ਲਸ਼ਕਰ ਨਾਲ ਕਰਨਲ ਦੀ ਕੋਠੀ ਆ ਗਿਆ। ਕੁੱਕੜਾਂ ਦੀਆਂ ਧੌਣਾਂ ਮਰੋੜੀਆਂ ਗਈਆਂ, ਬੋਤਲਾਂ ਖੁੱਲ੍ਹ ਗਈਆਂ। ਕਮਲੇ ਹੋਏ ਸਿਪਾਹੀ ਲਾਹਣ ਧੂੰਹਦੇ ਰਹੇ। ਕਰਨਲ ਤੇ ਠਾਣੇਦਾਰ ਇੱਕ ਵੱਖਰੇ ਕਮਰੇ ਵਿਚ ਬੈਠੇ ਪੀ ਰਹੇ ਸਨ।

ਦਾਰੂ ਪੀਂਦਿਆਂ ਅਤੇ ਕੁੱਕੜ ਚੱਬਦਿਆਂ ਉਨ੍ਹਾਂ ਨੂੰ ਸ਼ਾਮ ਦੇ ਚਾਰ ਵੱਜ ਗਏ।

-"ਯਾਰ ਕਰਨਲ ਕਹਿੰਦੈ ਪਰਲੀ ਕੋਠੀ 'ਚ ਬੁੜ੍ਹੀਐਂ। ਕਿਸੇ ਦੇ ਦਰਸ਼ਣ ਈ ਪਾ ਲਈਏ?" ਇੱਕ ਸ਼ਰਾਬੀ ਸਿਪਾਹੀ ਨੇ ਢਿਲਕੀ ਹੋਈ ਮੁੱਛ ਉਂਗਲ ਦੇ ਹੋੜੇ ਨਾਲ ਉਪਰ ਚੁੱਕ ਕੇ ਦੂਜੇ ਸਿਪਾਹੀ ਨੂੰ ਕਿਹਾ।

-"ਫੌਜਣਾਂ ਤਾਂ ਹੁੰਦੀਆਂ ਵੀ ਭੜ੍ਹਾਕੇ ਅਰਗੀਐਂ।" ਦੂਜੇ ਨੇ ਛਲਕਦਾ ਗਿਲਾਸ ਮੇਜ਼ 'ਤੇ ਰੱਖ ਦਿੱਤਾ ਅਤੇ ਕੁੱਕੜ ਦੀ ਵੱਡੀ ਸਾਰੀ ਲੱਤ ਮੂੰਹ ਵਿਚ ਦੇ ਲਈ। ਉਹ ਹੱਡਾਂ ਰੋੜੀ ਦੇ ਕੁੱਤੇ ਵਾਂਗ ਟੰਗ ਨੂੰ ਚੂੰਡ ਰਿਹਾ ਸੀ।



-"ਕਿਹੜਾ ਸਾਰੀ ਉਮਰ ਕੋਈ ਕੰਮ ਕੀਤਾ ਹੁੰਦੈ? ਡੱਕਾ ਤੋੜ ਕੇ ਦੂਹਰਾ ਨਹੀਂ ਕਰਦੀਆਂ।" ਤੀਜਾ ਬੋਲਿਆ।

-"ਫੌਜੀ ਨੇ ਛਿਮਾਹੀ ਗੇੜਾ ਮਾਰਨਾ ਹੁੰਦੈ, ਆਏ ਨਾਲ ਫਿਰ ਮੱਲ ਵਾਂਗ ਮਿਕਦੀਐਂ।"

-"ਸਾਡੇ ਆਲੀਆਂ ਸਾਲੀਆਂ ਸਾਰੀ ਦਿਹਾੜੀ ਗੋਹੇ-ਕੂੜੇ 'ਚ ਰੁਲੀਆਂ ਰਹਿੰਦੀਐਂ, ਤੇ ਰਾਤ ਨੂੰ ਸੁੱਖ ਨਾਲ ਮਾਈ ਦੇ ਲਾਲ ਯੱਕੇ ਆ ਜੋੜਦੇ ਐ।" ਇੱਕ ਨੇ ਟੰਗ ਚੂਸ ਕੇ ਹੱਡ ਦੂਰ ਵਗਾਹ ਮਾਇਆ। ਮੂੰਹ ਪੂੰਝ ਕੇ ਉਹ 'ਖੀਂ-ਖੀਂ' ਕਰ ਕੇ ਹੱਸਿਆ।

-"ਮੇਰੇ ਆਲੀ ਤਾਂ ਯਾਰ ਭੈਣ ਦੇਣੀ ਮੌਲੜ ਜੀ ਹੋ ਗਈ।" ਇੱਕ ਦਾ ਨਸ਼ਾ ਖੋਟਾ ਹੋ ਗਿਆ।

-"ਕੁਛ ਨੀ ਹੋਇਆ, ਡੰਡ ਕੱਢਦੀ ਫਿਰਦੀ ਐ! ਜੇ ਤੂੰ ਟੱਸ ਫੜੇਂ, ਤਾਂ ਮੈਂ ਸ਼ਰਤ ਕਰਦੈਂ ਚਾਰ ਜੁਆਕ ਹੋਰ ਜੰਮ ਦੇਵੇ!" ਸਾਰੇ ਹੱਸ ਪਏ।

-"ਗੱਲਾਂ ਕੀ ਕਰਦਾ ਸਾਲਾ ਚਗਲ, ਤੂੰ ਮੇਰੀ ਖੇਡ ਜਿਹੀ ਵੀ ਖਰਾਬ ਕਰਨੀ ਐਂ?"

-"ਖੇਡ ਖਰਾਬ ਕਾਹਦੀ? ਤੀਵੀਂ ਤਾਂ ਸਾਲੀ ਉਪਜਾਊ ਜ਼ਮੀਨ ਵਰਗੀ ਹੁੰਦੀ ਐ, ਜਿੰਨੀ ਵਾਹੋ ਓਨੀ ਫਲਦੀ ਐ।"

-"ਮੇਰੇ ਆਲੀ ਸਾਲੀ ਊਂ ਕੱਬੀ ਐ, ਉਤੇ ਹੱਥ ਰੱਖ ਲਵਾਂ, ਤਾਂ ਸੂਈ ਕੁੱਤੀ ਮਾਂਗੂੰ ਵੱਢਣ ਆਉਂਦੀ ਐ।"

-"ਯਾਰ ਇੱਕ ਹੈਰਾਨੀ ਦੀ ਗੱਲ ਐ।"

-"ਕੀ...?" ਸਾਰਿਆਂ ਨੇ ਗਿੱਦੜ ਵਾਂਗ ਉਧਰ ਨੂੰ ਮੂੰਹ ਉਗਾਸ ਲਏ।

-"ਵੱਡੇ-ਵੱਡੇ ਬਦਮਾਸ਼ਾਂ ਨੂੰ ਝੱਟ ਸਿੱਧੇ ਕਰ ਲਈਦੈ, ਕੁੜੀ ਚੋਦ ਦੀਆਂ ਖਲਪਾੜਾਂ ਅਰਗੀਆਂ ਤੀਮੀਆਂ ਲੋਟ ਨਹੀਂ ਆਉਂਦੀਆਂ।" ਪਹਿਲੇ ਦੀ ਮੁੱਛ ਫਿਰ ਢਿਲਕ ਗਈ।

-"ਆਪਾਂ ਸਾਰੇ ਤੀਮੀਆਂ ਛੱਡ ਕੇ ਰਖੇਲਾਂ ਰੱਖੋ। ਘਰ ਆਲੀਆਂ ਨੂੰ ਮਾਰ-ਮਾਰ ਫਿੱਡੇ, ਪੇਕੀਂ ਵਾੜੋ।" ਇੱਕ ਦਾਰੂ ਦੇ ਸਰੂਰ ਵਿਚ ਮੁੱਛਾਂ ਨੂੰ ਠੋਲ੍ਹੇ ਮਾਰੀ ਜਾ ਰਿਹਾ ਸੀ।

-"ਇਹ ਠੀਕ ਐ।"

-"ਆਪੇ ਪੇਕਿਆਂ ਤੋਂ ਛਿੱਤਰ ਖਾ ਕੇ ਰਿੰਗਦੀਆਂ ਆਉਣਗੀਆਂ।"

-"ਸਾਲੇ ਪੇਕੇ ਕਿਤੇ ਸਰਕਾਰੀ ਹਥਿਆਰ ਮਾਂਗੂੰ ਸਾਂਭ ਕੇ ਨਾ ਬਿਠਾ ਲੈਣ, ਰੋਟੀਓਂ ਵੀ ਜਾਈਏ।" ਇੱਕ ਨੇ ਡਰ ਦੱਸਿਆ।

-"ਇਓਂ ਸਾਂਭ ਲੈਣਗੇ, ਖੇਡ ਐ? ਮਸਾਂ ਤਾਂ ਅਗਲਾ ਕੁੜੀ ਨੂੰ ਵਿਆਹ ਕੇ ਘਰੋਂ ਦਫ਼ਾ ਕਰਦੈ।"

-"ਤੇਰੇ ਆਲੀ ਬਿੱਲੋ ਦਾ ਕੀ ਹਾਲ ਐ?"

-"ਅੱਠੋ-ਅੱਠ ਮਾਰਦੀ ਐ।"

-"ਮੁੱਛਾਂ ਕੱਢੀ ਬੈਠੈਂ ਅਰਲੀ ਅਰਗੀਆਂ। ਤੈਥੋਂ ਸਾਲਿਆ ਕੱਦੂ-ਵੇਚ ਜੁਗਾੜੂ ਈ ਲੋਟ ਨੀ ਆਇਆ?" ਤੀਜੇ ਦੀਆਂ ਅੱਖਾਂ ਵਿਚ ਨਸ਼ਾ ਡੋਲ ਰਿਹਾ ਸੀ। ਉਹ ਬੁੱਕਲ਼ ਵਿਚ ਬੋਤਲ ਨੂੰ ਜੁਆਕ ਵਾਂਗ ਫੜੀ ਬੈਠਾ ਸੀ।

-"ਇਹ ਤਾਂ ਯਾਰ ਸਰਾਸਰ ਧੱਕੈ! ਇੱਕ ਅਗਲੇ ਦੀ ਤੀਵੀਂ ਵਰਤਣੀ, ਤੇ ਦੂਜਾ ਉਪਰੋਂ ਅਗਲੀ ਦੇ ਬੰਦੇ ਨੂੰ ਤਾੜਾਂ ਮਾਰਨੀਆਂ, ਇਹ ਕਿੱਥੇ ਲਿਖਿਐ?"

-"ਇਹ ਲਿਖਿਐ ਆਪਣੀ ਪੁਲਿਸ ਆਲਿਆਂ ਦੀ ਕਿਤਾਬ 'ਚ। ਆਪਾਂ ਕਦੇ ਤਾਜ਼ੀਰਾਤੇ ਹਿੰਦ ਦੇ ਵਿਧਾਨ ਮਗਰ ਗਏ ਐਂ? ਆਬਦੀ ਈ ਚਲਾਉਂਦੇ ਐਂ।"

-"ਝੂਠੇ ਮੁਕਾਬਲੇ 'ਚ ਬੰਦਾ ਮਾਰਨਾ ਕਿਹੜੇ ਪਿਉ ਆਲੀ ਕਿਤਾਬ 'ਚ ਲਿਖਿਐ? ਬੇਕਸੂਰਾਂ ਨੂੰ ਅੱਤਵਾਦੀ ਆਖ-ਆਖ ਮਾਰੀ ਜਾਨੇ ਐਂ।" ਇੱਕ ਨੇ ਦਾਰੂ ਦੀ ਲੋਰ ਵਿਚ ਸੱਚ ਉਗਲਿਆ।

-"ਚੁੱਪ ਕਰ ਓਏ ਭੈਣ ਦਿਆ ਖਸਮਾ! ਪੀ ਕੇ ਘੁੱਟ ਲਾਹਣ, ਕੁੱਤੇ ਮਾਂਗੂੰ ਭੌਂਕਣ ਲੱਗ ਪਿਐਂ।"

-"ਓਏ ਤੂੰ ਕਿਵੇਂ ਝਾਕਦੈਂ? ਜਿਵੇਂ ਫੌਜਣ ਡਾਕੀਏ ਵੱਲ ਝਾਕਦੀ ਹੁੰਦੀ ਐ?" ਪਹਿਲੇ ਨੇ ਚੌਥੇ ਸਿਪਾਹੀ ਨੂੰ ਕਿਹਾ ਤਾਂ 'ਫੌਜਣ' ਦੇ ਨਾਂ ਉਤੇ ਸਾਰਿਆਂ ਨੇ ਕੰਨ ਚੁੱਕੇ।

-"ਓਏ ਸਾਲਿਓ! ਫੌਜਣ ਦੇ ਦਰਸ਼ਨ ਤਾਂ ਵਿਚੇ ਈ ਰਹਿ ਚੱਲੇ ਸੀ, ਸਾਲੇ ਹੋਰ ਈ ਗੱਲਾਂ ਛੇੜ ਕੇ ਬਹਿ ਗਏ।"

-"ਕੁਛ ਨਹੀਂ ਮਿਲਣਾ, ਖੁੱਦੋ ਫਰੋਲੀ ਲੀਰਾਂ ਈ ਨਿਕਲਣਗੀਆਂ।"

-"ਭੌਰ ਭੁੱਖੇ ਵਾਸ਼ਨਾ ਦੇ, ਫੁੱਲ ਤੋੜ ਕੇ ਕਦੇ ਨਹੀਂ ਖਾਂਦੇ।"

-"ਤੁਸੀਂ ਭੌਰ ਐਂ? ਤੁਸੀਂ ਤਾਂ ਬਘਿਆੜ ਐਂ।"

-"ਯਾਰ ਪਹਿਲਾਂ ਐਹਨੂੰ ਤਾਂ ਸਿੱਧਾ ਕਰ ਲਈਏ? ਲਾ ਕੇ ਮੁਫ਼ਤੀ ਦੀ ਘੁੱਟ ਮੂੰਹ ਨੂੰ, ਕੇਰਾਂ ਈ ਮਹਾਤਮਾ ਬੁੱਧ ਬਣਿਆ ਬੈਠੈ।"

-"ਮੈਂ ਮੱਥੇ 'ਚ ਇੱਟ ਮਾਰ ਕੇ ਟੀਕ ਵੀ ਚਲਾ ਦਿਊਂ।" ਉਸ ਨੇ ਦੁਰਮਟ ਵਰਗਾ ਪੈਰ ਧਰਤੀ 'ਤੇ ਮਾਰਿਆ।

-"ਤੇਰੀ...ਵੀ ਕੁੱਟਾਂਗੇ।"

-"ਚੱਲ ਯਾਰ ਕਰੀਏ ਬੇਗੋ ਨਾਰ ਦੇ ਦੀਦਾਰੇ, ਇਹਦੇ ਨਾਲ ਕਿਉਂ ਜਿਦੀ ਜਾਨੈਂ? ਉਹ ਤਾਂ ਸ਼ਰਾਬੀ ਐ, ਤੂੰ ਤਾਂ ਚੰਗਾ ਭਲਾ ਐਂ।" ਪਹਿਲੇ ਸਿਪਾਹੀ ਨੇ ਬੋਤਲ ਵਿਚੋਂ ਮੱਕੀ ਦਾ ਗੁੱਲ ਖਿੱਚਦਿਆਂ ਕਿਹਾ।

ਤਿੰਨੇ ਸ਼ਰਾਬੀ ਹੋਏ ਬਲਦ ਮੂਤਣੀਆਂ ਪਾਉਂਦੇ ਅੱਗੜ-ਪਿੱਛੜ ਹੋ ਤੁਰੇ। ਚੌਥਾ ਬੈਠਾ ਰਿਹਾ।

ਇੱਕ ਸਿਪਾਹੀ ਨੇ ਵਿਚਕਾਰਲਾ ਦਰਵਾਜ਼ਾ ਖੜਕਾਇਆ। ਦਰਵਾਜ਼ੇ ਕੋਲ ਖੜ੍ਹਾ ਉਹ ਬਲਦ ਵਾਂਗ ਝੂਲ ਰਿਹਾ ਸੀ।

ਦਰਵਾਜ਼ਾ ਲਾਲੀ ਨੇ ਖੋਲ੍ਹਿਆ। ਪੁਲਿਸ ਆਈ ਦੀ ਉਸ ਨੂੰ ਅਗਾਊਂ ਹੀ ਖ਼ਬਰ ਸੀ। ਦਿਲਬਾਗ਼, ਪ੍ਰੋਫੈਸਰ, ਪ੍ਰਗਟ ਤੇ ਸੁੱਖੀ ਅੰਦਰ ਸੁੱਤੇ ਪਏ ਸਨ।

-"ਕੀ ਗੱਲ ਐ ਬਾਈ ਜੀ?" ਲਾਲੀ ਅੱਧ ਖੁੱਲ੍ਹੇ ਦਰਵਾਜ਼ੇ ਵਿਚ ਅੜਿਆ ਜਿਹਾ ਖੜ੍ਹਾ ਸੀ।

"ਮੂਤਣੈਂ...।" ਸਿਪਾਹੀ ਨੇ ਦਰਵਾਜ਼ਾ ਧੱਕ ਕੇ ਵਿਹੜੇ ਵਿਚ 'ਘੁਸਣ' ਦੀ ਕੋਸ਼ਿਸ਼ ਕੀਤੀ।

"ਬਾਥ ਰੂਮ ਬਾਈ ਜੀ ਔਧਰ ਐ।" ਲਾਲੀ ਨੇ ਦਰਵਾਜ਼ਾ ਰੋਕਿਆ ਹੋਇਆ ਸੀ।

-"ਤੂੰ ਕੌਣ ਐਂ ਓਏ?"

-"ਮੈਂ ਬਾਈ ਜੀ ਕਰਨਲ ਸਾਹਬ ਦਾ ਸੀਰੀ ਐਂ।"

-"ਅਸੀਂ ਪਤਾ ਕੌਣ ਹੁੰਨੇ ਐਂ?"

-"ਤੁਸੀਂ ਬਾਈ ਜੀ ਪੁਲਿਸ ਆਲੇ ਹੁੰਨੇ ਐਂ।"

-"ਪਰ੍ਹੇ ਹਟ ਸਾਲਾ ਕੁੱਤੇ ਦਾ, ਅਸੀਂ ਕਰਨਲ ਦੇ ਮਹਿਮਾਨ ਐਂ। ਤੂੰ ਸਾਨੂੰ ਰੋਕਦੈਂ?"

-"ਪਰ ਬਾਈ ਜੀ ਇੱਧਰ ਤਾਂ ਬੁੜ੍ਹੀਆਂ ਰਹਿੰਦੀਐਂ, ਤੁਸੀਂ ਔਧਰ ਈ ਪਿਸ਼ਾਬ ਕਰ ਲਵੋ।"

ਲਾਲੀ ਨੂੰ ਖੁੜਕ ਗਈ ਸੀ ਕਿ ਇਹ ਸ਼ਰਾਬੀ ਹੋਏ ਮਾਰੇ ਜਾਣਗੇ ਅਤੇ ਠੋਸ 'ਟਿਕਾਣਾ' ਹੱਥੋਂ ਜਾਂਦਾ ਲੱਗੇਗਾ। ਇਸ ਲਈ ਉਹ ਬੜੀ ਸੂਝ ਤੇ ਨਰਮਾਈ ਨਾਲ ਗੱਲ ਮੁੱਠੀ ਵਿਚ ਲੈਣ ਦੀ ਕੋਸ਼ਿਸ਼ ਕਰ ਰਿਹਾ ਸੀ।

-"ਮਾਰ ਖਾਂ ਮੇਰੇ ਸਾਲ਼ੇ ਦੇ ਦੋ ਗੱਤਲੇ 'ਚ।" ਦੂਸਰਾ ਸਿਪਾਹੀ ਦਰਵਾਜ਼ੇ ਨੂੰ ਧੱਕਾ ਦੇ ਕੇ ਵਿਹੜੇ ਵਿਚ ਆ ਗਿਆ। ਉਹਦੀਆਂ ਰੱਤੀਆਂ ਅੱਖਾਂ 'ਬੇਗੋਨਾਰ' ਦੀ ਭਾਲ ਵਿਚ 'ਘੁਕੀ' ਜਾ ਰਹੀਆਂ ਸਨ।

-"ਤੂੰ ਤਾਂ ਹਰਾਮਦਿਆ ਕਹਿੰਦਾ ਸੀ ਅੰਦਰ ਬੁੜ੍ਹੀਐਂ, ਇੱਥੇ ਤਾਂ ਕੋਈ ਵੀ ਨਹੀਂ।" ਇੱਕ ਨੇ ਲਾਲੀ ਦੇ ਚਪੇੜ ਮਾਰੀ, ਤਾਂ ਲਾਲੀ ਦਾ ਰੋਹ ਭੜਕ ਪਿਆ। ਉਸ ਨੇ ਹਨ੍ਹੇਰੀ ਵਾਂਗ ਦਰਵਾਜ਼ੇ ਦੀ ਅਰਲ ਬੰਦ ਕਰ ਦਿੱਤੀ ਅਤੇ ਸੁੱਖੀ ਹੋਰਾਂ ਨੂੰ ਜਗਾਇਆ। ਸਾਰਿਆਂ ਨੇ ਅਸਾਲਟਾਂ ਧੂਹ ਲਈਆਂ।

"ਕੀ ਗੱਲ ਐ ਓਏ ਭੈਣ ਦਿਆ ਖਸਮਾਂ ਆਬਦੀ ਦਿਆ?" ਪੈਂਦੀ ਸੱਟੇ ਸੁੱਖੀ ਨੇ ਸਿਪਾਹੀ ਦੇ ਥੱਪੜ ਜੜ ਦਿੱਤੇ।

ਸਿਪਾਹੀ ਭੂਸਰ ਗਿਆ, "ਲਿਆ ਓਏ ਦਲੀਪ ਅਸਲਾ ਚੁੱਕ ਕੇ, ਇਹਦੀ ਮਾਂ ਦੀ...।" ਅਜੇ ਗਾਲ੍ਹ ਸਿਪਾਹੀ ਦੇ ਮੂੰਹ ਵਿਚ ਹੀ ਸੀ ਕਿ ਸੁੱਖੀ ਨੇ ਬੰਦੇ ਖਾਣੀ ਦਾ ਮੂੰਹ ਖੋਲ੍ਹ ਦਿੱਤਾ। ਬਰੱਸਟ ਤਿੰਨਾਂ ਵਿਚ ਦੀ ਲੰਘ ਗਿਆ। ਤਿੰਨੇ ਸਿਪਾਹੀ ਭਰਾੜ ਹੋ ਗਏ। ਵਿਹੜੇ ਦੇ ਫਰਸ਼ 'ਤੇ ਖ਼ੂਨ ਦਾ ਛੱਪੜ ਲੱਗ ਗਿਆ।...

ਸੰਵਾਦਾਂ ਦਾ ਐਸਾ ਅੰਦਾਜ਼ ਹੈ ਸ਼ਿਵਚਰਨ ਜੱਗੀ ਦੇ ਨਾਵਲਾਂ ਦਾ।

ਗੱਲ ਕਰਦੇ ਹਾਂ ਹੁਣ ਪਿੰਡ ਕੁੱਸੇ ਦੀ। ਕੁੱਸਾ ਗੁੰਮਨਾਮ ਪਿੰਡ ਸੀ, ਜਿਸ ਨੂੰ ਉਥੋਂ ਦੇ ਲੇਖਕਾਂ ਨੇ ਮਸ਼ਹੂਰ ਕੀਤਾ। ਓਮ ਪ੍ਰਕਾਸ਼ ਕੁੱਸਾ ਅਤੇ ਕਰਮਜੀਤ ਸਿੰਘ ਕੁੱਸਾ ਵੀ ਏਸੇ ਪਿੰਡ ਦੇ ਜੰਮਪਲ ਸਨ। ਇੱਕ ਪਾਵੇਲ ਕੁੱਸਾ ਹੈ, ਜੋ ਅਗਾਂਹਵਧੂ ਨੌਜੁਆਨ ਹੈ। ਜਿਸ ਦਾ ਅਖ਼ਬਾਰਾਂ ਵਿਚ ਜ਼ਿਕਰ ਹੁੰਦਾ ਰਹਿੰਦੈ। ਪਿੰਡ ਕੁੱਸਾ ਹੁਣ ਹੋਰ ਵੀ ਕਈਆਂ ਗੱਲਾਂ ਕਰਕੇ ਪ੍ਰਸਿੱਧ ਹੋ ਗਿਐ। ਭਾਅ ਜੀ ਗੁਰਸ਼ਰਨ ਸਿੰਘ ਨਾਟਕਕਾਰ ਤੇ ਰੰਗ-ਮੰਚ ਕਲਾਕਾਰ ਦਾ ਲੋਕ ਸਨਮਾਨ ਇਸੇ ਪਿੰਡ ਵਿਚ ਬਹੁਤ ਵੱਡੀ ਪੱਧਰ 'ਤੇ ਹੋਇਆ ਸੀ, ਜਿਸ ਵਿਚ ਹਜ਼ਾਰਾਂ ਲੋਕ ਸ਼ਾਮਲ ਹੋਏ ਸਨ। ਕੁੱਸੇ ਦੇ ਕੁਝ ਕਬੱਡੀ ਖਿਡਾਰੀਆਂ ਨੇ ਵੀ ਕੁੱਸਾ ਲੋਕਾਂ ਦੇ ਮੂੰਹ ਚੜ੍ਹਾਇਆ। ਰਹਿੰਦੀ ਕਸਰ ਹੁਣ ਜੱਗੀ ਕੁੱਸਾ ਕੱਢੀ ਜਾ ਰਿਹੈ। ਉਸ ਨੇ ਪ੍ਰਦੇਸ ਵਸਦਿਆਂ ਆਪਣੇ ਪਿੰਡ ਦਾ ਮੋਹ ਇੰਜ ਪੇਸ਼ ਕੀਤਾ ਹੈ:

-ਵਤਨ ਜਾਂਦਿਆਂ ਰਾਹੀਆ! ਮੇਰੇ ਪਿੰਡ ਨੂੰ ਮੇਰਾ ਸਲਾਮ ਆਖੀਂ!!

ਤੇ ਆਖੀਂ ਮੇਰੇ ਪਿੰਡ ਦੀ ਪਵਿੱਤਰ ਮਾਂ-ਮਿੱਟੀ ਨੂੰ
ਤੇਰੀ ਨਿੱਘੀ ਗੋਦ ਪਲਿਆ ਤੇਰਾ ਪੁੱਤਰ
ਸਰਘੀ ਵੇਲੇ ਹਰ ਰੋਜ਼ ਤੈਨੂੰ ਸਜਦਾ ਕਰਦੈ!!!
ਰੱਬ ਕਰੇ ਤੇਰੇ ਵੱਲੋਂ ਸਦਾ ਠੰਢੀਆਂ ਹਵਾਵਾਂ ਹੀ ਆਉਣ!...

ਮੇਰੇ ਬਚਪਨ 'ਚ ਪਿੰਡ ਕੁੱਸੇ ਨੂੰ ਬਹੁਤੇ ਲੋਕ ਨਹੀਂ ਸਨ ਜਾਣਦੇ। ਓਦੋਂ ਜ਼ਿਲ੍ਹਾ ਫ਼ਿਰੋਜ਼ਪੁਰ ਦਾ ਇਹ ਛੇਕੜਲਾ ਪਿੰਡ ਸੀ। ਸਾਡਾ ਪਿੰਡ ਚਕਰ ਵੀ ਲੁਧਿਆਣੇ ਜ਼ਿਲ੍ਹੇ ਦਾ ਅਖੀਰਲਾ ਪਿੰਡ ਹੈ, ਜਿਸ ਦੀ ਜੂਹ ਕੁੱਸੇ ਨਾਲ ਲੱਗਦੀ ਹੈ। ਚਾਰ ਕੁ ਕਿਲੋਮੀਟਰ ਦਾ ਫਾਸਲਾ ਹੈ ਦੋਹਾਂ ਪਿੰਡਾਂ ਵਿਚਕਾਰ। ਅਸੀਂ ਡੰਗਰ ਚਾਰਦੇ ਕੁੱਸੇ ਦੀ ਜੂਹ ਵਿਚ ਜਾ ਵੜਦੇ ਸਾਂ। ਕੁੱਸਾ ਫ਼ਿਰੋਜ਼ਪੁਰ ਤੋਂ ਬਾਅਦ, ਜ਼ਿਲ੍ਹਾ ਫ਼ਰੀਦਕੋਟ ਦਾ ਪਿੰਡ ਬਣਿਆ ਤੇ ਹੁਣ ਜ਼ਿਲ੍ਹੇ ਮੋਗੇ ਦਾ ਪਿੰਡ ਹੈ। ਮੋਗਾ-ਬਰਨਾਲਾ ਸੜਕ ਉਤੇ ਪਿੰਡ ਬੌਡੇ ਅਤੇ ਲੁਹਾਰਾ ਆਉਂਦੇ ਹਨ। ਦੋਹਾਂ ਪਿੰਡਾਂ ਤੋਂ ਕੁੱਸਾ ਦੋ ਕਿਲੋਮੀਟਰ ਚੜ੍ਹਦੇ ਪਾਸੇ ਹੈ। ਉਹਦੇ ਉੱਤਰ ਵੱਲ ਪਿੰਡ ਮੀਨੀਆਂ ਹੈ, ਚੜ੍ਹਦੇ ਵੱਲ ਚਕਰ ਤੇ ਦੱਖਣ ਵੱਲ ਰਾਮਾ। ਤਖ਼ਤੂਪੁਰਾ ਪੰਜ ਕੁ ਕਿਲੋਮੀਟਰ ਪੱਛਮ ਵੱਲ ਹੈ।

ਮੇਰੇ ਬਚਪਨ ਦੀਆਂ ਯਾਦਾਂ ਵਿਚ ਤਖ਼ਤੂਪੁਰੇ ਦਾ ਮੇਲਾ ਬੜਾ ਡੂੰਘਾ ਸਮਾਇਆ ਹੋਇਐ। ਨਿੱਕੇ ਹੁੰਦੇ ਅਸੀਂ ਖੀਸਿਆਂ 'ਚ ਭਾਨ ਪਾ ਕੇ ਮਾਘੀ ਦਾ ਮੇਲਾ ਵੇਖਣ ਤਖ਼ਤੂਪੁਰੇ ਜਾਂਦੇ। ਮੇਲਾ ਵੇਖਣ ਦੇ ਚਾਅ ਵਿਚ ਸਾਡੇ ਹਾਸੇ ਛਣਕਦੇ, ਤੇ ਖੀਸਿਆਂ 'ਚ ਭਾਨ ਛਣਕਦੀ। ਘਰੋਂ ਤੁਰਦਿਆਂ ਰਾਹ 'ਚ ਚੀਮੇਆਣੇ ਦਾ ਖੂਹ ਆਉਂਦਾ, ਜਿੱਥੇ ਸਾਡੇ ਖੇਤ ਸਨ। ਉਹ ਖੂਹ ਕੁੱਸੇ ਨੂੰ ਜਾਣ ਵਾਲੇ ਰਾਹ ਦੇ ਨੇੜੇ ਸੀ, ਜਿਥੇ ਅਸੀਂ ਗੰਨੇ ਚੂਪਦੇ ਤੇ ਬੇਰੀਆਂ ਤੋਂ ਬੇਰ ਲਾਹੁੰਦੇ। ਫਿਰ ਡੰਡੀ ਪੈ ਕੇ ਕੁੱਸੇ ਤੇ ਲੁਹਾਰੇ ਦੇ ਦੱਖਣ ਵੱਲ ਦੀ ਪੰਜ ਕੋਹ ਦੂਰ ਤਖ਼ਤੂਪੁਰੇ ਪੁੱਜਦੇ। ਕੁੱਸੇ ਤੇ ਲੁਹਾਰੇ ਦੇ ਚੁੱਲ੍ਹਿਆਂ 'ਚੋਂ ਉਠਦਾ ਧੂੰਆਂ ਬਨੇਰਿਆਂ 'ਤੇ ਚੜ੍ਹਦਾ ਦਿਸਦਾ। ਹਰੀਆਂ ਕਚਾਰ ਕਣਕਾਂ ਵਿਚ ਅਗੇਤੀਆਂ ਸਰ੍ਹਵਾਂ ਦੇ ਪੀਲੇ ਫੁੱਲ ਖਿੜੇ ਦਿਸਦੇ। ਕਮਾਦਾਂ ਦੇ ਖੇਤ ਹੁਲਾਰੇ ਮਾਰਦੇ। ਹਿਰਨਾਂ ਦੀਆਂ ਡਾਰਾਂ ਦੌੜਦੀਆਂ ਦਿਸਦੀਆਂ ਤੇ ਸਹੇ ਟਪੂਸੀਆਂ ਮਾਰਦੇ, ਲੁੱਕਣ ਮੀਟੀ ਖੇਡਦੇ ਨਜ਼ਰੀਂ ਪੈਂਦੇ। ਓਦੋਂ ਨਹੀਂ ਸੀ ਪਤਾ ਕਿ ਇਸ ਆਲੇ ਦੁਆਲੇ ਵਾਲੇ ਪਿੰਡ ਕੁੱਸੇ 'ਚ ਚੋਟੀ ਦੇ ਨਾਵਲਕਾਰ ਜੰਮਣਗੇ।

ਸ਼ਿਵਚਰਨ ਜੱਗੀ ਦਾ ਜਨਮ ਮਾਤਾ ਗੁਰਨਾਮ ਕੌਰ ਦੀ ਕੁੱਖੋਂ ਪੰਡਤ ਬ੍ਰਹਮਾ ਨੰਦ ਦੇ ਘਰ 1 ਅਕਤੂਬਰ, 1965 ਨੂੰ ਹੋਇਆ। ਉਨ੍ਹਾਂ ਦਿਨਾਂ ਵਿਚ 5 ਸਤੰਬਰ ਤੋਂ 18 ਸਤੰਬਰ ਤੱਕ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਹੋ ਕੇ ਹਟੀ ਸੀ। ਹਵਾਈ ਜਹਾਜ਼ਾਂ ਦੀਆਂ ਆਵਾਜ਼ਾਂ ਉਸ ਨੇ ਮਾਂ ਦੇ ਪੇਟ ਵਿਚ ਸੁਣੀਆਂ ਹੋਣਗੀਆਂ। ਜੱਗੀ ਨੇ ਪ੍ਰਾਇਮਰੀ ਦੀ ਪੜ੍ਹਾਈ ਕੁੱਸੇ ਦੇ ਸਕੂਲ 'ਚੋਂ ਕੀਤੀ, ਤੇ ਦਸਵੀਂ ਤੱਕ ਤਖ਼ਤੂਪੁਰੇ ਦੇ ਖ਼ਾਲਸਾ ਹਾਈ ਸਕੂਲ ਵਿਚ ਪੜ੍ਹਿਆ। ਪੜ੍ਹਾਈ ਵਿਚ ਨਾ ਉਹ ਬਹੁਤਾ ਹੁਸ਼ਿਆਰ ਸੀ, ਤੇ ਨਾ ਕਮਜ਼ੋਰ। ਬਚਪਨ ਵਿਚ ਪੜ੍ਹਾਈ ਦੇ ਨਾਲ ਮਾਲ ਡੰਗਰ ਚਾਰਨ ਤੇ ਖੇਤੀਬਾੜੀ ਦੇ ਕੰਮ ਵਿਚ ਹੱਥ ਵਟਾਉਣ ਦਾ ਤਜ਼ਰਬਾ ਹੁੰਦਾ ਗਿਆ। ਇਹੋ ਕਾਰਨ ਹੈ ਕਿ ਉਹ ਆਪਣੀਆਂ ਲਿਖਤਾਂ ਵਿਚ ਪੇਂਡੂ ਤੇ ਕਿਰਸਾਣੀ ਜੀਵਨ ਨੂੰ ਸ਼ਿੱਦਤ ਨਾਲ ਚਿਤਰ ਸਕਿਆ ਹੈ।

ਦਸਵੀਂ ਕਰ ਕੇ ਉਹ ਡੀ.ਐੱਮ. ਕਾਲਜ ਮੋਗੇ ਵਿਚ ਪੜ੍ਹਨ ਲੱਗਾ ਸੀ ਕਿ ਪਿੰਡਾਂ ਵਿਚ ਪੁਲਿਸ ਦੇ ਛਾਪੇ ਪੈਣ ਲੱਗੇ। ਗਰਮ ਖ਼ਿਆਲੀ ਹੋਣ ਅਤੇ ਪੀ.ਐੱਸ.ਯੂ. ਦੇ ਸਟੇਜੀ ਡਰਾਮਿਆਂ ਵਿਚ 'ਨਕਸਲਵਾੜੀਏ' ਦਾ ਰੋਲ ਕਰਨ ਕਾਰਨ ਜੱਗੀ ਕੁੱਸਾ ਦੀ ਵੀ 'ਪੁੱਛ-ਗਿੱਛ' ਹੋਣ ਲੱਗੀ। ਮਾਪਿਆਂ ਦਾ 'ਕੱਲਾ ਪੁੱਤ ਹੋਣ ਕਾਰਨ ਘਰਦਿਆਂ ਨੂੰ ਵੱਧ ਫ਼ਿਕਰ ਹੋਇਆ ਕਿ ਹੋਰਨਾਂ ਕਾਲਜੀਏਟਾਂ ਵਾਂਗ ਉਹਨੂੰ ਵੀ ਪੁਲੀਸ ਨਾ 'ਵਲ੍ਹੇਟ' ਲਵੇ। ਦੋ ਵਾਰ ਉਹ ਠਾਣੇ ਦੇ 'ਦਰਸ਼ਨ' ਕਰ ਵੀ ਆਇਆ ਤੇ ਪੁਲਸੀਆਂ ਦੀ ਬੋਲਬਾਣੀ ਵੀ ਸਿੱਖ ਗਿਆ। ਮਾਪਿਆਂ ਨੇ ਜੱਗੀ ਨੂੰ ਵਿਦੇਸ਼ ਭੇਜਣ ਵਿਚ ਹੀ ਬਚਾਅ ਸਮਝਿਆ। ਕਾਲਜ ਦੀ ਪੜ੍ਹਾਈ ਵਿਚੇ ਛੁਡਵਾ ਕੇ ਉਸ ਨੂੰ 2 ਅਕਤੂਬਰ, 1983 ਨੂੰ ਗੋਰਿਆਂ ਦੇ ਅੱਤ ਖ਼ੂਬਸੂਰਤ ਮੁਲਕ ਆਸਟਰੀਆ ਪੁਚਾ ਦਿੱਤਾ।

ਤਦ ਤੱਕ ਉਹਦੀ ਉਮਰ ਭਾਵੇਂ 18 ਸਾਲ ਦੀ ਹੀ ਸੀ, ਪਰ ਉਹ ਕਵਿਤਾ ਕਹਾਣੀ ਨੂੰ ਮੂੰਹ ਮਾਰਨ ਲੱਗ ਪਿਆ ਸੀ। ਚੜ੍ਹਦੀ ਜੁਆਨੀ ਵਿਚ ਪਿੰਡ, ਪੰਜਾਬ ਅਤੇ ਕਿਸੇ 'ਸ਼ੋਖ਼ ਚਿਹਰੇ' ਦੇ ਵਿਛੋੜੇ ਨੇ ਉਹਦੇ ਮਨ ਵਿਚ ਵਤਨ ਦੀ ਤੜਪ ਵਧਾ ਦਿੱਤੀ। ਉਹ ਪੰਜਾਬ ਤੋਂ ਪੰਜਾਬੀ ਦੀਆਂ ਕਿਤਾਬਾਂ, ਖ਼ਾਸ ਕਰ ਕੇ ਨਾਵਲ ਮੰਗਵਾ ਕੇ ਪੜ੍ਹਨ ਲੱਗਾ। ਕੁੱਸੇ ਰਹਿੰਦਿਆਂ ਉਹ ਕਰਮਜੀਤ ਕੁੱਸਾ, ਗੁਰਦਿਆਲ ਸਿੰਘ, ਜਸਵੰਤ ਸਿੰਘ ਕੰਵਲ ਤੇ ਬੂਟਾ ਸਿੰਘ ਸ਼ਾਦ ਦੇ ਨਾਵਲ ਪੜ੍ਹ ਚੁੱਕਾ ਸੀ। ਸ਼ਾਦ ਦੇ ਨਾਵਲ 'ਕੁੱਤਿਆਂ ਵਾਲੇ ਸਰਦਾਰ' ਤੋਂ ਉਹ ਵਧੇਰੇ ਪ੍ਰਭਾਵਿਤ ਹੋਇਆ। ਆਸਟਰੀਆ ਦੇ ਸ਼ਹਿਰ ਸਾਲਜ਼ਬਰਗ ਵਿਚ ਰਹਿੰਦਿਆਂ ਉਸ ਨੇ ਕੰਪਿਊਟਰ ਦੀ ਪੜ੍ਹਾਈ ਕੀਤੀ ਤੇ ਕੰਪਿਊਟਰ ਮਾਹਿਰ ਬਣਨ ਦੇ ਨਾਲ ਜਰਮਨ ਭਾਸ਼ਾ ਵੀ ਸਿੱਖ ਗਿਆ। ਅੰਗਰੇਜ਼ੀ ਤਾਂ ਉਸ ਨੇ ਪੰਜਾਬ ਵਿਚ ਹੀ ਸਿੱਖ ਲਈ ਸੀ। ਆਸਟਰੀਆ ਵਿਚ ਜਰਮਨ ਭਾਸ਼ਾ ਵੀ ਸਿੱਖ ਲਈ। ਆਪਣੀ ਲਿਆਕਤ ਨਾਲ ਉਹ ਆਸਟਰੀਅਨ ਅਤੇ ਜਰਮਨ ਬਾਰਡਰ ਪੁਲਿਸ ਵਿਚ ਇੱਕ ਅਹਿਮ ਅਹੁਦੇ 'ਤੇ ਜਾ ਲੱਗਿਆ। ਇਸ ਸਭ ਕਾਸੇ ਨੇ ਉਸ ਨੂੰ ਗਲੋਬਲੀ ਜਾਣਕਾਰੀ ਨਾਲ ਲੈਸ ਕਰ ਦਿੱਤਾ। ਉਸ ਨੇ ਪਹਿਲਾ ਨਾਵਲ 'ਜੱਟ ਵੱਢਿਆ ਬੋਹੜ ਦੀ ਛਾਂਵੇਂ' ਲਿਖਿਆ, ਜੋ ਪਾਠਕਾਂ ਦੇ ਪਸੰਦ ਆ ਗਿਆ, ਤੇ ਫਿਰ ਚੱਲ ਸੋ ਚੱਲ ਹੋ ਗਈ...।

ਉਸ ਨੇ ਆਪਣੇ ਨਾਵਲਾਂ ਦੇ ਨਾਂ ਆਮ ਬੋਲਚਾਲ ਵਿਚ ਮਕਬੂਲ ਲੋਕੋਕਤੀਆਂ, ਲੋਕ ਗੀਤਾਂ, ਕਾਵਿ ਪੰਗਤੀਆਂ ਤੇ ਗੁਰਬਾਣੀ ਦੀਆਂ ਟੂਕਾਂ 'ਤੇ ਰੱਖੇ, ਜੋ ਲੋਕਾਂ ਦੇ ਮੂੰਹ ਚੜ੍ਹਦੇ ਗਏ ਅਤੇ ਜੱਗੀ ਕੁੱਸਾ ਸਟਾਰ ਨਾਵਲਕਾਰ ਵਜੋਂ ਉੱਭਰ ਕੇ ਸਾਹਮਣੇ ਆਇਆ। ਮਿਸਾਲ ਵਜੋਂ ਏਤੀ ਮਾਰ ਪਈ ਕੁਰਲਾਣੇ, ਤਵੀ ਤੋਂ ਤਲਵਾਰ ਤੱਕ, ਊਠਾਂ ਵਾਲੇ ਬਲੋਚ, ਲੱਗੀ ਵਾਲੇ ਕਦੇ ਨਾ ਸੌਂਦੇ, ਰਾਜੇ ਸ਼ੀਂਹ ਮੁਕੱਦਮ ਕੁੱਤੇ, ਪੁਰਜਾ ਪੁਰਜਾ ਕਟਿ ਮਰੈ, ਹਾਜੀ ਲੋਕ ਮੱਕੇ ਨੂੰ ਜਾਂਦੇ, ਗੋਰਖ ਦਾ ਟਿੱਲਾ, ਉੱਜੜ ਗਏ ਗਰਾਂ, ਕੁੱਲੀ ਨੀ ਫ਼ਕੀਰ ਦੀ ਵਿੱਚੋਂ, ਬਾਗ਼ੀ ਕੋਹੀਂ ਬਲਦਾ ਦੀਵਾ, ਕੋਈ ਲੱਭੋ ਸੰਤ ਸਿਪਾਹੀ ਨੂੰ, ਬਾਝ ਭਰਾਵੋਂ ਮਾਰਿਆ, ਅੱਖੀਆਂ 'ਚ ਤੂੰ ਵਸਦਾ, ਰੂਹ ਲੈ ਗਿਆ ਦਿਲਾਂ ਦਾ ਜਾਨੀ, ਸੱਚ ਆਖਾਂ ਤਾਂ ਭਾਂਬੜ ਮੱਚਦਾ, ਡਾਚੀ ਵਾਲਿਆ ਮੋੜ ਮੁਹਾਰ ਵੇ, ਬੋਦੀ ਵਾਲਾ ਤਾਰਾ ਚੜ੍ਹਿਆ, ਇੱਕ ਮੇਰੀ ਅੱਖ ਕਾਸ਼ਣੀ, ਦਿਲਾਂ ਦੀ ਜੂਹ, ਆਦਿ...। ਉਸ ਦੇ ਨਾਵਲ ਆਮ ਕਰ ਕੇ ਪਹਿਲਾਂ ਲੜੀਵਾਰ ਅਖ਼ਬਾਰਾਂ ਰਸਾਲਿਆਂ ਵਿਚ ਛਪਦੇ ਹਨ, ਤੇ ਫਿਰ ਕਿਤਾਬੀ ਰੂਪ ਵਿਚ। ਇਉਂ ਉਹ ਪਹਿਲਾਂ ਹੀ ਪ੍ਰਸਿੱਧ ਹੋ ਜਾਂਦੇ ਹਨ।

ਕੰਪਿਊਟਰ ਮਾਹਿਰ ਹੋਣ ਕਾਰਨ ਉਹ ਇੰਟਰਨੈੱਟ ਉਤੇ ਵੀ ਛਾ ਗਿਆ ਤੇ ਇਨਫਾਰਮੇਸ਼ਨ ਟੈਕਨਾਲੋਜੀ ਦੀ ਹੋਰਨਾਂ ਲੇਖਕਾਂ ਦੇ ਮੁਕਾਬਲੇ ਵੱਧ ਵਰਤੋਂ ਕਰਨ ਲੱਗਾ। ਉਸ ਦੀਆਂ ਵੀਡੀਓਜ਼ ਦਾ ਵੀ ਕੋਈ ਲੇਖਾ ਨਹੀਂ। ਆਸਟਰੀਆ 'ਚ ਰਹਿਣ ਪਿੱਛੋਂ ਉਹ ਇੰਗਲੈਂਡ ਦਾ ਵਸਨੀਕ ਬਣ ਗਿਆ ਹੈ, ਤੇ ਪੰਜਾਬ ਦਾ ਗੇੜਾ ਮਾਰਦਾ ਰਹਿੰਦਾ ਹੈ। ਮਾਂ-ਬਾਪ ਚਲਾਣੇ ਕਰ ਗਏ, ਤੇ ਬਾਲ ਬੱਚੇ ਵਿਆਹੁੰਣ ਵਾਲੇ ਹਨ। ਹੁਣ ਤਾਂ ਫ਼ਿਲਮਾਂ ਵਾਲੇ ਵੀ ਉਹਤੋਂ ਫਿਲਮਾਂ ਤੇ ਡਾਇਲਾਗ ਲਿਖਾਉਣ ਲਈ ਉਹਦੇ ਮਗਰ-ਮਗਰ ਫਿਰਦੇ ਹਨ। ਅੱਜਕੱਲ੍ਹ ਉਸ ਦੀ ਲਿਖੀ ਵੈੱਬ-ਸੀਰੀਜ਼ 'ਨੈੱਟਫਲਿੱਕਸ' ਲਈ ਬਣ ਰਹੀ ਹੈ, ਜੋ ਛੇ ਭਾਸ਼ਾਵਾਂ ਵਿਚ 'ਡੱਬ' ਹੋਵੇਗੀ। ਉਸ ਦਾ ਇੱਕ ਪੈਰ ਲੰਡਨ, ਦੂਜਾ ਵੈਨਕੂਵਰ ਅਤੇ ਸਾਨ ਫ਼ਰਾਂਸਿਸਕੋ ਜਾਂ ਮੁੰਬਈ ਰਹਿੰਦਾ ਹੈ। ਕੋਈ ਪਤਾ ਨਹੀਂ ਉਹ ਫ਼ਿਲਮੀ ਦੁਨੀਆਂ ਵਿਚ ਹੀ ਜਾ ਵੜੇ? ਜਾਵੇ ਉਹ ਕਿਤੇ ਵੀ, ਪਰ ਰਹੇਗਾ ਸਾਡੇ ਗੁਆਂਢੀ ਪਿੰਡ 'ਕੁੱਸੇ' ਦਾ ਹੀ। ਕੁੱਸਾ ਉਹਦਾ 'ਬੇਸ' ਹੈ, ਉਹਦਾ 'ਰੰਨ ਵੇਅ', ਜਿੱਥੋਂ ਉਸ ਨੇ ਉਡਾਰੀਆਂ ਭਰੀਆਂ ਹਨ। ਮੇਰੀਆਂ ਸ਼ੁੱਭ ਇਛਾਵਾਂ ਹਨ ਕਿ ਉਹ ਹੋਰ ਉੱਚੀਆਂ ਉਡਾਰੀਆਂ ਲਾਵੇ, ਹੋਰ ਨਾਮ ਕਮਾਵੇ, ਪਰ ਪੈਰ ਜ਼ਮੀਨ 'ਤੇ ਹੀ ਰੱਖੇ। ਸਦਾ ਚੜ੍ਹਦੀ ਕਲਾ 'ਚ ਰਹੇ ਤੇ ਕਦੇ ਨਿਰਾਸ਼ ਨਾ ਹੋਵੇ। ਅਜੇ ਉਹਤੋਂ ਬੜੀਆਂ ਆਸਾਂ ਹਨ।

ਜਨਮ ਵਰ੍ਹੇਗੰਢ 'ਤੇ ਵਿਸ਼ੇਸ਼

# 'ਦ ਬਲੈਕ ਪ੍ਰਿੰਸ:ਮਹਾਰਾਜਾ ਦਲੀਪ ਸਿੰਘ'

ਸਤਵੀਰ ਸਿੰਘ ਚਾਨੀਆਂ
92569-73526
(Punjab Mail USA)








29 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੇ ਅੱਖਾਂ ਮੀਟ ਜਾਣ ਉਪਰੰਤ ਲਾਹੌਰ ਦਰਬਾਰ 'ਚ ਬੁਰਛਾਗਰਦੀ ਸ਼ੁਰੂ ਹੋ ਗਈ। ਸ਼ੇਰੇ-ਪੰਜਾਬ ਦਾ ਵੱਡਾ ਬੇਟਾ ਖੜਕ ਸਿੰਘ ਮਹਾਰਾਜਾ ਬਣਿਆਂ ਪਰ ਉਹ ਛੇਤੀ ਹੀ 5 ਨਵੰਬਰ, 1840 ਨੂੰ ਚੜ੍ਹਾਈ ਕਰ ਗਏ। ਉਨ੍ਹਾਂ ਦੇ ਸੰਸਕਾਰ ਤੋਂ ਵਾਪਸ ਆਉਂਦਿਆਂ, ਗੱਦੀ ਦੇ ਅਗਲੇ ਦਾਅਵੇਦਾਰ ਮਹਾਰਾਜਾ ਖੜਕ ਸਿੰਘ ਦੇ ਬੇਟੇ ਕੰਵਰ ਨੌ ਨਿਹਾਲ ਸਿੰਘ ਨੂੰ, ਡੋਗਰਿਆਂ ਦਰਵਾਜ਼ੇ ਦੀ ਡਿਊੜੀ ਗਿਰਾ ਕੇ ਮਰਵਾ ਦਿੱਤਾ। ਕੰਵਰ ਨੌਨਿਹਾਲ, ਸ਼ਹੀਦ ਸ਼ਾਮ ਸਿੰਘ ਅਟਾਰੀ ਵਾਲਾ ਦੀ ਬੇਟੀ ਨਾਨਕੀ ਨੂੰ ਵਿਆਹਿਆ ਹੋਇਆ ਸੀ। ਨੌਨਿਹਾਲ ਦੀ ਮਾਤਾ ਮਹਾਰਾਣੀ ਚੰਦ ਕੌਰ ਨੇ ਖ਼ਬਰ ਆਮ ਕਰ ਦਿੱਤੀ ਕਿ ਨੌਨਿਹਾਲ ਦੀ ਪਤਨੀ ਗਰਭਵਤੀ ਹੈ, ਸੋ ਉਹ ਆਉਣ ਵਾਲੇ ਛੋਟੇ ਕੰਵਰ ਦੇ ਨਾਂ ਉਪਰ ਆਪ ਮਹਾਰਾਣੀ ਬਣ ਗਈ। ਉਸ ਨੂੰ ਵੀ ਗੋਲੀਆਂ ਪਾਸੋਂ ਜ਼ਹਿਰ ਦਿਵਾ ਕੇ ਮਰਵਾ ਦਿੱਤਾ ਗਿਆ। ਉਪਰੰਤ ਮਹਾਰਾਜਾ ਰਣਜੀਤ ਸਿੰਘ ਦਾ ਅਗਲਾ ਪੁੱਤਰ ਸ਼ੇਰ ਸਿੰਘ ਰਾਜਾ ਬਣਿਆਂ। ਇਸ ਨੂੰ ਵੀ ਸੰਧਾਵਾਲੀਆ ਸਰਦਾਰਾਂ ਸ: ਲਹਿਣਾ ਸਿੰਘ ਤੇ ਸ: ਅਜੀਤ ਸਿੰਘ ਨੇ ਸਮੇਤ ਉਸ ਦੇ ਬੇਟੇ ਟਿੱਕਾ ਪ੍ਰਤਾਪ ਸਿੰਘ 'ਤੇ ਬੁਰਛਾਗਰਦੀ ਪਿੱਛੇ ਪੁਆੜੇ ਦੀ ਜੜ੍ਹ ਧਿਆਨ ਸਿੰਘ ਡੋਗਰਾ, 15 ਸਤੰਬਰ, 1843 ਨੂੰ ਕਤਲ ਕਰ ਕੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਣੀ ਜ਼ਿੰਦਾ ਦੇ ਸਭ ਤੋਂ ਛੋਟੇ ਬੇਟੇ, 6 ਸਤੰਬਰ 1838 ਨੂੰ ਜਨਮੇ (ਮਹਾਰਾਜਾ ਦੀ ਜਨਮ ਤਾਰੀਖ਼ ਕਈ ਕਿਤਾਬਾਂ 'ਚ 4 ਸਤੰਬਰ ਲਿਖੀ ਮਿਲਦੀ ਹੈ) ਮਹਾਰਾਜਾ ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾ ਦਿੱਤਾ। ਰਾਜ ਪ੍ਰਬੰਧ ਰਾਣੀ ਜ਼ਿੰਦਾ ਅਤੇ ਉਹਦੇ ਭਾਈ ਸ: ਜਵਾਹਰ ਸਿੰਘ ਔਲਖ ਦੇ ਹੱਥ ਰਿਹਾ। ਸ਼ਾਹ ਮੁਹੰਮਦ ਆਪਣੇ ਜੰਗਨਾਮੇ 'ਚ ਇੰਝ ਕੀਰਨੇ ਪਾਉਂਦਾ ਹੈ:-

'ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ
ਫਿਰਦੇ ਸ਼ੁੱਤਰ ਜਿਓਂ ਬਾਝ ਮੁਹਾਰ ਮੀਆਂ
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ
ਭੂਤ ਮੰਡਲੀ ਹੋਈ ਤਿਆਰ ਮੀਆਂ'

29 ਮਾਰਚ 1849 ਨੂੰ ਫ਼ਿਰੰਗੀ ਨੇ ਲਾਹੌਰ ਸੰਧੀ ਨੂੰ ਛਿੱਕੇ ਟੰਗ ਕੇ ਪੰਜਾਬ 'ਤੇ ਕਬਜ਼ਾ ਕਰ ਲਿਆ। ਡਲਹੌਜੀ ਦੀ ਇਸ ਭੈੜੀ ਚਾਲ 'ਤੇ ਇਕ ਈਮਾਨਦਾਰ ਗੋਰਾ ਮੇਜਰ ਐਡਵਰਡ ਟਿੱਪਣੀ ਕਰਦਾ ਹੈ, "ਅਣਜਾਣ ਲੋਕ ਸਾਨੂੰ ਬੇਕਸੂਰ ਮਨ ਲੈਣ ਪਰ ਰੱਬ ਅਤੇ ਸਾਡੀ ਜ਼ਮੀਰ ਕਦਾਚਿਤ ਨਹੀਂ ਮਨ ਸਕੇਗੀ।"- ਇਸ ਬਾਲ ਮਹਾਰਾਜਾ ਨੂੰ 50,000 ਪੌਂਡ ਸਾਲਾਨਾ ਪੈਨਸ਼ਨ ਮੁਕੱਰਰ ਕਰਕੇ ਮਹਾਰਾਜਾ ਸ਼ੇਰ ਸਿੰਘ ਦੇ ਸ਼ਹਿਜ਼ਾਦੇ ਸਹਿਦੇਵ ਸਿੰਘ ਸਮੇਤ, ਫਤਿਹਗੜ੍ਹ ਯੂ.ਪੀ. 'ਚ ਈਸਾਈ ਪ੍ਰਚਾਰਕ ਮਿਸਟਰ ਲੋਗਨ ਪਾਸ ਭੇਜ ਦਿੱਤਾ, ਜਿਸ ਨੇ ਕੇਵਲ 13 ਸਾਲ ਦੇ ਬਾਲ ਮਹਾਰਾਜਾ ਦੇ ਜਿਹਨ 'ਚ ਸਬਜ਼ਬਾਗ਼ ਦਿਖਾ-ਦਿਖਾ, ਈਸਾਈਅਤ ਨੂੰ ਕੁੱਟ-ਕੁੱਟ ਭਰ ਦਿੱਤਾ ਕਿ ਮਹਾਰਾਜਾ ਦਲੀਪ ਸਿੰਘ ਨੇ ਜਿੱਥੇ ਆਪਣੀ ਸਿੱਖ ਮੰਗੇਤਰ ਜੋ, ਹਜ਼ਾਰਾ ਦੇ ਗਵਰਨਰ ਸਰਦਾਰ ਚਤਰ ਸਿੰਘ ਦੀ ਬੇਟੀ 'ਤੇ ਸਰਦਾਰ ਸ਼ੇਰ ਸਿੰਘ ਅਟਾਰੀ ਵਾਲਾ ਦੀ ਭੈਣ ਸੀ, ਨਾਲ ਸ਼ਾਦੀ ਰਚਾਉਣ ਤੋਂ ਨਾਂਹ ਕਰ ਦਿੱਤੀ, ਉਥੇ ਲਾਹੌਰ ਖ਼ਾਲਸਾ ਦਰਬਾਰ/ਪੰਜਾਬ ਨੂੰ ਵੀ ਵਿਸਾਰ ਦਿੱਤਾ। ਅੱਗੇ ਜਾ ਕੇ 8 ਮਾਰਚ, 1853 ਨੂੰ ਉਹ ਬਪਤਿਸਮਾ ਲੈ ਕੇ ਈਸਾਈ ਬਣ ਗਏ। ਇਸ ਦਾ ਖੁਲਾਸਾ ਮਿਸਟਰ ਲੋਗਨ, ਲੇਡੀ ਲੋਗਨ ਨੂੰ ਲਿਖੇ ਖ਼ਤਾਂ 'ਚ ਇੰਝ ਕਰਦਾ ਹੈ:-

1. ਇਹ ਮੁੰਡਾ ਬਹੁਤ ਚੁਸਤ ਹੈ। ਪਰ ਮੈਂ ਬਾਰ ਲੋ ਅਤੇ ਟਾਮੀ ਸਕਾਟ ਨਾਲ ਮਿਲ ਕੇ ਇਸ ਨੂੰ ਛੇਤੀ ਆਪਣੇ ਰਾਹਾਂ 'ਤੇ ਤੋਰ ਲਵਾਂਗਾ।

2. ਮੇਰਾ ਵਿਚਾਰ ਹੈ ਕਿ ਮਹਾਰਾਜਾ ਹੁਣ ਆਪਣੀ ਮਾਂ ਨੂੰ ਮਿਲਣ ਦੀ ਇੱਛਾ ਨਹੀਂ ਰੱਖਦਾ। ਉਹ ਰਾਣੀ, ਸ਼ੇਰੇ-ਪੰਜਾਬ ਤੇ ਪੰਜਾਬ ਦੀ ਗੱਲ ਕਰੀਏ, ਤਾਂ ਖਿੱਝਦਾ ਹੈ।

ਇਸ ਘਟਨਾਕ੍ਰਮ ਦੇ ਪਿੱਛੋਂ ਮਹਾਰਾਜਾ ਨੂੰ 19 ਅਪ੍ਰੈਲ, 1854 ਦੇ ਦਿਨ ਈਸਾਈ ਮੰਡਲੀ ਨਾਲ ਇੰਗਲੈਂਡ ਨੂੰ ਵਿਦਾ ਕਰਦਿਆਂ ਲਾਰਡ ਡਲਹੌਜ਼ੀ ਨੇ ਮਹਾਰਾਜਾ ਨੂੰ ਬਾਈਬਲ ਦੀ ਕਾਪੀ ਭੇਟ ਕਰਦਿਆਂ ਕਿਹਾ, "ਪਿਆਰੇ ਮਹਾਰਾਜ, ਇਹ ਕਾਪੀ ਮੈਂ ਤਾਂ ਭੇਟ ਕਰ ਰਿਹੈਂ, ਤਾਂ ਜੋ ਤੂੰ ਮੈਨੂੰ ਜੀਵਨ ਭਰ ਯਾਦ ਰੱਖੇ।"

ਮਹਾਰਾਜਾ ਦਾ ਦਿਲ ਜਿੱਤਣ ਜਾਂ ਬਹਿਲਾਉਣ ਲਈ ਉਸ ਨੂੰ ਸ਼ਾਹੀ ਪਰਿਵਾਰ ਨਾਲ ਕੁਝ ਸਮਾਂ ਸ਼ਾਹੀ ਮਹੱਲ ਓਸਬੋਰਨ ਹਾਊਸ ਵਿਚ ਰੱਖਿਆ ਗਿਆ। ਉਪਰੰਤ 19 ਮਾਰਚ, 1854 ਨੂੰ ਲੰਡਨ ਦੇ ਬਾਹਰੀ ਨਾਰਫੋਕ ਦੇ ਐਲਵੇਡਨ ਪਾਰਕ ਵਿਚ ਵਸਾ ਦਿੱਤਾ। ਬਾਅਦ 'ਚ ਉਹ ਸਕਾਟਲੈਂਡ ਦੇ ਕਸਬਾ ਪਰਥਸ਼ਾਇਰ 'ਚ ਰਹਿਣ ਲੱਗੇ, ਜਿਥੇ ਉਨ੍ਹਾਂ ਪਾਸ ਵੱਡਾ ਮਹਿਲ ਤੇ ਕਾਫੀ ਜਗੀਰ ਸੀ। ਉਹ ਉਥੇ The Black Prince of Perth shire ਨਾਲ ਮਸ਼ਹੂਰ ਹੋਏ। 1857 ਦੇ ਗ਼ਦਰ, ਸੰਧਾਵਾਲੀਆ ਸਰਦਾਰਾਂ ਨਾਲ ਮੁੜ ਮਿਲਾਪ ਅਤੇ ਫ਼ਿਰੰਗੀ ਦੀ ਬੇਰੁਖੀ ਨੇ ਮਹਾਰਾਜਾ ਦੇ ਦਿਲ 'ਚ ਮੁੜ 'ਸੋਜ਼-ਏ-ਵਤਨ' ਦੀ ਚਿਣਗ ਲਾਈ। ਉਸ ਨੂੰ ਆਪਣੀ ਮਾਂ ਅਤੇ ਲਾਹੌਰ ਦਰਬਾਰ ਦੀ ਤੜਫ ਸਤਾਉਣ ਲੱਗੀ। ਉਹ ਫਰਵਰੀ 1861 ਨੂੰ ਭਾਰਤ ਪਹੁੰਚਿਆ, ਤਾਂ ਭਾਰਤੀਆਂ 21 ਤੋਪਾਂ ਦੀ ਸਲਾਮੀ ਦਿੱਤੀ।

ਉਹਨੇ ਆਪਣੇ ਖੁੱਸੇ ਰਾਜ ਦੀ ਮੁੜ ਬਹਾਲੀ ਲਈ ਉੱਚ ਭਾਰਤੀਆਂ ਨਾਲ ਵੱਖ-ਵੱਖ ਬੈਠਕਾਂ ਕੀਤੀਆਂ ਪਰ ਫ਼ਿਰੰਗੀ ਨੇ ਉਸ ਨੂੰ ਪੰਜਾਬ ਜਾਣ ਦੀ ਆਗਿਆ ਨਾ ਦਿੱਤੀ। ਇਧਰ ਮਹਾਰਾਣੀ ਜਿੰਦ ਕੌਰ ਆਪਣੀ ਗੋਲੀ ਮੰਗਲਾ ਦੀ ਸਹਾਇਤਾ ਨਾਲ ਚੁਨਾਰ ਦੇ ਕਿਲ੍ਹੇ 'ਚੋਂ ਭੱਜ ਕੇ ਨਿਪਾਲ ਦੇ ਰਾਣਾ ਦੀ ਸ਼ਰਣ ਵਿਚ ਚਲੀ ਗਈ। ਰਾਣਾ ਨਿਪਾਲ ਨੇ ਫ਼ਿਰੰਗੀ ਸਰਕਾਰ ਨੂੰ ਇਸ ਗੱਲ ਲਈ ਰਾਜ਼ੀ ਕਰ ਲਿਆ ਕਿ ਉਹ ਰਾਣੀ ਜਿੰਦਾਂ ਨੂੰ ਭਾਰਤ ਵਿਚ ਵਸਣ ਅਤੇ ਮਾਂ-ਪੁੱਤਰ ਦੇ ਮੁੜ ਮਿਲਾਪ ਦੀ ਆਗਿਆ ਦਏ। ਲਾਰਡ ਕੈਨਿੰਗ ਨੂੰ ਖ਼ਬਰ ਹੋਈ, ਤਾਂ ਉਹਨੇ ਰਾਣੀ ਜ਼ਿੰਦਾ ਅਤੇ ਮਹਾਰਾਜਾ ਨੂੰ ਮੁਲਾਕਾਤ ਦੇ ਸਥਾਨ ਰਾਣੀ ਗੰਜ ਤੋਂ ਛੇਤੀ ਤੋਂ ਛੇਤੀ ਮੁੜ ਵਲੈਤ ਭੇਜਣ ਦਾ ਆਦੇਸ਼ ਦਿੱਤਾ। ਵਲੈਤ 'ਚ ਹੀ 1863 ਦੀ ਅਗਸਤ ਨੂੰ ਰਾਣੀ ਜ਼ਿੰਦਾ, ਅਕਤੂਬਰ ਨੂੰ ਮਿਸਟਰ ਲੋਗਨ ਅਤੇ ਦਸੰਬਰ ਨੂੰ ਮਹਾਰਾਜਾ ਦੇ ਅੰਗਰੇਜ ਬੇਲੀ ਮਿਸਟਰ ਕਨਸੋਰਟ ਦੇ ਚਲਾਣਾ ਕਰ ਜਾਣ 'ਤੇ ਮਹਾਰਾਜਾ ਬਹੁਤ ਬੇਚੈਨ ਰਹਿਣ ਲੱਗਾ। ਉਹ ਰਾਣੀ ਜ਼ਿੰਦਾ ਦੇ ਫ਼ੁੱਲ ਅਤੇ ਰਾਖ ਲੈ ਕੇ ਬੰਬਈ ਆਣ ਉਤਰਿਆ, ਤਾਂ ਫ਼ਿਰੰਗੀ ਹਕੂਮਤ ਨੇ ਉਹਨੂੰ ਹਰਿਦੁਆਰ/ਅੰਬਰਸਰ ਜਾਣ ਦੀ ਆਗਿਆ ਨਾ ਦਿੱਤੀ। ਮਜਬੂਰਨ ਮਹਾਰਾਜਾ ਰਾਣੀ ਦੇ ਫ਼ੁੱਲ/ਰਾਖ ਨਾਸਿਕ ਵਿਖੇ ਨਰਬਦਾ ਨਦੀ 'ਚ ਬਹਾ ਕੇ ਵਾਪਸ ਮੁੜ ਗਏ। ਮਹਾਰਾਜਾ ਨੇ ਠਾਕਰ ਸਿੰਘ ਸੰਧਾਵਾਲੀਆ ਨੂੰ ਖ਼ਾਲਸਾ ਰਾਜ ਦੀ ਜਲਾਵਤਨ ਸਰਕਾਰ ਦਾ ਮੁੱਖ ਮੰਤਰੀ ਨੀਅਤ ਕੀਤਾ। ਸੰਧਾਵਾਲੀਆ ਸਰਦਾਰ ਨੇ ਫ਼ਰਾਂਸੀਸੀ ਬਸਤੀ ਪਾਂਡੀਚਰੀ ਤੋਂ ਖਾਲਸਾ ਰਾਜ ਦੀ ਮੁੜ ਬਹਾਲੀ ਲਈ ਕੰਮ ਕੀਤਾ। ਕੂਕਾ ਲਹਿਰ ਨੇ ਵੀ ਆਪਣਾ ਸਹਿਯੋਗ ਦਿੱਤਾ।

ਵਲੈਤ ਵਾਪਸ ਜਾਂਦਿਆਂ ਉਨ੍ਹਾਂ ਮਿਸਰ ਦੇ ਸ਼ਹਿਰ ਅਦਨ ਵਿਖੇ ਮਿਸਰੀ ਲੜਕੀ ਬੰਬਾ ਮੂਲਰ ਨਾਲ 7 ਜੂਨ, 1864 ਨੂੰ ਸ਼ਾਦੀ ਰਚਾ ਲਈ। ਉਪਰੰਤ ਉਹਦੇ ਘਰ 3 ਧੀਆਂ ਤੇ 3 ਪੁੱਤਰ ਪੈਦਾ ਹੋਏ। ਹੁਣ ਮਹਾਰਾਜਾ ਦੀ ਪੈਨਸ਼ਨ ਤੇ ਹੋਰ ਸਹੂਲਤਾਂ 'ਚ ਹੋਰ ਵਧੇਰੇ ਕਟੌਤੀ ਕਰ ਦਿੱਤੀ ਗਈ। ਇਥੋਂ ਤੱਕ ਕਿ ਉਸ ਨੂੰ ਲਾਹੌਰ ਦਰਬਾਰ ਜਾਂ ਹੋਰ ਬਾਹਰੀ ਨਿੱਜੀ ਸੰਪਤੀ 'ਚੋਂ ਕੋਈ ਹਿੱਸਾ ਨਾ ਦਿੱਤਾ ਗਿਆ। ਗੋਰਾ ਸਰਕਾਰ ਤੇ ਮਹਾਰਾਜਾ ਵਿਚ ਪਾੜਾ ਇਸ ਕਦਰ ਵਧ ਗਿਆ ਕਿ ਇਕ ਦਿਨ ਮਹਾਰਾਜਾ ਨੇ ਭਾਰਤੀ ਵਤਨ ਪ੍ਰਸਤਾਂ ਦੇ ਨਾਮ ਉਪਰ ਖ਼ਤ ਲਿਖਿਆ:-

"ਪਿਆਰੇ ਭਾਰਤ ਵਾਸੀਓ: ਮੇਰਾ ਇੰਗਲੈਂਡ ਛੱਡਣ ਦਾ ਕੋਈ ਵਿਚਾਰ ਨਹੀਂ ਸੀ। ਪਰ ਵਾਹਿਗੁਰੂ ਜੀ ਦੀ ਇੱਛਾ ਹੈ, ਮੈਂ ਆ ਰਿਹਾ ਹਾਂ। ਮੈਂ ਸਿੱਖ ਧਰਮ ਛੱਡ, ਈਸਾਈ ਹੋਣ ਦੀ ਸੱਚੇ ਦਿਲੋਂ ਮੁਆਫੀ ਮੰਗਦਾ ਹਾਂ। ਮੈਂ ਨਿਆਣਪੁਣੇ 'ਚ ਗਲਤੀ ਕੀਤੀ ਹੈ। ਮੈਂ ਭਾਰਤ ਆਉਣਾ ਚਾਹੁੰਦਾ ਹਾਂ ਪਰ ਮੇਰੇ ਰਸਤੇ 'ਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ।"

ਤੁਹਾਡਾ ਲਹੂ ਅਤੇ ਮਾਸ: ਦਲੀਪ ਸਿੰਘ

ਇਹ ਚਿੱਠੀ 17 ਅਪ੍ਰੈਲ, 1886 ਦੀ ਟ੍ਰਿਬਿਊਨ ਅਖ਼ਬਾਰ 'ਚ ਛਪੀ।

ਦਲੀਪ ਸਿੰਘ ਚੜ੍ਹਦੇ ਅਪ੍ਰੈਲ 1886 'ਚ ਭਾਰਤ ਲਈ ਤੁਰਿਆ ਤਾਂ ਲਾਰਡ ਡਫਰਨ ਦੇ ਹੁਕਮ 'ਤੇ ਉਸ ਨੂੰ ਅਦਨ ਦੀ ਬੰਦਰਗਾਹ ਤੋਂ ਮੁੜ ਵਾਪਸ ਮੋੜ ਦਿੱਤਾ। ਇਥੇ ਮਹਾਰਾਜਾ ਨੇ ਅੰਮ੍ਰਿਤ ਵੀ ਛਕਿਆ। ਇੰਗਲੈਂਡ ਪੁੱਜਦਿਆਂ ਮਹਾਰਾਜਾ ਨੇ ਸਰਕਾਰੀ ਪੈਨਸ਼ਨ ਅਤੇ ਹੋਰ ਸਾਰੀਆਂ ਸਹੂਲਤਾਂ ਲੈਣੀਆਂ ਖ਼ੁਦ ਬੰਦ ਕਰ ਦਿੱਤੀਆਂ। ਉਪਰੰਤ ਉਨ੍ਹਾਂ ਫਰਾਂਸ ਦੀ ਭਾਰਤੀ ਬਸਤੀ ਪਾਂਡੀਚੇਰੀ ਪਹੁੰਚਣ ਦਾ ਯਤਨ ਕੀਤਾ, ਜਿਥੇ ਕਿ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਜਲਾਵਤਨੀ ਖਾਲਸਾ ਸਰਕਾਰ ਲਈ ਕੰਮ ਕਰ ਰਿਹਾ ਸੀ। ਪਰ ਅਸਫਲ ਰਹੇ। ਫਿਰ ਉਹ 1887 'ਚ ਜਰਮਨ ਰਾਹੀਂ ਰੂਸ ਮਦਦ ਲਈ ਗਏ। ਉਸ ਨੇ ਭਾਰਤੀ ਖਾਸ ਕਰ ਪੰਜਾਬੀਆਂ ਦੇ ਨਾਮ ਅਖਬਾਰਾਂ ਰਾਹੀਂ ਬੇਨਤੀ ਕੀਤੀ ਕਿ ਹਰ ਭਾਰਤੀ ਇਕ ਪਾਈ ਤੇ ਹਰ ਪੰਜਾਬੀ ਇਕ ਆਨਾ ਰੋਜ਼ਾਨਾ ਮਦਦ ਕਰੇ, ਤਾਂ ਕਿ ਉਹ ਫ਼ਿਰੰਗੀ ਪਾਸੋਂ ਰੂਸੀ ਸਹਿਯੋਗ ਨਾਲ ਖੁੱਸੇ ਖਾਲਸਾ ਰਾਜ ਨੂੰ ਮੁੜ ਪ੍ਰਾਪਤ ਕਰੇ ਸਕੇ।

ਅਫ਼ਸੋਸ ਕਿ ਨਾ ਤਾਂ ਉਸ ਨੂੰ ਰੂਸ ਤੇ ਨਾ ਹੀ ਵਤਨ ਪ੍ਰਸਤਾਂ ਤੋਂ ਉਸ ਨੂੰ ਕੋਈ ਉਸਾਰੂ ਹੁੰਗਾਰਾ ਮਿਲਿਆ। ਇਥੇ ਹੀ ਉਸ ਨੂੰ ਸੰਧਾਵਾਲੀਆ ਸਰਦਾਰ ਅਤੇ ਆਪਣੀ ਪਤਨੀ ਬੰਬਾ ਮੂਲਰ ਦੀ ਮੌਤ ਹੋਣ ਦੀ ਦੁਖਦਾਈ ਖ਼ਬਰ ਮਿਲੀ, ਤਾਂ ਦੋਹਰੀ ਨਿਰਾਸ਼ਾ 'ਚ ਉਹ ਵਾਪਸ ਫਰਾਂਸ ਪਰਤ ਆਏ। ਜਿਥੇ ਉਸ ਨੇ ਪੈਰਿਸ ਦੀ ਇਕ ਮੇਮ ਐਡਾ ਡੌਗਲਸ ਨਾਲ ਸ਼ਾਦੀ ਰਚਾਈ। ਉਸ ਦੀ ਕੁੱਖ ਤੋਂ ਦੋ ਲੜਕੀਆਂ ਪੈਦਾ ਹੋਈਆਂ। ਅਖ਼ੀਰ ਮਹਾਰਾਜਾ ਦਲੀਪ ਸਿੰਘ ਗੁਮਨਾਮੀ ਅਤੇ ਫਟੇ ਹਾਲ ਦੀ ਸਥਿਤੀ 'ਚ ਪੈਰਿਸ ਦੇ ਹੋਟਲ ਵਿਚ 22 ਅਕਤੂਬਰ, 1893 ਨੂੰ ਅੱਖਾਂ ਮੀਟ ਗਿਆ। ਉਸ ਦੀ ਹੁਣ ਤੱਕ ਬਚੀ ਆਖ਼ਰੀ ਨਿਸ਼ਾਨੀ ਵੱਡੀ ਬੇਟੀ ਬੰਬਾ ਦਲੀਪ ਸਿੰਘ 104-ਏ ਮਾਡਲ ਟਾਊਨ ਲਾਹੌਰ ਰਹਿੰਦਿਆਂ ਬੇ-ਔਲਾਦ 10 ਮਾਰਚ, 1957 ਨੂੰ ਸਵਰਗਵਾਸ ਹੋ ਗਈ।

ਮਹਾਰਾਜਾ ਦਲੀਪ ਸਿੰਘ ਦੀ ਬੇ-ਬਸੀ 'ਤੇ ਇਕ ਪੇਂਡੂ ਜਗਿਆਸੂ ਸਿੱਖ ਬਜ਼ੁਰਗ ਲੰਬੜਦਾਰ ਨੇ ਬਹੁਤ ਨਿਰਾਸ਼ਾ 'ਚ ਇੰਝ ਟਿੱਪਣੀ ਕੀਤੀ:-

"ਮਹਾਰਾਜਾ ਦਲੀਪ ਸਿੰਘ ਦੀ ਫ਼ਿਰੰਗੀ ਨੇ ਵਾਹ ਨਹੀਂ ਚੱਲਣ ਦਿੱਤੀ। ਉਸ ਵਕਤ ਸਹੂਲਤਾਂ ਅਤੇ ਪ੍ਰਚਾਰ ਹਿੱਤ ਮੀਡੀਆ ਦੀ ਵੀ ਵੱਡੀ ਘਾਟ ਸੀ। ਪੰਜਾਬ 'ਚ ਸਿਰ ਦੀ ਬਾਜ਼ੀ ਲਾਉਣ ਲਈ ਕੋਈ ਯੋਗ ਸਰਦਾਰ ਵੀ ਨਾ ਨਿਤਰਿਆ ਤਦੋਂ। ਪਰ ਇਦੇ ਨਾਲ ਹੀ ਵੱਡਾ ਝੋਰਾ ਹੋਰ ਵੀ ਏ। ਉਹ ਇਹ ਕਿ ਦਲੀਪ ਸਿਹੁੰ ਵਲੋਂ ਕਿਸੇ ਖ਼ਾਨਦਾਨੀ ਸਿੱਖ ਸਰਦਾਰ ਦੀ ਬੇਟੀ ਨਾਲ ਸ਼ਾਦੀ ਰਚਾਉਣ ਨਾਲੋਂ ਮੇਮਾਂ ਨਾਲ ਹੀ ਸ਼ਾਦੀਆਂ ਰਚਾਈਆਂ ਗਈਆਂ, ਜਿਸ ਦਾ ਅੰਜ਼ਾਮ ਇਹ ਹੋਇਆ ਕਿ ਜਿਥੇ ਮਹਾਰਾਜਾ ਖ਼ੁਦ ਆਪਣੀ ਅਮੀਰ ਵਿਰਾਸਤ ਤੋਂ ਟੁੱਟਾ ਰਿਹਾ, ਉਥੇ ਉਸ ਦੀ ਸੰਤਾਨ ਵੀ ਮਹਾਰਾਜਾ ਦੇ ਅਮੀਰ ਪਿਛੋਕੜ ਨੂੰ ਪਛਾਣ ਨਾ ਸਕੀ। ਦਲੀਪ ਸਿਹੁੰ ਦੀ ਬੇਟੀ, ਬੰਬਾ ਦਲੀਪ ਸਿੰਘ ਦਾ ਲਾਹੌਰ ਵਿਖੇ ਏਡਵਰਡ ਮੈਡੀਕਲ ਕਾਲਜ ਦੇ ਗੋਰਾ (ਪ੍ਰਿੰਸੀਪਲ ਡਾ: ਡੇਵਿਡ ਵਾਟਰਜ ਸੁਦਰਲੈਂਡ) ਨਾਲ ਅਤੇ ਉਸ ਦੀ ਹੰਗਰੀ ਤੋਂ ਸਹਾਇਕ (ਮੈਰੀ ਐਂਟੋਨੈੱਟ) ਨਾਲ ਰਈਸ ਉਮਰਾਓ ਸਿੰਘ ਸ਼ੇਰਗਿੱਲ (ਮਸ਼ਹੂਰ ਆਰਟਿਸਟ ਅੰਮ੍ਰਿਤਾ ਸ਼ੇਰਗਿੱਲ ਦੇ ਪਿਤਾ) ਦਾ ਸ਼ਾਦੀ ਰਚਾਉਣਾ ਵੀ ਇਸੇ ਕੜੀ ਦਾ ਹਿੱਸਾ ਹੈ। ਅੱਜ ਵੀ ਵਿਦੇਸ਼ਾਂ 'ਚ ਸਿੱਖ ਜੁਆਨੀ ਵਲੋਂ ਗ਼ੈਰ ਪੰਜਾਬੀਆਂ ਨਾਲ ਵਿਆਹ ਕਰਵਾਉਣਾ ਆਪਣੀਆਂ ਨਸਲਾਂ ਨੂੰ ਜੜ੍ਹੋਂ ਉਖਾੜਣ ਅਤੇ ਅਮੀਰ ਵਿਰਾਸਤ ਦੇ ਚੀਰ ਹਰਨ ਤੁੱਲ ਬਾ-ਦਸਤੂਰ ਜਾਰੀ ਹੈ। ਇਹ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ।"

# ਆਪਣੇ ਹੁਨਰ ਨੂੰ ਤਰਾਸ਼ੋ

ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)



ਜ਼ਿੰਦਗੀ ਖ਼ੂਬਸੂਰਤ ਹੈ। ਜ਼ਿੰਦਗੀ ਵਿਚ ਹਰ ਪਲ ਦਾ ਆਨੰਦ ਮਾਣੋ। ਹਰ ਇਨਸਾਨ ਵਿਚ ਚੰਗੇ ਗੁਣ ਵੀ ਹੁੰਦੇ ਹਨ, ਤੇ ਮਾੜੇ ਗੁਣ ਵੀ ਹੁੰਦੇ ਹਨ। ਮਨੁੱਖ ਗਲਤੀਆਂ ਦਾ ਪੁਤਲਾ ਹੈ। ਹਰ ਇਨਸਾਨ ਵਿਚ ਕੋਈ ਨਾ ਕੋਈ ਕਾਬਲੀਅਤ ਹੁੰਦੀ ਹੈ। ਆਪਣੀ ਕਾਬਲੀਅਤ ਨੂੰ ਦੂਜਿਆਂ ਸਾਹਮਣੇ ਜ਼ਰੂਰ ਰੱਖਣਾ ਚਾਹੀਦਾ ਹੈ। ਹਰ ਇਨਸਾਨ ਦਾ ਆਪਣੇ ਆਪ ਨੂੰ ਪੇਸ਼ ਕਰਨ ਦਾ ਵੱਖ-ਵੱਖ ਨਜ਼ਰੀਆ ਹੁੰਦਾ ਹੈ। ਕੋਈ ਇਨਸਾਨ ਮੈਡੀਕਲ ਖੇਤਰ ਵਿਚ ਜਾਂਦਾ ਹੈ, ਕੋਈ ਇੰਜੀਨੀਅਰ, ਕੋਈ ਖਿਡਾਰੀ, ਕੋਈ ਕਾਨੂੰਨ, ਕੋਈ ਏਅਰ ਫੋਰਸ, ਆਰਮੀ, ਕੋਈ ਵਿਦੇਸ਼। ਕਹਿਣ ਦਾ ਮਤਲਬ ਇਹ ਕਿ ਜਿਹੜੇ ਖੇਤਰ ਵਿਚ ਇਨਸਾਨ ਦੀ ਦਿਲਚਸਪੀ ਹੁੰਦੀ ਹੈ, ਉਸ ਖੇਤਰ ਵਿਚ ਜਾਂਦਾ ਹੈ। ਕਿਸੇ ਦਾ ਡਰਾਇੰਗ, ਪੇਂਟਿੰਗ ਕਰਨ ਦਾ ਸ਼ੌਕ ਹੁੰਦਾ ਹੈ। ਆਪਣੇ ਹੁਨਰ ਨੂੰ ਦੂਜਿਆਂ ਸਾਹਮਣੇ ਜ਼ਰੂਰ ਉਜਾਗਰ ਕਰਨਾ ਚਾਹੀਦਾ ਹੈ।

ਕਹਿਣ ਦਾ ਮਤਲਬ ਇਹ ਹੈ ਕਿ ਜਿਸ ਵਿਅਕਤੀ ਦੇ ਅੰਦਰ ਕਿਸੇ ਵੀ ਤਰ੍ਹਾਂ ਦਾ ਹੁਨਰ ਹੈ, ਉਸ ਮੁਤਾਬਕ ਉਸ ਨੂੰ ਮਿਹਨਤ, ਯਤਨ ਜ਼ਰੂਰ ਕਰਨੇ ਚਾਹੀਦੇ ਹਨ। ਆਪਣੇ ਅੰਦਰ ਜ਼ਰੂਰ ਝਾਤੀ ਮਾਰ ਲੈਣੀ ਚਾਹੀਦੀ ਹੈ। ਸਵੈ-ਪੜਚੋਲ ਕਰਨਾ ਚਾਹੀਦਾ ਹੈ। ਜਿੰਨਾ ਵੀ ਸਾਡੇ ਕੋਲ ਹੈ, ਉਸ ਵਿਚ ਸਬਰ-ਸੰਤੋਖ ਕਰਨਾ ਚਾਹੀਦਾ ਹੈ। ਆਪਣੀ ਥੱਲੇ ਵੀ ਝਾਤੀ ਮਾਰ ਕੇ ਦੇਖੋ, ਜਿਨ੍ਹਾਂ ਕੋਲ ਰਹਿਣ ਲਈ ਘਰ ਤੱਕ ਵੀ ਨਹੀਂ ਹਨ। ਹਰ ਛੋਟੀ-ਛੋਟੀ ਗੱਲ 'ਤੇ ਗਿਲਾ ਸ਼ਿਕਵਾ ਨਹੀਂ ਕਰਨਾ ਚਾਹੀਦਾ। ਪ੍ਰਮਾਤਮਾ ਦਾ ਹਮੇਸ਼ਾ ਸ਼ੁਕਰਗੁਜ਼ਾਰ ਕਰੋ। ਅਕਸਰ ਅਸੀਂ ਦੇਖਦੇ ਹਾਂ ਕਿ ਵੱਡੇ ਸ਼ਹਿਰਾਂ ਵਿਚ ਕਈ ਗਰੀਬ ਪਰਿਵਾਰ ਵੱਡੇ-ਵੱਡੇ ਪਾਈਪਾਂ ਵਿਚ ਰਹਿੰਦੇ ਹਨ। ਜਾਂ ਜੋ ਝੁੱਗੀ-ਝੋਪੜੀਆਂ ਵਾਲੇ ਹੁੰਦੇ ਹਨ, ਉਹ ਹਰ ਰੋਜ਼ ਕਮਾਉਂਦੇ ਹਨ। ਫਿਰ ਵੀ ਉਨ੍ਹਾਂ ਦੇ ਚਿਹਰੇ 'ਤੇ ਖੁਸ਼ੀ ਹੁੰਦੀ ਹੈ। ਉਹ ਵਰਤਮਾਨ ਬਾਰੇ ਸੋਚਦੇ ਹਨ। ਭਵਿੱਖ ਦੀ ਬਿਲਕੁਲ ਵੀ ਫ਼ਿਕਰ ਨਹੀਂ ਕਰਦੇ।

ਅੱਜ ਦੇ ਜ਼ਮਾਨੇ ਵਿਚ ਪੈਸੇ ਦੀ ਹੋੜ੍ਹ ਜ਼ਿਆਦਾ ਹੈ। ਭਰਾ-ਭਰਾ ਦਾ ਦੁਸ਼ਮਣ ਹੈ। ਘਰ ਵਿਚ ਬਜ਼ੁਰਗਾਂ ਦਾ ਸਤਿਕਾਰ ਬਿਲਕੁਲ ਵੀ ਨਹੀਂ ਹੈ। ਅੱਜ ਦਾ ਇਨਸਾਨ ਇੱਕ ਦੂਜੇ ਨੂੰ ਨੀਵਾਂ ਦਿਖਾਉਣ 'ਤੇ ਲੱਗਾ ਹੋਇਆ ਹੈ। ਜ਼ਮੀਨ-ਜਾਇਦਾਦਾਂ ਕਾਰਨ ਇੱਕ-ਦੂਜੇ ਦਾ ਘਰ ਵਿਚ ਹੀ ਕਤਲ ਕਰ ਦਿੱਤਾ ਜਾਂਦਾ ਹੈ। ਰਿਸ਼ਤਿਆਂ ਦਾ ਘਾਣ ਹੋ ਚੁੱਕਿਆ ਹੈ। ਅਸੀਂ ਸੰਸਾਰ ਨਾਲ ਜੁੜਦੇ ਹਾਂ, ਪਰ ਖੁਦ ਨਾਲੋਂ ਕੱਟੇ ਜਾਂਦੇ ਹਾਂ। ਸਭ ਤੋਂ ਪਹਿਲਾਂ ਆਪਣੇ ਆਪ ਨੂੰ ਬਦਲੋ। ਘਰ ਵਿਚ ਸ਼ਾਂਤੀ ਦਾ ਮਾਹੌਲ ਰੱਖੋ। ਖੁਸ਼ੀ ਆਪਣੇ ਅੰਦਰੋਂ ਲੱਭੋ। ਕੋਈ ਵੀ ਚੰਗੇ ਕੰਮ ਦੀ ਸ਼ੁਰੂਆਤ ਪਹਿਲਾਂ ਆਪਣੇ ਘਰ ਤੋਂ ਹੀ ਹੁੰਦੀ ਹੈ। ਜੇ ਅਸੀਂ ਆਪਣੇ ਆਪ ਨੂੰ ਬਦਲਾਂਗੇ, ਤਾਂ ਸਾਡੀ ਦੇਖਾਦੇਖੀ ਵਿਚ ਪਰਿਵਾਰਿਕ ਮੈਂਬਰ, ਦੋਸਤ ਆਪਣੇ ਆਪ ਨੂੰ ਬਦਲਣਗੇ। ਸਾਰਿਆਂ ਦੀ ਤਰੱਕੀ ਨੂੰ ਦੇਖ ਕੇ ਖ਼ੁਸ਼ ਹੋਵੋ। ਕਿਸੇ ਪ੍ਰਤੀ ਆਪਣੇ ਦਿਲ ਅੰਦਰ ਨਫਰਤ ਨਾ ਰੱਖੋ। ਮਤਲਬ ਦੀ ਦੋਸਤੀ ਨਾ ਰੱਖੋ। ਜਿਸ ਨੂੰ ਆਪਣਾ ਦੋਸਤ ਬਣਾਇਆ ਹੈ, ਉਸ ਨਾਲ ਦੋਸਤੀ ਦੇ ਫਰਜ਼ ਅਦਾ ਕਰੋ। ਉਸ ਦੋਸਤ ਦੀ ਕਿਤੇ ਵੀ ਨਿੰਦਾ ਚੁਗਲੀ ਨਾ ਕਰੋ। ਦੋਸਤ ਦੇ ਦੁੱਖ-ਸੁੱਖ ਵਿਚ ਸ਼ਰੀਕ ਹੋਵੋ।

ਜੇ ਤੁਹਾਨੂੰ ਅਸਫ਼ਲਤਾ ਮਿਲੀ ਹੈ, ਤਾਂ ਗਲਤੀਆਂ ਤੋਂ ਸਿੱਖੋ। ਗਲਤੀਆਂ ਨੂੰ ਨਾ ਦੋਹਰਾਓ। ਟੀਚਾ ਹਾਸਲ ਕਰਨ ਲਈ ਮਿਹਨਤ ਕਰਨੀ ਪੈਣੀ ਹੈ। ਨਕਰਾਤਮਕ ਲੋਕਾਂ ਸੰਗ ਦੋਸਤੀ ਨਾ ਕਰੋ। ਹਮੇਸ਼ਾ ਚੰਗਾ ਸੋਚੋ। ਘਰ ਵਿਚ ਕਈ ਵਾਰ ਮਨਮੁਟਾਵ ਵੀ ਹੋ ਜਾਂਦਾ ਹੈ। ਕੋਈ ਅਜਿਹਾ ਗਲਤ ਕਦਮ ਨਾ ਚੁੱਕੋ, ਜਿਸ ਨਾਲ ਪਰਿਵਾਰ ਨੂੰ ਸ਼ਰਮਿੰਦਾ ਹੋਣਾ ਪਵੇ। ਸਕਾਰਾਤਮਕ ਸੋਚ ਰੱਖੋ। ਚੰਗੇ ਲੋਕਾਂ ਦੀ ਜੀਵਨੀ ਪੜ੍ਹੋ, ਜਿਸ ਨਾਲ ਜੀਵਨ ਨੂੰ ਸੇਧ ਮਿਲੇ। ਜੇ ਕਿਸੇ ਕੰਮ ਨੂੰ ਕਰਦੇ ਹੋਏ ਖੁਸ਼ੀ ਨਾ ਮਿਲੇ, ਤਾਂ ਉਸ ਨੂੰ ਸਾਰਥਕ ਬਣਾਉਣ ਦਾ ਤਰੀਕਾ ਲਭੋ। ਲੋੜਵੰਦਾਂ ਦੀ ਮਦਦ ਕਰੋ। ਹਮੇਸ਼ਾ ਚੰਗਾ ਸੋਚੋ। ਕਿਸੇ ਨੂੰ ਬੇਵਜ੍ਹਾ ਤੰਗ ਨਾ ਕਰੋ। ਜੇ ਅਸੀਂ ਕਿਸੇ ਨੂੰ ਤੰਗ ਪ੍ਰੇਸ਼ਾਨ ਕਰਦੇ ਹਾਂ, ਤਾਂ ਤਕਲੀਫ਼ ਤਾਂ ਸਾਨੂੰ ਵੀ ਹੁੰਦੀ ਹੈ। ਜੇ ਅਸੀਂ ਆਪਣੀ ਸਮਰਥਾ ਅਤੇ ਦਿਲਚਸਪੀ ਮੁਤਾਬਕ ਅੱਗੇ ਵਧਾਂਗੇ, ਤਾਂ ਸਫ਼ਲਤਾ ਵੀ ਜ਼ਰੂਰ ਮਿਲੇਗੀ।

# ਅੰਜੀਰ

ਡਾ. ਹਰਸ਼ਿੰਦਰ ਕੌਰ
ਐੱਮ.ਡੀ., 28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ
0175-2216783
(Punjab Mail USA)



ਤਰਕੀ ਵਿਚ ਇਸ ਸਮੇਂ ਦੁਨੀਆਂ ਭਰ ਵਿਚੋਂ ਸਭ ਤੋਂ ਵੱਧ ਉੱਗ ਰਹੀ ਅਤੇ ਹੋਰਨਾਂ ਮੁਲਕਾਂ ਵਿਚ ਭੇਜੀ ਜਾਣ ਵਾਲੀ ਅੰਜੀਰ ਨੂੰ 'ਸੁਰਗਾਂ ਦਾ ਫਲ' ਕਿਹਾ ਜਾਂਦਾ ਹੈ।

ਭਾਰਤ ਵਿਚ ਸਭ ਤੋਂ ਪੁਰਾਣਾ ਅੰਜੀਰ ਦਾ ਦਰਖਤ ਬੋਧ ਗਯਾ ਵਿਚ ਬੋਧੀਆਂ ਵੱਲੋਂ ਬੀਜਿਆ ਅੱਜ ਵੀ ਵੇਖਿਆ ਜਾ ਸਕਦਾ ਹੈ, ਜੋ 2305 ਸਾਲ ਪੁਰਾਣਾ ਹੈ।

ਜੇ ਕਿਸੇ ਨੇ ਜੌਰਡਨ ਦੇ ਇਕ ਪੁਰਾਤਨ ਪਿੰਡ ਵਿਚ ਕੀਤੀ ਖੁਦਾਈ ਬਾਰੇ ਪੜ੍ਹਿਆ ਸੁਣਿਆ ਹੋਵੇ, ਤਾਂ ਉੱਥੇ ਪੱਥਰ ਬਣ ਚੁੱਕੀਆਂ ਅੰਜੀਰਾਂ ਦੀਆਂ 9 ਕਿਸਮਾਂ ਲੱਭੀਆਂ ਜਾ ਚੁੱਕੀਆਂ ਹਨ, ਜੋ ਈਸਾ ਮਸੀਹ ਤੋਂ 9400 ਸਾਲ ਪਹਿਲਾਂ ਦੀਆਂ ਹਨ।

ਸੰਸਕ੍ਰਿਤ ਵਿਚ ਉਦੁੰਬਰਾ ਵਜੋਂ ਜਾਣੀ ਜਾਂਦੀ ਅੰਜੀਰ ਬਾਰੇ ਕੁਰਾਨ ਵਿਚ ਵੀ ਜ਼ਿਕਰ ਹੈ ਕਿ – "ਰਬ ਵੀ ਅੰਜੀਰ ਦੀ ਸਹੁੰ ਖਾ ਕੇ ਕਹਿੰਦਾ ਹੈ।" (ਤਰਜਮੇ ਦੀ ਕਾਪੀ ਵਿਚੋਂ ਲਿਖਿਆ ਮਿਲਿਆ ਹੈ –By the fig)

ਈਸਾ ਮਸੀਹ ਤੋਂ 5000 ਸਾਲ ਪਹਿਲਾਂ ਪੁਰਾਣੇ ਰੋਮ ਵਿਚੋਂ ਖੁਦਾਈ ਦੌਰਾਨ 29 ਵੱਖੋ–ਵੱਖ ਕਿਸਮਾਂ ਦੀਆਂ ਅੰਜੀਰਾਂ ਲੱਭੀਆਂ ਜਾ ਚੁੱਕੀਆਂ ਹਨ।

ਇਹ ਮੰਨਿਆ ਜਾ ਚੁੱਕਿਆ ਹੈ ਕਣਕ ਜਾਂ ਬਾਜਰੇ ਤੋਂ ਵੀ ਕਈ ਹਜ਼ਾਰ ਵਰ੍ਹੇ ਪਹਿਲਾਂ ਮਨੁੱਖ ਨੇ ਅੰਜੀਰ ਦਾ ਦਰੱਖਤ ਲਾਉਣਾ ਸ਼ੁਰੂ ਕੀਤਾ ਸੀ। ਇਸ ਦੇ ਸਬੂਤ ਵਜੋਂ ਰੋਮ ਦੇ ਨੇੜੇ 11,400 ਸਾਲ ਪਹਿਲਾਂ ਦੇ ਅਨੇਕ ਦਰਖ਼ਤ ਇੱਕੋ ਥਾਂ ਉਗਾਏ ਲੱਭੇ ਜਾ ਚੁੱਕੇ ਹਨ।

ਭਾਰਤ ਵਿਚ ਅੱਜ ਦੇ ਦਿਨ ਮਹਾਰਾਸ਼ਟਰ, ਗੁਜਰਾਤ, ਉੱਤਰ ਪ੍ਰਦੇਸ, ਕਰਨਾਟਕ ਅਤੇ ਤਾਮਿਲ ਨਾਡੂ ਵਿਖੇ ਅੰਜੀਰ ਕਾਫ਼ੀ ਉਗਾਈ ਜਾ ਰਹੀ ਹੈ।

ਅੰਜੀਰ ਦੀ ਸਭ ਤੋਂ ਵੱਧ ਮਹੱਤਤਾ ਇਸ ਨਾਲ ਮਿਲਦੇ ਮਰਦਾਨਾ ਕਮਜ਼ੋਰੀ ਵਿਚ ਫ਼ਾਇਦੇ ਸਦਕਾ ਹੈ। ਅਣਗਿਣਤ ਆਯੁਰਵੈਦਿਕ ਦਵਾਈਆਂ, ਐਲੋਪੈਥਿਕ ਖੋਜਾਂ ਅਤੇ ਵਿਸ਼ਵ ਪ੍ਰਸਿੱਧ ਵਿਗਿਆਨੀਆਂ ਵੱਲੋਂ ਸੁਝਾਏ ਨੁਕਤਿਆਂ ਅਨੁਸਾਰ ਮਰਦਾਨਾ ਕਮਜ਼ੋਰੀ ਲਈ ਰਾਤ ਭਰ ਭਿਉਂ ਕੇ ਰੱਖੀਆਂ ਦੋ ਅੰਜੀਰਾਂ, 4 ਬਦਾਮ ਅਤੇ 2 ਅਖਰੋਟ ਜਦੋਂ ਗਰਮ ਦੁੱਧ ਨਾਲ ਸਵੇਰੇ ਲੈ ਲਏ ਜਾਣ, ਤਾਂ ਮਰਦਾਨਾ ਕਮਜ਼ੋਰੀ ਵਿਚ ਬਹੁਤ ਫ਼ਰਕ ਪੈ ਜਾਂਦਾ ਹੈ।



ਐਲੋਪੈਥਿਕ ਡਾਕਟਰ ਮੰਨਦੇ ਹਨ ਕਿ ਬਹੁਗਿਣਤੀ ਮਰਦਾਨਾ ਕਮਜ਼ੋਰੀ ਦੇ ਮਰੀਜ਼ਾਂ ਨੂੰ ਕੋਈ ਬੀਮਾਰੀ ਹੁੰਦੀ ਹੀ ਨਹੀਂ। ਘਬਰਾਹਟ ਅਤੇ ਮਾਨਸਿਕ ਨਿਤਾਣਾਪਨ ਹੀ ਹੁੰਦਾ ਹੈ, ਜੋ ਅੰਜੀਰ ਖਾਣ ਨਾਲ ਬੰਦਾ ਆਪਣੇ ਆਪ ਨੂੰ ਸ਼ੇਰ ਸਮਝਣ ਲੱਗ ਪੈਂਦਾ ਹੈ।

ਖੋਜਾਂ ਇਹ ਵੀ ਸਪੱਸ਼ਟ ਕਰ ਚੁੱਕੀਆਂ ਹਨ ਕਿ ਜਿਹੜੇ ਅੰਸ਼ ਅਤੇ ਤੱਤ ਸ਼ਕਰਾਣੂਆਂ ਨੂੰ ਤੰਦਰੁਸਤ ਰੱਖਣ ਅਤੇ ਹਿਲਜੁਲ ਸਹੀ ਕਰਨ ਲਈ ਲੋੜੀਂਦੇ ਹਨ, ਜਿਵੇਂ ਸੀਲੀਨੀਅਮ, ਵਿਟਾਮਿਨ ਈ, ਜ਼ਿੰਕ, ਓਮੇਗਾ ਤਿੰਨ ਫੈਟੀ ਏਸਿਡ, ਫੋਲੇਟ ਆਦਿ, ਸਭ ਅੰਜੀਰ ਵਿਚ ਮੌਜੂਦ ਹਨ ਤੇ ਪੂਰੀ ਮਾਤਰਾ ਵਿਚ ਹਨ। ਇਸੇ ਲਈ ਮਰਦਾਨਾ ਤਾਕਤ ਲਈ ਸੁਪਰ–ਫੂਡ ਮੰਨੀ ਜਾ ਚੁੱਕੀ ਅੰਜੀਰ ਨੂੰ ਹੁਣ ਕਈ ਲੋਕ ਰਾਤ ਭਰ ਭਿਉਂ ਕੇ ਉਸ ਨਾਲ ਭਿੱਜੇ ਬਦਾਮ, ਅਖਰੋਟ ਅਤੇ ਨਾਲੋ ਨਾਲ ਹੇਜ਼ਲ ਨੱਟ ਵੀ ਖਾਣ ਲੱਗ ਪਏ ਹਨ।

2 ਸੁੱਕੀਆਂ ਅੰਜੀਰਾਂ (ਦੋ ਕੱਟੇ ਟੋਟਿਆਂ) ਵਿਚ ਲਗਭਗ 95 ਕੈਲਰੀਆਂ ਹੁੰਦੀਆਂ ਹਨ।

ਲੋਹ ਕਣਾਂ ਵਿਚ ਭਰਪੂਰ ਹੋਣ ਸਦਕਾ ਅੰਜੀਰ ਲਹੂ ਦੀ ਕਮੀ ਨਾਲ ਜੂਝਦੇ ਮਰੀਜ਼ਾਂ ਲਈ ਵੀ ਵਰਦਾਨ ਸਾਬਤ ਹੋ ਚੁੱਕੀ ਹੈ। ਥਕਾਨ ਬਾਅਦ ਜੇ ਦੋ ਅੰਜੀਰਾਂ ਖਾ ਲਈਆਂ ਜਾਣ ਤਾਂ ਝਟਪਟ ਥਕਾਵਟ ਦੂਰ ਹੋ ਜਾਂਦੀ ਹੈ।

ਜੇ ਯੂਰਿਕ ਏਸਿਡ ਵਧਿਆ ਹੋਵੇ, ਤਾਂ ਪੂਰੀ ਦਵਾਈ ਖਾਣ ਦੇ ਨਾਲੋਂ–ਨਾਲ ਖਾਣ–ਪੀਣ ਵਿਚ ਪਰਹੇਜ਼ ਕਰਨ ਅਤੇ ਇੱਕ ਮਹੀਨੇ ਲਈ ਅੰਜੀਰ ਖਾਣ ਨਾਲ ਯੂਰਿਕ ਏਸਿਡ ਛੇਤੀ ਘੱਟ ਹੋ ਜਾਂਦਾ ਹੈ।

ਫਾਈਬਰ ਭਰਪੂਰ ਹੋਣ ਕਾਰਨ ਇਸ ਨੂੰ ਖਾਣ ਨਾਲ ਕਬਜ਼ ਵੀ ਠੀਕ ਹੋ ਸਕਦੀ ਹੈ। ਕੈਲਸ਼ੀਅਮ ਤੇ ਫ਼ਾਸਫੋਰਸ ਕਾਰਨ ਅੰਜੀਰ ਹੱਡੀਆਂ ਵੀ ਤੰਦਰੁਸਤ ਰੱਖਦੀ ਹੈ। ਦਿਲ ਸਿਹਤਮੰਦ ਰੱਖਣ ਵਿਚ ਵੀ ਅੰਜੀਰ ਲਾਹੇਵੰਦ ਹੈ।

ਸ਼ਕਰ ਰੋਗੀਆਂ ਲਈ ਅੰਜੀਰ ਰੱਬੀ ਸੁਗ਼ਾਤ ਹੀ ਮੰਨੀ ਜਾ ਸਕਦੀ ਹੈ ਕਿਉਂਕਿ ਇਸ ਵਿਚ ਸ਼ੱਕਰ ਦੀ ਮਾਤਰਾ ਕਾਫੀ ਘੱਟ ਹੈ। ਇਸ ਵਿਚ ਨਮਕ ਵੀ ਕਾਫੀ ਘੱਟ ਹੈ ਤੇ ਥਿੰਦਾ ਉੱਕਾ ਹੀ ਨਹੀਂ ਹੈ।

ਗਰਭਵਤੀ ਔਰਤਾਂ ਵੀ ਜੇ ਰੋਜ਼ ਰਾਤ ਦੋ ਅੰਜੀਰਾਂ ਭਿਉਂ ਕੇ ਸਵੇਰੇ ਖਾਂਦੀਆਂ ਰਹਿਣ ਤਾਂ ਜੱਚਾ–ਬੱਚਾ, ਦੋਵਾਂ ਨੂੰ ਹੀ ਫ਼ਾਇਦਾ ਪਹੁੰਚ ਜਾਂਦਾ ਹੈ।

ਜੇ ਮਾਹਵਾਰੀ ਦੌਰਾਨ ਥਕਾਨ, ਪੀੜ, ਚੱਕਰ ਆਦਿ ਆਉਂਦੇ ਹੋਣ, ਤਾਂ ਦਵਾਈ ਦੇ ਨਾਲ ਉਨ੍ਹਾਂ ਦਿਨਾਂ ਵਿਚ ਅੰਜੀਰ ਜ਼ਰੂਰ ਖਾ ਲੈਣੀ ਚਾਹੀਦੀ ਹੈ।

ਜਿਨ੍ਹਾਂ ਦੀ ਮਾਹਵਾਰੀ ਬੰਦ ਹੋ ਚੁੱਕੀ ਹੋਵੇ, ਉਨ੍ਹਾਂ ਲਈ ਵੀ ਮਾੜੇ ਲੱਛਣ ਘਟਾਉਣ ਵਿਚ ਅੰਜੀਰ ਮਦਦ ਕਰਦੀ ਹੈ। ਜਿਨ੍ਹਾਂ ਵਿਚ ਹਾਰਮੋਨਾਂ ਦੀ ਗੜਬੜੀ ਹੋਵੇ (PCOD), ਉਨ੍ਹਾਂ ਔਰਤਾਂ ਨੂੰ ਵੀ ਤਿੰਨ ਮਹੀਨੇ ਲਗਾਤਾਰ ਰੋਜ਼ ਸਵੇਰੇ ਰਾਤ ਦੀਆਂ ਭਿਉਂ ਕੇ ਰੱਖੀਆਂ ਤਿੰਨ ਅੰਜੀਰਾਂ ਗਰਮ ਦੁੱਧ ਨਾਲ ਖਾ ਲੈਣੀਆਂ ਚਾਹੀਦੀਆਂ ਹਨ। ਇੱਕ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਨਾਲੋਂ–ਨਾਲ ਡਾਕਟਰੀ ਇਲਾਜ ਜ਼ਰੂਰ ਕਰਨਾ ਚਾਹੀਦਾ ਹੈ।

ਜਿਨ੍ਹਾਂ ਨੂੰ ਨੀਂਦਰ ਠੀਕ ਨਾ ਆਉਂਦੀ ਹੋਵੇ, ਉਨ੍ਹਾਂ ਨੂੰ ਵੀ ਰਾਤ ਵੇਲੇ ਤਣਾਓ ਘਟਾ ਕੇ, ਮਧੁਰ ਸੰਗੀਤ ਸੁਣਦਿਆਂ, ਤਲੀਆਂ ਚੀਜ਼ਾਂ ਖਾਣ ਦੀ ਥਾਂ ਗਰਮ ਦੁੱਧ ਵਿਚ ਦੋ ਅਜ਼ੀਰਾਂ ਉਬਾਲ ਕੇ ਜ਼ਰੂਰ ਖਾ ਲੈਣੀਆਂ ਚਾਹੀਦੀਆਂ ਹਨ।

**ਵਾਲਾਂ ਲਈ :-**

ਅੰਜੀਰ ਵਿਚਲੇ ਮੈਗਨੀਸ਼ੀਅਮ, ਵਿਟਾਮਿਨ ਸੀ ਅਤੇ ਈ ਇਸ ਨੂੰ ਵਾਲ ਵਧਾਉਣ ਲਈ ਵਧੀਆ ਦਵਾਈ ਬਣਾ ਦਿੰਦੇ ਹਨ।

## ਗੁਰਦੇ ਦੀ ਪਥਰੀ :-

ਪੂਰਾ ਡਾਕਟਰੀ ਇਲਾਜ ਕਰਨ ਦੇ ਨਾਲ ਜੇ ਖ਼ੁਰਾਕ ਦੀ ਤਬਦੀਲੀ ਕੀਤੀ ਜਾਵੇ ਅਤੇ ਰੋਜ਼ ਅੰਜੀਰ ਵੀ ਖਾ ਲਈ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਸਕਦੀ ਹੈ। ਇਕ ਅੰਜੀਰ ਨੂੰ 5 ਤੋਂ 10 ਮਿੰਟ ਤੱਕ ਇਕ ਗਿਲਾਸ ਪਾਣੀ ਵਿਚ ਉਬਾਲ ਕੇ ਪੀਣਾ ਚਾਹੀਦਾ ਹੈ। ਇੰਜ ਦਿਨ ਵਿਚ ਚਾਰ ਗਿਲਾਸ ਪੀ ਲੈਣੇ ਚਾਹੀਦੇ ਹਨ।

## ਭਾਰ ਘਟਾਉਣ ਲਈ :-

ਰੋਜ਼ਾਨਾ ਕਸਰਤ ਤੇ ਸੰਤੁਲਿਤ ਖ਼ੁਰਾਕ ਦੇ ਨਾਲ ਰੋਜ਼ ਦੋ ਅੰਜੀਰਾਂ ਖਾਣ ਨਾਲ ਇਸ ਵਿਚਲੇ ਫਾਈਬਰ ਸਦਕਾ ਭਾਰ ਕਾਬੂ ਵਿਚ ਰੱਖਿਆ ਜਾ ਸਕਦਾ ਹੈ। ਜੇ ਰੋਜ਼ 6 ਤੋਂ ਵੱਧ ਅੰਜੀਰਾਂ ਖਾਧੀਆਂ ਜਾਣ ਤਾਂ ਭਾਰ ਵਧਣ ਲੱਗ ਸਕਦਾ ਹੈ, ਤਗੜੀ ਐਲਰਜੀ ਹੋ ਸਕਦੀ ਹੈ, ਤਿੱਖੀ ਢਿੱਡ ਪੀੜ ਹੋ ਸਕਦੀ ਹੈ, ਅਫ਼ਾਰਾ ਹੋ ਸਕਦਾ ਹੈ, ਬਲੱਡ ਪ੍ਰੈਸ਼ਰ ਘੱਟ ਹੋ ਸਕਦਾ ਹੈ, ਟੱਟੀਆਂ ਲੱਗ ਸਕਦੀਆਂ ਹਨ, ਨਿੱਛਾਂ ਆ ਸਕਦੀਆਂ ਹਨ, ਲਹੂ ਵਿਚ ਸ਼ੱਕਰ ਦੀ ਮਾਤਰਾ ਕਾਫੀ ਘੱਟ ਹੋ ਜਾਂਦੀ ਹੈ ਤੇ ਅੱਖ ਦੀ ਅੰਦਰਲੀ ਪਰਤ ਵਿਚ ਲਹੂ ਤੱਕ ਚੱਲ ਸਕਦਾ ਹੈ।

ਹਾਲਾਂਕਿ ਕਈ ਇਨਸਾਨਾਂ ਉੱਤੇ ਹੋਈ ਖੋਜ ਇਹ ਤੱਥ ਸਾਬਤ ਨਹੀਂ ਕਰ ਸਕੀ ਪਰ ਚੂਹਿਆਂ ਉੱਤੇ ਹੋਈ ਖੋਜ ਇਹ ਸਾਬਤ ਕਰ ਚੁੱਕੀ ਹੈ ਕਿ ਅੰਜੀਰ ਲਹੂ ਵਗਣ ਵਿਚ ਰੋਕ ਲਾ ਸਕਦੀ ਹੈ ਕਿਉਂਕਿ ਇਸ ਦੇ ਅਸਰ ਅਧੀਨ ਲਹੂ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ।

ਲੋਹ ਕਣ ਭਰਪੂਰ ਫਲ ਸਬਜ਼ੀਆਂ :-

ਅੰਜੀਰ ਤਾਂ ਲੋਹ ਕਣਾਂ ਨਾਲ ਭਰਪੂਰ ਹੈ ਹੀ, ਪਰ ਜੇ ਸਭ ਦੀ ਰੋਜ਼ਾਨਾ ਦੀ ਖ਼ੁਰਾਕ ਵਿਚ ਵੱਖੋ–ਵੱਖ ਫਲ ਸਬਜ਼ੀਆਂ ਸ਼ਾਮਲ ਕਰ ਲਈਆਂ ਜਾਣ, ਤਾਂ ਲਹੂ ਦੀ ਕਮੀ ਖ਼ਤਮ ਕੀਤੀ ਜਾ ਸਕਦੀ ਹੈ। ਇਹ ਹਨ :–

| | |
|---|---|
| – ਹਦਵਾਣਾ | – ਪਾਲਕ |
| – ਸੌਂਗੀ | – ਸ਼ਕਰਕੰਦੀ |
| – ਖਜੂਰ | – ਮਟਰ |
| – ਸਟਰਾਅਬੈਰੀ | – ਬਰੌਕਲੀ |
| – ਆੜੂ | – ਹਰੀਆਂ ਫਲੀਆਂ |
| – ਅਲੂਚਾ | – ਕੇਲ ਪੱਤਾ |

**ਸਾਰ :-**

ਕੁਦਰਤ ਨੇ ਸਾਨੂੰ ਬੇਸ਼ਕੀਮਤੀ ਚੀਜ਼ਾਂ ਤੰਦਰੁਸਤ ਰਹਿਣ ਲਈ ਦਿੱਤੀਆਂ ਹੋਈਆਂ ਹਨ। ਜੇ ਅਸੀਂ ਇਨ੍ਹਾਂ ਦੀ ਸਹੀ ਸੰਭਾਲ ਕਰ ਕੇ ਸਹੀ ਢੰਗ ਨਾਲ ਖਾਣਾ ਸ਼ੁਰੂ ਕਰ ਦੇਈਏ, ਤਾਂ ਲੰਮੀ ਉਮਰ ਭੋਗ ਸਕਦੇ ਹਾਂ ਅਤੇ ਅਨੇਕ ਬੀਮਾਰੀਆਂ ਤੋਂ ਬਚ ਵੀ ਸਕਦੇ ਹਾਂ।

---

# ਐੱਚ.ਆਈ.ਵੀ. ਤੇ ਏਡਜ਼ ਦੇ ਬਾਰੇ 'ਚ ਕੁੱਛ ਤੱਥ ਤੇ ਇਲੈਕਟ੍ਰੋਹੋਮਿਉਪੈਥੀ 'ਚ ਇਲਾਜ : ਡਾ ਅਮਰੀਕ ਸਿੰਘ ਕੰਡਾ ਮੋਗਾ

-ਡਾ. ਅਮਰੀਕ ਸਿੰਘ ਕੰਡਾ
1764-ਗੁਰੂ ਰਾਮ ਦਾਸ ਨਗਰ, ਨੇੜੇ ਨੈਸਲੇ, ਮੋਗਾ
98557-35666
(Punjab Mail USA)



## ਐੱਚ.ਆਈ.ਵੀ. ਤੇ ਏਡਜ਼ ਦੇ ਬਾਰੇ 'ਚ ਕੁੱਛ ਤੱਥ

ਐੱਚ.ਆਈ.ਵੀ. ਤੇ ਏਡਜ਼ ਦਾ ਪ੍ਰਸਾਰ ਲਗਾਤਾਰ ਵੱਧਦਾ ਹੀ ਜਾਂਦਾ ਹੈ। ਹੁਣ ਇਸ ਨੇ ਮਹਾਂਮਾਰੀ ਦਾ ਰੂਪ ਧਾਰ ਲਿਆ ਹੈ। ਤਾਜ਼ੇ ਅੰਕੜਿਆਂ ਅਨੁਸਾਰ ਪੂਰੀ ਦੁਨੀਆਂ 'ਚ 33.3 ਮਿਲੀਅਨ ਲੋਕ ਐੱਚ.ਆਈ.ਵੀ. ਤੇ ਏਡਜ਼ ਦੇ ਮਰੀਜ਼ ਹਨ। ਪਰ ਪੰਜ ਸਾਲ ਪੁਰਾਣੇ ਅੰਕੜਿਆਂ ਅਨੁਸਾਰ ਪੂਰੀ ਦੁਨੀਆਂ 'ਚ 1.8 ਮੀਲੀਅਨ ਲੋਕ ਏਡਜ਼ ਦੇ ਸ਼ਿਕਾਰ ਹੋ ਕੇ ਮੌਤ ਦੇ ਮੂੰਹ 'ਚ ਚਲੇ ਗਏ। ਲਗਭਗ 16.6 ਮੀਲੀਅਨ ਬੱਚੇ ਇਸ ਬਿਮਾਰੀ ਦੇ ਕਾਰਨ ਅਨਾਥ ਹੋ ਗਏ।


ਇਸ ਬਿਮਾਰੀ ਨੂੰ ਲਾਇਲਾਜ਼ ਮੰਨਿਆ ਗਿਆ। ਇਸ ਨਾਲ ਬਚਾਅ ਤਾਂ ਹੀ ਸੰਭਵ ਹੈ, ਜਦੋਂ ਲੋਕ ਜਾਗਰੂਕ ਹੋ ਜਾਣ। ਐੱਚ.ਆਈ.ਵੀ. ਤੇ ਏਡਜ਼ ਦੇ ਬਾਰੇ ਜਾਗਰੂਕਤਾ ਫੈਲਾਉਣ ਦੇ ਲਈ ਇਸ ਬਿਮਾਰੀ ਦੇ ਮੁਫਤ ਕੈਂਪ ਐਕਟੀਵਿਟੀ, ਡਾਕਟਰ, ਸਰਕਾਰਾਂ ਤੇ ਨਾਗਰਿਕਾਂ ਦੇ ਸੰਗਠਨ ਵੀ ਬਹੁਤ ਜ਼ਰੂਰੀ ਹਨ।

## ਕੀ ਇਹ ਅਮਰੀਕੀ ਬਿਮਾਰੀ ਹੈ ?

ਜਦੋਂ 1980 ਦੇ ਦਸ਼ਕ 'ਚ ਏਡਜ਼ ਦਾ ਪ੍ਰਸਾਰ ਹੋਇਆ, ਤਾਂ ਸੋਵੀਅਤ ਯੂਨੀਅਨ ਨੇ ਇਹ ਪ੍ਰਚਾਰ ਸ਼ੁਰੂ ਕੀਤਾ ਕਿ ਅਮਰੀਕਾ ਨੇ ਜਾਣਬੁੱਝ ਕੇ ਪੂਰੀ ਦੁਨੀਆਂ 'ਚ ਇਹ ਬਿਮਾਰੀ ਫੈਲਾਈ ਹੈ। ਜਦੋਂਕਿ ਇਹ ਇਕਦਮ ਝੂਠਾ ਪ੍ਰਚਾਰ ਸੀ। ਪਰ ਬਹੁਤ ਸਾਰੇ ਸੋਵੀਅਤ ਨਾਗਰਿਕਾਂ ਨੇ ਬਿਨਾਂ ਸੋਚੇ ਸਮਝੇ ਇਸ ਝੂਠ 'ਤੇ ਯਕੀਨ ਕਰ ਲਿਆ।

## ਕੌਣ-ਕੌਣ ਹੁੰਦੇ ਨੇ ਜ਼ਿਆਦਾ ਪ੍ਰਭਾਵਿਤ

ਏਡਜ਼ ਦਾ ਮੁਕਾਬਲਾ ਕਰਨ 'ਚ ਵਗਿਆਨੀ ਪੂਰਾ ਜ਼ੋਰ ਲਾਅ ਰਹੇ ਨੇ। ਲਗਾਤਾਰ ਨਵੇਂ–ਨਵੇਂ ਤਰੀਕੇ ਤੇ ਨਵੀਆਂ ਦਵਾਈਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਪਰ ਪੂਰੀ ਦੁਨੀਆਂ 'ਚ ਏਡਜ਼ ਦਾ ਪ੍ਰਭਾਵ ਲਗਾਤਾਰ ਵੱਧਦਾ ਹੀ ਜਾ ਰਿਹਾ ਹੈ। ਸਿਰਫ ਅਮਰੀਕਾ 'ਚ ਪੱਚੀ ਤੋਂ ਚਤਾਲੀ ਦੀ ਉਮਰ ਵਰਗ ਦੀਆਂ ਔਰਤਾਂ ਦੀ ਮੌਤ ਦੇ ਲਈ ਇਹ ਸਭ ਤੋਂ ਪ੍ਰਮੁੱਖ ਕਾਰਨ ਬਣ ਗਿਆ ਹੈ। ਵਗਿਆਨੀਆਂ ਦਾ ਕਹਿਣਾ ਹੈ ਕਿ ਔਰਤਾਂ ਤੇ ਬੱਚਿਆਂ 'ਚ ਏਡਜ਼ ਦਾ ਵੱਧ ਰਿਹਾ ਪ੍ਰਸਾਰ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।




## ਏਡਜ਼ ਦੇ ਲੱਛਣ

ਬਹੁਤ ਤੇਜ਼ੀ ਨਾਲ ਆਪਣੇ ਆਪ ਭਾਰ ਘਟਣਾ। ਟੱਟੀਆਂ ਦਾ ਲਗਾਤਾਰ ਲੱਗਣਾ। ਬਹੁਤ ਜਲਦੀ ਬਿਮਾਰ ਹੋ ਜਾਣਾ।

## ਏਡਜ਼ ਦੇ ਕਾਰਨ

ਕਿਸੇ ਐੱਚ.ਆਈ.ਵੀ. ਮਰੀਜ਼ ਤੋਂ ਖ਼ੂਨਦਾਨ ਲੈਣਾ। ਬਿਨਾਂ ਕੰਡੋਮ ਸੈਕਸ ਕਰਨਾ। ਐੱਚ.ਆਈ.ਵੀ. ਮਰੀਜ਼ ਦੀ ਵਰਤੀ ਹੋਈ ਸੂਈ ਲਗਾਉਣਾ। ਕਿਸੇ ਵੀ ਕੱਟੇ, ਸੜੇ ਜਾਂ ਸੱਟ 'ਤੇ ਐੱਚ.ਆਈ.ਵੀ. ਕਿਟਾਣੂਆਂ ਦੇ ਆਉਣ ਨਾਲ।

## ਕੀ-ਕੀ ਖਾਈਏ ?

ਕਾਲੀ ਮਿਰਚ, ਸੁੰਢ, ਮਘਾਂ, ਗਾਜ਼ਰ, ਚੁਕੰਦਰ, ਸੇਬ, ਅੰਗੂਰ, ਹਲਦੀ, ਤੁਲਸੀ, ਗਲੋਅ, ਜ਼ੀਰਾ, ਜ਼ਮੈਨ, ਮੁਲੱਠੀ, ਸੌਂਫ, ਪੁਦੀਨਾ, ਧਨੀਆ ਆਪਣੀ ਖੁਰਾਕ 'ਚ ਸ਼ਾਮਲ ਕਰੋ।

## ਕੀ-ਕੀ ਨਾ ਖਾਈਏ ?

ਫਾਸਟ ਫੂਡ, ਗੰਦੇ ਤੇਲਾਂ 'ਚ ਤਲਿਆ ਹੋਇਆ ਸਮਾਨ, ਕੋਲਡ ਡਰਿੰਕਸ।

## ਇਲੈਕਟ੍ਰੋਹੋਮਿਉਪੈਥੀ 'ਚ ਏਡਜ਼ ਦਾ ਇਲਾਜ਼

ਵੈਸੇ ਤਾਂ ਬਹੁਤ ਸਾਰੀਆਂ ਪੈਥੀਆਂ ਨੇ ਜਿਹੜੀਆਂ ਏਡਜ਼ ਵਰਗੀ ਨਾਮੁਰਾਦ ਬਿਮਾਰੀ ਨੂੰ ਠੀਕ ਕਰਨ ਦੇ ਦਾਅਵੇ ਕਰਦੀਆਂ ਹਨ। ਪਰ ਮੈਂ ਇੱਥੇ ਦਾਅਵਾ ਨਹੀਂ ਕਰਦਾ ਪਰ ਯਕੀਨ ਨਾਲ ਕਹਾਂਗਾ ਕਿ ਚੰਗੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਮੈਂ 99% ਇਸ ਦਵਾਈ 'ਤੇ ਯਕੀਨ ਕਰਦਾਂ ਹਾਂ, 1% ਕੁਦਰਤ 'ਤੇ ਨਿਰਭਰ ਕਰਦਾ ਹੈ। ਕਿਉਂਕਿ ਇਲੈਕਟ੍ਰੋਹੋਮਿਉਪੈਥੀ ਕੁਦਰਤੀ ਜੜੀਆਂ–ਬੂਟੀਆਂ ਦੇ 38 ਅਰਕਾਂ ਦਾ ਸੁਮੇਲ ਹੈ। ਇਸ ਦਾ ਕੋਈ ਨੁਕਸਾਨ ਨਹੀਂ, ਇਸ 'ਚ ਨਾ ਕੋਈ ਕੈਮੀਕਲ ਹੈ, ਨਾ ਹੀ ਕੋਈ ਅਲਕੋਹਲ ਹੈ, ਨਾ ਹੀ ਕੋਈ ਜ਼ਹਿਰ ਹੈ। ਏਡਜ਼ ਦੀ ਦਵਾਈ ਦਾ ਨਾਂ ਹੈ: ਐੱਸ ਵੰਨ ਐੱਲ ਵੰਨ ਬਲਿਊ ਤੇ ਐੱਸ ਟੈਨ ਏ ਥਰੀ ਯੈਲੋ ਤੇ ਆਰ ਥਰਟੀ ਤੇ ਮੈਗਾਟੋਨ ਐੱਸ.ਆਰ. ਲਉ। ਤਿੰਨ ਤੋਂ ਛੇ ਮਹੀਨੇ ਇਹ ਦਵਾਈ ਰੂਪੀ ਅੰਮ੍ਰਿਤ ਲਉ। ਤੰਦਰੁਸਤ ਰਹੋ, ਖੁਸ਼ ਰਹੋ।

# ਅੱਖੀਂ ਵੇਖਿਆ ਗੁਰੂ ਅਮਰ ਦਾਸ ਅਪਾਹਜ ਆਸ਼ਰਮ

-ਗੁਰਚਰਨ ਕੌਰ ਥਿੰਦ
ਕੈਲਗਰੀ, ਕੈਨੇਡਾ, 403-402-9635
(Punjab Mail USA)

'ਤੁਰਿਆ ਚੱਲ ਫਕੀਰਾ ਪਿੱਛਾ ਭਉਂ ਕੇ ਵੇਖੀਂ ਨਾ'......

ਅੱਜ ਇੱਕ ਇਹੋ ਜਿਹੇ ਫ਼ਕੀਰਾਨਾ ਤਬੀਅਤ ਦੇ ਮਾਲਕ ਦੀ ਗੱਲ ਕਰਨ ਲਗੀ ਹਾਂ, ਜੋ ਵੀਹ ਕੁ ਸਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਸਟੈਟਿਸਟਿਕਸ ਦਾ ਪ੍ਰੋਫ਼ੈਸਰ, ਉਪਰੰਤ ਇੱਕ ਸਾਲ ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਵਿਖੇ ਸਾਇੰਸਦਾਨ ਅਤੇ ਅੱਠ ਕੁ ਸਾਲ ਮੌਰੀਸਨ ਸਾਇੰਟਿਫਿਕ ਕੰਪਨੀ, ਕੈਲਗਰੀ ਵਿਚ ਸੀਨੀਅਰ ਸਾਇੰਸਦਾਨ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਅਚਾਨਕ 2005 ਵਿਚ ਸਭ ਕੁੱਝ ਛੱਡ-ਛੜਾ ਕੇ ਲੁਧਿਆਣਾ ਸ਼ਹਿਰ ਦੀਆਂ ਸੜਕਾਂ ਤੋਂ ਲਵਾਰਿਸ, ਬਿਮਾਰ, ਅਪਾਹਜ ਮਰੀਜ਼ਾਂ ਨੂੰ ਆਪਣੇ ਸਾਈਕਲ 'ਤੇ ਲੱਦ ਹਸਪਤਾਲ ਪੁਚਾਉਂਦਾ, ਉਨ੍ਹਾਂ ਦੀ ਹੱਥੀਂ ਸੇਵਾ ਕਰਦਾ ਫ਼ੱਕਰਾਂ ਵਾਲੀ ਜ਼ਿੰਦਗੀ ਜਿਊਣ ਲੱਗ ਪਿਆ।

ਲੁਧਿਆਣਾ ਰਹਿੰਦਿਆਂ ਇਨ੍ਹਾਂ ਦੀਆਂ ਇਹ ਕਾਰਜ ਕਰਦਿਆਂ ਦੀਆਂ ਤਸਵੀਰਾਂ ਇੱਕ-ਦੋ ਵਾਰ ਅਖ਼ਬਾਰ ਵਿਚ ਵੇਖੀਆਂ ਸਨ। ਮਨ ਹੀ ਮਨ ਇਸ ਨੇਕ ਕੰਮ 'ਤੇ ਕੰਮ ਕਰਨ ਵਾਲੇ ਦੀ ਸ਼ਲਾਘਾ ਕੀਤੀ, ਪਰ ਨਾ ਕਦੇ ਉਨ੍ਹਾਂ ਨੂੰ ਮਿਲਣ ਬਾਰੇ ਸੋਚਿਆ ਅਤੇ ਨਾ ਹੀ ਕਦੇ ਉੱਥੇ ਮਿਲਣ ਦਾ ਸਬੱਬ ਬਣਿਆ। ਅਸੀਂ 2009 ਵਿਚ ਪੱਕੇ ਤੌਰ 'ਤੇ ਕੈਲਗਰੀ ਆ ਵੱਸੇ। ਕਦੇ ਖ਼ਾਬੋ-ਖਿਆਲ ਵਿਚ ਵੀ ਨਹੀਂ ਸੀ ਕਿ ਇਸ ਨੇਕ ਸ਼ਖ਼ਸ ਨਾਲ ਇੱਥੇ ਮੁਲਾਕਾਤ ਹੋਵੇਗੀ। ਮੁਲਾਕਾਤ ਦਾ ਸਬੱਬ ਬਣਿਆ 'ਰੇਡੀਓ ਸੁਰ ਸੰਗਮ' ਰਾਹੀਂ, ਜਿੱਥੇ ਮੈਂ ਕਰੋਨਾ ਤੋਂ ਬਾਅਦ 2021 ਵਿਚ ਰੇਡੀਓ ਪ੍ਰੋਗਰਾਮ ਹੋਸਟ ਕਰਨ ਲੱਗ ਪਈ ਸਾਂ। ਇਨ੍ਹਾਂ ਨਾਲ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਸੰਪਰਕ ਕੀਤਾ, ਤਾਂ ਇਨ੍ਹਾਂ ਹਾਂ ਕਰ ਦਿੱਤੀ ਅਤੇ ਨਿਯਤ ਸਮੇਂ ਤੋਂ ਪਹਿਲਾਂ ਹੀ ਸਟੂਡਿਓ ਵਿਚ ਹਾਜ਼ਰ ਹੋ ਗਏ।

ਸਫ਼ੈਦ ਕੁੜਤੇ-ਪਜਾਮੇ ਵਿਚ ਦੇਵਤਿਆਂ ਵਾਲੀ ਦਿੱਖ ਵਾਲਾ ਇਹ ਵਿਅਕਤੀ ਡਾ: ਨੌਰੰਗ ਸਿੰਘ ਮਾਂਗਟ ਸੀ, ਜਿਨ੍ਹਾਂ ਨੂੰ ਮੈਂ ਤਸਵੀਰਾਂ ਵਿਚ ਹੀ ਵੇਖਿਆ ਸੀ। ਗੱਲਬਾਤ ਕਰਦਿਆਂ ਇਨ੍ਹਾਂ ਨੇ ਆਪਣੇ ਨਿਸ਼ਕਾਮ ਸੇਵਾ ਕਾਰਜ ਦੀ ਸਾਂਝ ਪਾਈ ਜੋ ਲੁਧਿਆਣੇ ਦੀਆਂ ਸੜਕਾਂ ਤੋਂ ਖੁੱਲ੍ਹੇ ਅਸਮਾਨ ਹੇਠਾਂ ਸ਼ੁਰੂ ਹੋ ਕੇ ਹੁਣ 'ਗੁਰੂ ਅਮਰ ਦਾਸ ਅਪਾਹਜ ਆਸ਼ਰਮ' ਦੇ ਰੂਪ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡ ਸਰਾਭਾ-ਸਹੌਲੀ-ਅੱਬੂਵਾਲ, ਤਿੰਨ ਪਿੰਡਾਂ ਦੇ ਵਿਚਕਾਰ ਨਿਆਸਰਿਆਂ ਦਾ ਆਸਰਾ ਬਣ ਗਿਆ ਸੀ। ਉਦੋਂ ਹੀ ਮੈਂ ਪੱਕਾ ਮਨ ਬਣਾ ਲਿਆ ਸੀ ਕਿ ਜਦੋਂ ਹੁਣ ਲੁਧਿਆਣੇ ਗਈ, ਤਾਂ ਇਸ ਆਸ਼ਰਮ ਵਿਚ ਜ਼ਰੂਰ ਜਾਣਾ ਹੈ। 1989 ਤੋਂ 1997 ਤੱਕ ਮੈਂ ਸਰਾਭਾ ਪਿੰਡ 'ਚ ਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਬਤੌਰ ਅੰਗਰੇਜ਼ੀ ਲੈਕਚਰਾਰ ਪੜ੍ਹਾਇਆ ਸੀ ਅਤੇ ਕਰਤਾਰ ਸਿੰਘ ਸਰਾਭਾ ਦਾ ਜਨਮ ਅਸਥਾਨ ਹੋਣ ਕਾਰਨ ਇਸ ਪਿੰਡ ਲਈ ਮੇਰੇ ਅੰਦਰ ਖਾਸ ਸ਼ਰਧਾ ਹੈ।

ਸੋ ਇਸ ਸਾਲ (2023 ਵਿਚ) ਜਦੋਂ ਲੁਧਿਆਣੇ ਗਏ ਤਾਂ ਡਾ. ਮਾਂਗਟ ਜੀ ਨਾਲ ਮੈਂ ਵਟਸਐਪ 'ਤੇ ਸੰਪਰਕ ਕੀਤਾ, ਤਾਂ ਇਨ੍ਹਾਂ ਦੱਸਿਆ ਕਿ ਮੈਂ ਤਾਂ ਪਿਛਲੇ ਹਫਤੇ ਵਾਪਸ ਕੈਲਗਰੀ ਆ ਗਿਆ ਹਾਂ। ਪਰ ਤੁਸੀਂ ਮੀਤ ਪ੍ਰਧਾਨ ਚਰਨ ਸਿੰਘ ਹੁਰਾਂ ਨਾਲ ਰਾਬਤਾ ਕਰ ਲਓ। ਸੋ ਮਈ ਮਹੀਨੇ ਦੇ ਪਹਿਲੇ ਹਫ਼ਤੇ ਜਦੋਂ ਸਾਡੀ ਗੱਡੀ ਸਰਾਭਾ ਪਿੰਡ ਦੇ ਮੋੜ ਤੋਂ ਸਹੌਲੀ ਵਾਲੀ ਸੜਕ 'ਤੇ ਚੜ੍ਹੀ ਤਾਂ ਆਸ਼ਰਮ ਦੀ ਸਫ਼ੈਦ ਰੰਗ ਦੀ ਤਿੰਨ ਮੰਜ਼ਲੀ ਇਮਾਰਤ ਨਜ਼ਰੀ ਪਈ, ਜਿਸ ਦੀ ਦਿੱਖ ਕਾਲਜ ਦੀ ਇਮਾਰਤ ਵਰਗੀ ਸੀ। ਗੱਡੀ ਪਾਰਕ ਕਰਕੇ ਦੋਵੇਂ ਪਾਸੇ ਖ਼ੂਬਸੂਰਤ ਫੁੱਲਾਂ ਬੂਟਿਆਂ ਨਾਲ ਭਰੇ ਰਸਤੇ 'ਤੇ ਤੁਰਦਿਆਂ ਸਭ ਤੋਂ ਉੱਪਰਲੀ ਮੰਜ਼ਿਲ 'ਤੇ ਮੋਟੇ ਅੱਖਰਾਂ ਵਿਚ ਲਿਖਿਆ 'ਗੁਰੂ ਅਮਰ ਦਾਸ ਅਪਾਹਜ ਆਸ਼ਰਮ' ਪੜ੍ਹ ਯਕੀਨ ਹੋ ਗਿਆ ਕਿ ਅਸੀਂ ਸਹੀ ਜਗ੍ਹਾ 'ਤੇ ਪਹੁੰਚ ਗਏ ਸਾਂ।

ਸਾਨੂੰ ਆਸ਼ਰਮ ਦਾ ਸਮੁੱਚਾ ਕੰਮ-ਕਾਜ ਸੰਭਾਲਣ ਵਾਲੇ ਮੀਤ ਪ੍ਰਧਾਨ ਸ. ਚਰਨ ਸਿੰਘ ਜੀ ਬਹੁਤ ਆਦਰ ਨਾਲ ਮਿਲੇ। ਉਨ੍ਹਾਂ ਦੇ ਨਾਲ ਰਿਟਾਇਰਡ ਪ੍ਰੋਫੈਸਰ ਡਾ. ਕਮਲ ਗੁਰਮੀਤ ਸਿੰਘ ਵੀ ਬੈਠੇ ਹੋਏ ਸਨ। ਉਨ੍ਹਾਂ ਆਸ਼ਰਮ ਵਿਚ ਸੇਵਾ ਨਿਭਾ ਰਹੇ ਸਾਰੇ ਕਰਮਚਾਰੀਆਂ ਨਾਲ ਜਾਣ-ਪਛਾਣ ਕਰਵਾਈ। ਡਾ. ਹਰਸ਼ ਕੁਮਾਰ (ਮੈਡੀਕਲ ਅਫਸਰ), ਰੁਪਿੰਦਰ ਕੌਰ (ਆਫਿਸ ਸੁਪਰਡੈਂਟ), ਗੁਰਪ੍ਰੀਤ ਕੌਰ (ਸੁਪਰਡੈਂਟ ਐਕਾਊਂਟਸ), ਗੁਰਦੀਪ ਕੌਰ (ਸਟਾਫ ਨਰਸ) ਜਮਨਾ ਦੇਵੀ (ਟੇਲਰ) ਸੰਦੀਪ ਕੌਰ (ਫਾਰਮਾਸਿਸਟ) ਨੇ ਆਪਣੇ-ਆਪਣੇ ਕੰਮ ਬਾਰੇ ਜਾਣਕਾਰੀ ਦਿੱਤੀ। ਮੈਂ ਪੰਜਾਬੀ ਨੈਸ਼ਨਲ ਟੀ.ਵੀ. ਲਈ ਇਸ ਆਸ਼ਰਮ ਵਿਚ ਬਿਤਾਏ ਪਲਾਂ ਦੀ ਵੀਡੀਓ ਬਣਾਉਣ ਲਈ ਸੁਮੀਤ ਨੂੰ ਲੈ ਕੇ ਗਈ ਸੀ। ਉਹ ਨਾਲੋਂ-ਨਾਲ ਸਾਰੀ ਗੱਲਬਾਤ ਦੀ ਵੀਡੀਓ ਬਣਾਈ ਜਾ ਰਿਹਾ ਸੀ।



ਆਸ਼ਰਮ ਦੀ ਮੌਜੂਦਾ ਬਿਲਡਿੰਗ।



ਸੜਕ ਕਿਨਾਰੇ ਪਏ ਇੱਕ ਬੇਘਰ ਮਰੀਜ਼ ਦੇ ਪੱਟੀ ਕਰਦੇ ਹੋਏ ਡਾ. ਮਾਂਗਟ।

ਸਭ ਤੋਂ ਪਹਿਲਾਂ ਉਹ ਸਾਈਕਲ ਵੇਖਿਆ, ਜਿਹਦੇ 'ਤੇ ਸੁਆਰ ਹੋ ਕੇ ਪਹਿਲੇ ਚਾਰ ਸਾਲ (2005 ਤੋਂ 2009 ਤੱਕ) ਲੁਧਿਆਣੇ ਸ਼ਹਿਰ ਦੀਆਂ ਸੜਕਾਂ 'ਤੇ ਘੁੰਮ-ਫਿਰ ਕੇ, ਮਾਂਗਟ ਜੀ ਨੇ ਲਾਵਾਰਸ, ਬੇਸਹਾਰਾ, ਬੇਘਰ, ਅਪਾਹਜ, ਗਰੀਬ, ਬਿਮਾਰ ਲੋਕਾਂ ਦੀ ਸੇਵਾ-ਸੰਭਾਲ ਦਾ ਕਾਰਜ ਲਗਪਗ ਅਠਾਰਾਂ ਸਾਲ ਪਹਿਲਾਂ ਆਰੰਭਿਆ ਸੀ। ਨੱਬੇ ਰੁਪਏ ਦੀ ਖਰੀਦੀ ਹੋਈ ਇੱਕ ਲਾਲਟੈਨ, ਜੋ ਕਿ ਹਨੇਰੇ ਵਿਚ ਚਾਨਣ ਕਰਨ ਲਈ ਆਪਣੇ ਸਾਈਕਲ ਨਾਲ ਲਟਕਾ ਕੇ ਰੱਖਦੇ ਸੀ, ਸੈਂਕੜੇ ਹਨੇਰਾ ਢੋਂਦੇ ਵਿਅਕਤੀਆਂ ਲਈ ਰੋਸ਼ਨੀ ਦਾ ਪ੍ਰਤੀਕ ਬਣੀ ਅੱਜ ਵੀ ਉੱਥੇ ਮੌਜੂਦ ਸੀ। ਨਾਲ ਹੀ 130 ਰੁਪਏ 'ਚ ਖਰੀਦਿਆ ਮਿੱਟੀ ਦੇ ਤੇਲ ਵਾਲਾ ਸਟੋਵ ਪਿਆ ਸੀ, ਜਿਸ ਉੱਪਰ ਉਸ ਸਮੇਂ ਚਾਹ-ਪਾਣੀ, ਪ੍ਰਸ਼ਾਦਾ ਆਦਿਕ ਤਿਆਰ ਕਰਦੇ ਸੀ। ਡਾ. ਮਾਂਗਟ ਨੇ 23 ਮਾਰਚ 2009 ਨੂੰ ਇਸ ਜਗ੍ਹਾ ਤਰਪਾਲ ਦਾ ਤੰਬੂ ਲਾ ਕੇ ਇਸੇ ਹੀ ਲਾਲਟੈਣ ਤੇ ਸਟੋਵ ਨਾਲ ਆਤਮਾ ਰਾਮ ਤੇ ਨਨਕੀ ਨਾਂ ਦੇ ਦੋ ਮਜ਼ਦੂਰਾਂ ਸੰਗ ਨਿਆਸਰਿਆਂ ਦਾ ਆਸਰਾ ਬਣਾਉਣ ਦਾ ਮੁੱਢ ਬੰਨ੍ਹਿਆ ਸੀ। ਆਤਮਾ ਰਾਮ ਸ਼ੂਗਰ ਦਾ ਮਰੀਜ਼ ਸੀ, ਜਿਸ ਨੂੰ ਉਨ੍ਹਾਂ ਲੁਧਿਆਣੇ ਵਾਲੀ (ਉਸ ਵੇਲੇ ਸੁੱਕੀ) ਨਹਿਰ ਵਿਚੋਂ ਚੁੱਕ ਕੇ ਹਸਪਤਾਲ ਇਲਾਜ ਕਰਵਾਇਆ ਸੀ। ਅੱਜ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੇ ਕੋਲ ਢਾਈ ਏਕੜ ਦੇ ਕਰੀਬ ਜ਼ਮੀਨ ਹੈ। ਸਾਰੀ ਜ਼ਮੀਨ-ਜਾਇਦਾਦ ਆਸ਼ਰਮ ਦੇ ਨਾਮ ਹੈ, ਜੋ ਕਿ ਇੱਕ ਚੈਰਿਟੇਬਲ ਸੰਸਥਾ ਹੈ। ਆਸ਼ਰਮ ਬਣਨ ਵੇਲੇ ਇਹ ਜਗ੍ਹਾ ਪਿੰਡਾਂ ਤੋਂ ਦੂਰ ਇੱਕ ਸੁੰਨਸਾਨ ਜਗ੍ਹਾ ਸੀ। ਸਹੌਲੀ ਨੂੰ ਜਾਣ ਵਾਲੀ ਇਹ ਸੜਕ ਆਸ਼ਰਮ ਬਣਨ ਵੇਲੇ ਇੱਕ ਸੁੰਨਾ ਜਿਹਾ ਕੱਚਾ ਰਸਤਾ ਸੀ। ਕਦੇ ਕਦਾਈਂ ਹੀ ਕੋਈ ਸਾਇਕਲ ਵਾਲਾ ਇਸ ਕੱਚੇ ਰਸਤੇ ਲੰਘਦਾ ਸੀ।

ਹੁਣ ਆਸ਼ਰਮ ਵਿਚ 200 ਦੇ ਕਰੀਬ ਵਿਅਕਤੀ ਰਹਿੰਦੇ ਹਨ। ਇਨ੍ਹਾਂ ਵਿਚੋਂ 150 ਮਰਦ ਅਤੇ 50 ਔਰਤਾਂ ਹਨ। ਔਰਤਾਂ ਤਾਂ ਆਸ਼ਰਮ ਦੀ ਬਣੀ ਹੋਈ ਤਿੰਨ ਮੰਜ਼ਲੀ ਇਮਾਰਤ ਵਿਚ ਬਣੇ ਹਾਲ ਕਮਰਿਆਂ ਵਿਚ ਰਹਿੰਦੀਆਂ ਹਨ। ਉਨ੍ਹਾਂ ਲਈ ਬੜੇ ਸਾਫ਼-ਸੁਥਰੇ ਮੰਜੇ ਬਿਸਤਰੇ ਲਗੇ ਹਨ। ਮਰਦਾਂ ਦਾ ਨਿਵਾਸ ਅਸਥਾਨ ਅਜੇ ਸ਼ੈਡਾਂ ਵਿਚ ਹੈ। 50 ਸਾਲ ਦੀ ਉਮਰ ਤੋਂ ਵੱਧ ਵਾਲੇ ਮਰਦਾਂ ਲਈ ਸੀਨੀਅਰ ਸਿਟੀਜ਼ਨ ਦਾ ਵੱਡਾ ਹਾਲ ਹੈ। ਬਾਕੀ ਮਰੀਜ਼ਾਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਵੱਖ-ਵੱਖ ਸ਼ੈਡਾਂ ਵਿਚ ਰੱਖਿਆ ਜਾਂਦਾ ਹੈ। ਡੇਢ ਸੌ ਦੇ ਕਰੀਬ ਮਰੀਜ਼ ਰੋਜ਼ਾਨਾ ਦਵਾਈ 'ਤੇ ਨਿਰਭਰ ਕਰਦੇ ਹਨ।

ਦਿਨ ਵੇਲੇ ਲਗਪਗ ਸਾਰੇ ਮਰਦ ਔਰਤਾਂ ਆਪੋ-ਆਪਣੇ ਕਮਰਿਆਂ ਵਿਚੋਂ ਬਾਹਰ ਨਿਕਲ ਕੇ ਸਾਂਝੀ ਥਾਂ 'ਤੇ ਬੈਠ ਜਾਂਦੇ ਹਨ ਅਤੇ ਹਮ-ਉਮਰਾਂ ਨਾਲ ਸਮਾਂ ਬਿਤਾਉਂਦੇ ਤਾਜ਼ੀ ਹਵਾ ਅਤੇ ਖੁੱਲ੍ਹ-ਡੁੱਲ੍ਹ ਦਾ ਆਨੰਦ ਮਾਣਦੇ ਹਨ। ਬਹੁਤ ਹੀ ਸਾਫ਼-ਸੁਥਰੀ ਰਸੋਈ ਵਿਚ 250 ਦੇ ਕਰੀਬ ਵਿਅਕਤੀਆਂ ਦਾ ਪ੍ਰਸ਼ਾਦਾ ਤਿਆਰ ਹੁੰਦਾ ਹੈ ਅਤੇ ਮਰਦ-ਔਰਤਾਂ ਵੱਡੇ ਲੰਗਰ ਹਾਲ ਵਿਚ ਜ਼ਮੀਨ 'ਤੇ ਬੈਠ ਕੇ ਜਾਂ ਪਾਸੇ ਲੱਗੇ ਬੈਂਚਾਂ 'ਤੇ ਬੈਠ ਕੇ ਪ੍ਰਸ਼ਾਦਾ ਖਾਂਦੇ ਹਨ।

ਆਸ਼ਰਮ 'ਚ ਰਹਿਣ ਵਾਲੇ ਮਰਦ ਔਰਤਾਂ ਨਾਲ ਵੀ ਗੱਲਾਂ ਕੀਤੀਆਂ। ਸਭ ਦੀਆਂ ਦੁੱਖ ਭਰੀਆਂ ਕਹਾਣੀਆਂ ਧੁਰ ਅੰਦਰ ਕਾਂਬਾ ਛੇੜ ਰਹੀਆਂ ਸਨ। ਮਾਲਤੀ ਨੇ ਦੱਸਿਆ ਕਿ ਪੰਜ ਸਾਲ ਪਹਿਲਾਂ ਮੈਨੂੰ ਅਧਰੰਗ ਹੋ ਗਿਆ ਸੀ, ਜਿਸ ਕਰਕੇ ਮੇਰਾ ਪਤੀ, ਜੋ ਕਿ ਰਿਕਸ਼ਾ ਚਲਾਉਂਦਾ ਸੀ, ਮੈਨੂੰ ਝਾੜੀਆਂ ਵਿਚ ਸੁੱਟ ਗਿਆ ਸੀ। ਦਿਮਾਗੀ ਸੰਤੁਲਨ ਗੁਆ ਚੁੱਕੀ ਨੀਲਮ ਨਾਂ ਦੀ ਔਰਤ ਲੁਧਿਆਣਾ ਸ਼ਹਿਰ ਦੇ ਭਾਈ ਰਣਧੀਰ ਸਿੰਘ ਨਗਰ 'ਚ ਰਾਤ ਨੂੰ ਫੁੱਟਪਾਥ 'ਤੇ ਪਈ ਸੀ, ਜਿਸ ਨੂੰ ਕੋਈ ਭਲਾ ਪੁਰਸ਼ ਪੁਲਿਸ ਮਦਦ ਨਾਲ ਆਸ਼ਰਮ 'ਚ ਲੈ ਆਇਆ ਸੀ। ਇੱਕ ਦਿਮਾਗੀ ਸੰਤੁਲਨ ਗੁਆ ਚੁੱਕੀ ਔਰਤ ਜੋ ਕਿ ਬੋਲਦੀ ਨਹੀਂ ਸੀ ਪਤਾ ਲੱਗਿਆ ਕਿ ਰਾਤ ਦੇ ਹਨ੍ਹੇਰੇ 'ਚ ਇਸ ਨੂੰ ਕੋਈ ਪੱਖੋਵਾਲ ਪਿੰਡ ਦੇ ਨਜ਼ਦੀਕ ਖੇਤਾਂ 'ਚ ਸੁੱਟ ਗਿਆ ਸੀ। ਕਿਸੇ ਦੀ ਬਾਂਹ ਕੱਟੀ ਹੋਈ ਸੀ, ਕਿਸੇ ਦੀ ਲੱਤ ਮੁੱਢੋਂ ਕੱਟੀ ਹੋਈ ਸੀ।

ਮਰਦਾਂ ਵਾਲੇ ਪਾਸੇ ਗਏ ਕੋਈ ਉੱਚੀ-ਉੱਚੀ ਚੀਕਾਂ ਮਾਰ ਰਿਹਾ ਸੀ। ਕੁੱਝ ਮਰੀਜ਼ ਬੋਲ ਹੀ ਨਹੀਂ ਸਕਦੇ ਸਨ। ਦਿਮਾਗੀ ਸੰਤੁਲਨ ਗੁਆ ਚੁੱਕੇ ਕਈਆਂ ਨੂੰ ਆਪਣੀ ਸੁੱਧ-ਬੁੱਧ ਹੀ ਨਹੀਂ ਸੀ ਅਤੇ ਕੋਈ ਇਤਨਾ ਖ਼ਤਰਨਾਕ ਕਿ ਉਸ ਨੂੰ ਬੰਨ੍ਹ ਕੇ ਰੱਖਣਾ ਪੈਂਦਾ ਸੀ। ਇੱਕ ਸ਼ੈਡ ਵਿਚ ਚਾਰ ਕੁ ਬੱਚੇ ਮੰਜਿਆਂ 'ਤੇ ਪਏ ਸਨ, ਜਿਨ੍ਹਾਂ ਦੀ ਸੰਭਾਲ ਕਰਨ ਵਾਲੇ ਸੇਵਾਦਾਰ ਨੇ ਦੱਸਿਆ ਕਿ ਇਹ ਬੱਚੇ ਨਹੀਂ, ਸਗੋਂ 20-22 ਸਾਲ ਤੋਂ ਜ਼ਿਆਦਾ ਉਮਰ ਦੇ ਹਨ। ਇਨ੍ਹਾਂ ਦਾ ਵਿਕਾਸ ਨਹੀਂ ਹੋਇਆ ਹੈ। ਨਾ ਹੀ ਇਹ ਆਪਣੇ ਆਪ ਖਾ-ਪੀ ਸਕਦੇ ਹਨ ਜਾਂ ਉੱਠ ਬੈਠ ਸਕਦੇ ਹਨ। ਇੱਥੇ ਆ ਕੇ ਵੇਖੋ, ਤਾਂ ਰੱਬ ਦੀ ਆਖੀ ਜਾਣ ਵਾਲੀ ਇਸ ਦੁਨੀਆਂ ਦਾ ਹਨ੍ਹੇਰਾ ਪੱਖ ਨਜ਼ਰੀਂ ਪੈਂਦਾ ਹੈ। ਪਰ ਆਫ਼ਰੀਨ ਹਨ! ਇੱਥੇ ਨੌਕਰੀ ਕਰ ਰਹੇ ਮੁਲਾਜ਼ਮ, ਡਾਕਟਰ, ਨਰਸਾਂ, ਫਿਜ਼ੀਓਥੈਰੇਪਿਸਟ ਅਤੇ ਸੇਵਾਦਾਰ ਜਿਨ੍ਹਾਂ ਦੇ ਮੱਥੇ 'ਤੇ ਸ਼ਿਕਨ ਵੀ ਵੇਖੀ ਹੋਵੇ। ਸਗੋਂ ਉਹ ਕਹਿੰਦੇ ਹਨ ਕਿ ਸਾਨੂੰ ਇੱਥੇ ਕੰਮ ਕਰਕੇ ਸਕੂਨ ਮਿਲਦਾ ਹੈ। 'ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹਿ ਬੈਸਣੁ ਪਾਈਐ॥' ਗੁਰਵਾਕ ਅਜਿਹੇ ਲੋਕਾਂ 'ਤੇ ਹੀ ਪੂਰਾ ਉਤਰਦਾ ਹੈ।

ਇੱਕ ਵ੍ਹੀਲ ਚੇਅਰ 'ਤੇ ਬੈਠਾ ਦਿਮਾਗੀ ਸੰਤੁਲਨ ਗੁਆ ਚੁੱਕਾ 'ਗੁਲਾਬ' ਨਾਂ ਦਾ ਮਰੀਜ਼ ਸੀ, ਜਿਸ ਨੂੰ ਡਾ. ਮਾਂਗਟ ਜੀ 2012 'ਚ ਜ਼ਖ਼ਮਾਂ ਨਾਲ ਗਲ਼ੇ ਹੋਏ ਲਗਪਗ ਮੁਰਦਾ ਹਾਲਤ ਵਿਚ ਸੜਕ ਕੰਢਿਓਂ ਚੁੱਕ ਕੇ ਲਿਆਏ ਦੱਸੇ ਗਏ। ਹੁਣ ਇਹ ਵੀਲ ਚੇਅਰ ਨੂੰ ਹੱਥਾਂ ਨਾਲ ਰੇੜ੍ਹ ਕੇ ਇੱਧਰ-ਉੱਧਰ ਤੁਰ-ਫਿਰ ਲੈਂਦਾ ਹੈ। ਜਿਹੜੇ ਆਪਣਾ ਨਾਂ ਨਹੀਂ ਦੱਸ ਸਕਦੇ, ਉਨ੍ਹਾਂ ਦੇ ਨਾਮ ਆਸ਼ਰਮ 'ਚ ਆਪੇ ਰੱਖ ਲਏ ਜਾਂਦੇ ਹਨ। ਕਿਸੇ ਦਾ ਨਾਮ ਰੱਬ ਜੀ, ਕਿਸੇ ਦਾ ਮੰਡੀ, ਕਿਸੇ ਦਾ ਗੁਲਾਬ ਤੇ ਕਿਸੇ ਦਾ ਪੱਖੋਵਾਲ ਵਾਲੀ। ਸੋ ਲੰਮੀਆਂ ਕਹਾਣੀਆਂ ਹਨ ਲਗਪਗ ਹਰੇਕ ਬੇਸਹਾਰਾ ਆਖੇ ਜਾਣ ਵਾਲੇ ਇਨ੍ਹਾਂ ਰੱਬ ਦੇ ਬੰਦਿਆਂ ਦੀਆਂ ਜਿਨ੍ਹਾਂ ਨੂੰ ਇਸ ਆਸ਼ਰਮ ਨੇ ਆਪਣੇ ਨਿੱਘੇ ਕਲਾਵੇ ਵਿਚ ਲਿਆ ਹੋਇਆ ਹੈ।

ਇਮਾਰਤ ਦੀ ਤੀਸਰੀ ਮੰਜ਼ਲ ਉੱਪਰ ਗੁਰਦੁਆਰਾ ਸਾਹਿਬ ਹਨ। ਇੱਥੇ ਰੋਜ਼ਾਨਾ ਨਿਤਨੇਮ ਹੁੰਦਾ ਹੈ। ਸਾਰਾ ਦਿਨ ਗੁਰਬਾਣੀ ਚਲਦੀ ਹੈ, ਜੋ ਕਿ ਆਸ਼ਰਮ ਦੇ ਹਰ ਭਾਗ ਵਿਚ ਸੁਣਾਈ ਦਿੰਦੀ ਹੈ। ਲੱਖਾਂ ਰੁਪਏ ਮਹੀਨੇ ਦਾ ਇਸ ਆਸ਼ਰਮ ਦਾ ਖਰਚਾ ਹੈ, ਜੋ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚੱਲਦਾ ਹੈ। ਗੁਰਬਾਣੀ ਦੇ ਗੁਰਵਾਕ "ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥" ਵਾਲੀ ਦਰਸਾਈ ਉਸ ਦਾਤੇ ਦੀ ਕਲਾ ਇੱਥੇ ਜ਼ਾਹਰਾ ਵਰਤਦੀ ਮਹਿਸੂਸ ਹੁੰਦੀ ਹੈ।

ਮਨੁੱਖਤਾ ਦੇ ਭਲੇ ਲਈ ਆਰੰਭੀ ਤੀਜੇ ਪਾਤਸ਼ਾਹ ਗੁਰੂ ਅਮਰ ਦਾਸ ਜੀ ਦੇ ਸਹਾਰੇ ਚਲਦੀ ਇਸ ਚੈਰੀਟੇਬਲ ਸੰਸਥਾ ਨੂੰ ਹਰ ਵੇਲੇ ਮਦਦ ਦੀ ਲੋੜ ਹੈ। ਸ਼ੈੱਡਾਂ 'ਚ ਰਹਿ ਰਹੇ ਮਰਦ ਮਰੀਜ਼ਾਂ ਲਈ ਇੱਕ ਬਹੁਤ ਵੱਡੀ ਤਿੰਨ ਮੰਜ਼ਲੀ ਇਮਾਰਤ ਦਾ ਕੰਮ ਚੱਲ ਰਿਹਾ ਹੈ, ਜਿਸ ਲਈ ਤੁਹਾਡੇ ਸਾਰਿਆਂ ਦੇ ਸਹਿਯੋਗ ਅਤੇ ਅਸੀਸਾਂ ਦੀ ਬੇਹੱਦ ਲੋੜ ਹੈ ਜੀ।

ਸੰਪਰਕ: ਆਸ਼ਰਮ (ਦਫਤਰ) 95018-42505; ਡਾ. ਨੌਰੰਗ ਸਿੰਘ ਮਾਂਗਟ, ਇੰਡੀਆ: 95018-42506; ਕੈਲਗਰੀ (ਕੈਨੇਡਾ) 403-401-8787; ਗੁਰਚਰਨ ਕੌਰ ਥਿੰਦ (ਲੇਖਕ), ਕੈਲਗਰੀ, ਕੈਨੇਡਾ: 403-402-9635

# ਹੌਂਸਲੇ ਦੀ ਸੱਟ ਨਾਲ ਔਕੜਾਂ ਨੂੰ ਲਲਕਾਰ ਕੇ ਤੋੜਨ ਵਾਲੀ ਲਾਲ ਅੱਖਾਂ ਵਾਲੀ ਕੁੜੀ

-ਅਜੀਤ ਸਤਨਾਮ ਕੌਰ
(Punjab Mail USA)



ਅੱਜ ਮੈਨੂੰ ਮਹਾਂਰਥੀਆਂ ਦੇ ਕਈ ਕਥਨ ਯਾਦ ਆਉਂਦੇ ਹਨ; ਸਭ ਤੋਂ ਵੱਡੀ ਜਿੱਤ ਉਹ ਹੁੰਦੀ ਹੈ, ਜਿਸ ਲਈ ਲੜਾਈ ਦੀ ਲੋੜ ਨਹੀਂ ਹੁੰਦੀ। ਜੇਤੂ ਯੋਧੇ ਪਹਿਲਾਂ ਜਿੱਤਦੇ ਹਨ ਅਤੇ ਫਿਰ ਜੰਗ ਵਿਚ ਜਾਂਦੇ ਹਨ, ਜਦੋਂਕਿ ਹਾਰੇ ਹੋਏ ਯੋਧੇ ਪਹਿਲਾਂ ਯੁੱਧ ਵਿਚ ਜਾਂਦੇ ਹਨ ਅਤੇ ਫਿਰ ਜਿੱਤਣ ਦੀ ਕੋਸ਼ਿਸ਼ ਕਰਦੇ ਹਨ। ਜੇ ਤੁਸੀਂ ਦੁਸ਼ਮਣ ਨੂੰ ਜਾਣਦੇ ਹੋ ਅਤੇ ਤੁਸੀਂ ਆਪਣੇ ਆਪ ਨੂੰ ਜਾਣਦੇ ਹੋ, ਤਾਂ ਤੁਹਾਨੂੰ ਸੌ ਲੜਾਈਆਂ ਦੇ ਨਤੀਜੇ ਤੋਂ ਡਰਨ ਦੀ ਜ਼ਰੂਰਤ ਨਹੀਂ ਹੈ। ਜਿੱਤ ਦੇ ਸੌ ਪਿਤਾ ਹੁੰਦੇ ਹਨ ਅਤੇ ਹਾਰ ਅਨਾਥ ਹੁੰਦੀ ਹੈ। ਸੌ ਲੜਾਈਆਂ ਵਿਚ ਸੌ ਜਿੱਤਾਂ ਹਾਸਲ ਕਰਨਾ ਹੁਨਰ ਦਾ ਕਮਾਲ ਨਹੀਂ ਹੈ। ਬਿਨਾਂ ਲੜੇ ਦੁਸ਼ਮਣ ਨੂੰ ਕਾਬੂ ਕਰਨਾ ਹੁਨਰ ਦਾ ਕਮਾਲ ਹੈ। ਕੁਦਰਤ ਨੇ ਔਰਤ ਅਤੇ ਮਰਦ ਨੂੰ ਆਪਣੀ ਇੱਛਾ ਸ਼ਕਤੀ ਨਾਲ ਕੋਸ਼ਿਸ਼ ਕਰਕੇ ਹਰ ਚੀਜ਼ ਉਪਰ ਜਿੱਤ ਪਾਉਣ ਦੀ ਸਮਰੱਥਾ ਦਿੱਤੀ ਹੈ। ਪਰ ਰਸਤੇ 'ਚ ਆਉਣ ਵਾਲੀਆਂ ਔਕੜਾਂ ਨਾਲ ਦੋ ਹੱਥ ਕਰ ਕੇ ਰਾਹ ਬਣਾਉਣ ਦਾ ਹੌਂਸਲਾ ਬਹੁਤ ਘੱਟ ਲੋਕਾਂ ਵਿਚ ਦੇਖਣ ਨੂੰ ਮਿਲਦਾ ਹੈ। ਪਹਾੜਾਂ ਜਿਹਾ ਔਖਾ ਪੈਂਡਾ ਅਤੇ ਆਪਣੇ ਮੋਢੇ ਉਪਰ ਆਪਣੀ 'ਕੁਹਾੜੀ' ਰੱਖ ਕੇ ਆਪ ਹੀ ਆਪਣਾਂ ਰਾਹ ਖੋਦ-ਖੋਦ ਕੇ ਬਣਾਉਂਦੇ ਹੋਏ, ਉਚਾਈ 'ਤੇ ਪਹੁੰਚਣ ਵਾਲਿਆਂ ਦੀ ਸੂਚੀ ਵਿਚ ਇੱਕ ਨਾਮ ਹੋਰ ਦਰਜ਼ ਹੋ ਗਿਆ ਹੈ। ਜੀ ਹਾਂ! ਮਿਸ ਨਵਨੀਤ ਕੌਰ (34) ਜਿਸ ਨੂੰ ਡਾਕਟਰਾਂ ਨੇ "ਬੈਡ-ਰਿਡਨ" ਦਾ 'ਖ਼ਿਤਾਬ' ਦੇ ਕੇ ਬਾਕੀ ਦੀ ਜ਼ਿੰਦਗੀ ਨੂੰ ਦੂਸਰਿਆਂ ਦੇ ਆਸਰੇ ਜਿਉਣ ਦਾ ਫੈਸਲਾ ਦੇ ਦਿੱਤਾ। ਪਰੰਤੂ ਨਵਨੀਤ ਕੌਰ ਨੇ ਆਪਣੇ ਸੁਪਨਿਆਂ ਨੂੰ ਆਪ ਖੰਭ ਲਾ ਕੇ ਐਸੀ ਉਡਾਰੀ ਭਰੀ ਕਿ ਨਵਨੀਤ ਕੌਰ ਦੀ ਉਡਾਨ ਸਭ ਨੇ ਵੇਖੀ ਅਤੇ ਉਸ ਦੇ ਹੌਂਸਲੇ ਦੀ ਦਾਦ ਵੀ ਦਿੱਤੀ।

ਮਿਸ ਨਵਨੀਤ ਕੌਰ ਜਿਸ ਨੇ **IFBB Pro** ਦਾ ਖਿਤਾਬ ਲੈ ਕੇ ਆਪਣੇ ਦੇਸ਼ ਅਤੇ ਕੌਮ ਦੇ ਮਾਣ ਨੂੰ ਚਾਰ ਚੰਨ੍ਹ ਲਾ ਦਿੱਤੇ ਹਨ। ਨਵਨੀਤ ਕੌਰ ਨੇ 'ਇੰਟਰਨੈਸ਼ਨਲ ਫ਼ੈਡਰੇਸ਼ਨ ਔਫ ਬੌਡੀ ਬਿਲਡਿੰਗ' ਦੀ 'ਫਿੱਟਨੈੱਸ ਕੈਟਾਗਰੀ' ਵਿਚ ਪੂਰੇ ਭਾਰਤ ਦੇਸ਼ ਵਿਚ ਤੀਸਰਾ ਖ਼ਿਤਾਬ ਪਾਉਣ ਵਾਲੀ ਕੁੜੀ ਬਣ ਗਈ ਹੈ। ਭਾਰਤ ਦੇਸ਼ ਵਿਚ ਸਿਰਫ਼ 29 ਲੋਕਾਂ ਕੋਲ ਇਹ ਖਿਤਾਬ ਹੈ, ਜਿਸ ਵਿਚ ਸਿਰਫ਼ ਤਿੰਨ ਕੁੜੀਆਂ ਹਨ।

**....ਆਉ ਝਾਤ ਮਾਰੀਏ ਮਿਸ ਨਵਨੀਤ ਕੌਰ ਦਾ ਇਸ ਉਚਾਈ ਤੱਕ ਪਹੁੰਚਣ ਤੱਕ ਦਾ ਸਫ਼ਰ ਕਿਵੇਂ ਸ਼ੁਰੂ ਹੋਇਆ?**

ਨਵਨੀਤ ਕੌਰ ਇੱਕ ਖਾਂਦੇ-ਪੀਂਦੇ ਪਰਿਵਾਰ ਵਿਚ ਤਿੰਨ ਭੈਣ-ਭਰਾਵਾਂ ਵਾਲੀ ਦੂਸਰੇ ਨੰਬਰ ਦੀ ਸੰਤਾਨ ਹੈ। ਸਮੇਂ ਦਾ ਗੇੜ ਸੀ ਕਿ ਪਰਿਵਾਰ 'ਤੇ ਮੁਸੀਬਤਾਂ ਦਾ ਪਹਾੜ ਆ ਡਿੱਗਿਆ। ਘਰ ਦੀ ਹਾਲਤ ਨੇ ਸਭ ਨੂੰ ਪ੍ਰਭਾਵਿਤ ਕੀਤਾ। ਨਵਨੀਤ ਕੌਰ ਨੇ ਆਪਣੇ ਖਰਚੇ ਆਪ ਚੁੱਕਣ ਦਾ ਫੈਸਲਾ ਲਿਆ, ਜਦੋਂਕਿ ਉਹ ਆਪ ਵੀ ਅਜੇ ਹਾਈ ਸਕੂਲ ਵਿਚ ਪੜ੍ਹ ਰਹੀ ਸੀ। ਗਰਮੀਆਂ ਦੀ ਛੁੱਟੀਆਂ ਵਿਚ ਛੋਟੇ ਬੱਚਿਆਂ ਨੂੰ 'ਡਾਂਸ' ਸਿਖਾਉਣ ਦਾ ਕੋਰਸ ਸ਼ੁਰੂ ਕੀਤਾ। ਹੌਲੀ-ਹੌਲੀ ਪ੍ਰਸਿੱਧੀ ਵਧੀ ਅਤੇ ਵੱਡੀ ਉਮਰ ਦੀਆਂ ਲੜਕੀਆਂ ਵੀ ਡਾਂਸ ਕਲਾਸ ਵਿਚ ਆਉਣ ਲੱਗ ਪਈਆਂ। ਨਵਨੀਤ ਕੌਰ ਨੇ ਇੱਕ ਸੰਸਥਾ ਦਾ ਇੰਤਜ਼ਾਮ ਕਰਕੇ ਆਪਣੇ ਇੱਕ ਸਹਿਯੋਗੀ ਨਾਲ ਰਲ ਕੇ ਕੰਮ ਸ਼ੁਰੂ ਕਰ ਲਿਆ। ਡਿਗਰੀ ਕਾਲਜ ਦੀ ਪੜ੍ਹਾਈ ਕਰਦੇ ਹੋਏ, ਆਪ ਵੀ ਨਿਰਤ ਦੀਆਂ ਕਈ ਵਿਧਾਵਾਂ ਸਿੱਖੀਆਂ।

ਹੌਲੀ-ਹੌਲੀ 'ਕੋਰਿਉਗਰਾਫੀ' ਦਾ ਕੰਮ ਵੀ ਬਹੁਤ ਚੰਗਾ ਚੱਲ ਪਿਆ। ਦਿਨ-ਰਾਤ ਦੇ ਅਣਥੱਕ ਮਿਹਨਤ ਨਾਲ ਨਵਨੀਤ ਕੌਰ 'ਈਵੈਂਟ-ਮੈਨੇਜਰ' ਬਣ ਗਈ। ਬਹੁਤ ਸਾਰੇ ਪ੍ਰੋਗਰਾਮਾਂ ਵਾਸਤੇ ਈਵੈਂਟ ਮੈਨੇਜਮੈਂਟ ਅਤੇ ਕੋਰਿਉਗਰਾਫੀ ਕਰਦੇ ਹੋਏ ਕਈ ਸਟੇਟਾਂ ਵਿਚ ਅਤੇ ਵਿਦੇਸ਼ ਜਾਣ ਦਾ ਮੌਕਾ ਵੀ ਮਿਲਿਆ।

...ਪਰੰਤੂ ਨਵਨੀਤ ਕੌਰ ਦੀ ਕਿਸਮਤ ਉਸ ਨੂੰ ਕਿਤੇ ਹੋਰ ਲੈ ਜਾਣ ਦੀ ਤਿਆਰ ਕਰ ਰਹੀ ਸੀ। ਆਪਣੇ ਆਪ ਨੂੰ ਚੁਣੌਤੀ ਦੇ, ਆਪਣੀ ਕਾਬਲੀਅਤ ਨੂੰ ਵਧਾਉਣਾ ਚਾਹ ਰਹੀ ਸੀ। ਪਰ ਘਰੋਂ ਪੂਰਾ ਸਹਿਯੋਗ ਨਾ ਮਿਲਣ ਕਾਰਨ ਆਪਣੀਆਂ ਪ੍ਰੇਸ਼ਾਨੀਆਂ ਨੂੰ ਆਪਣੇ ਮਨ ਹੀ ਮਨ ਵਿਚ ਹੰਢਾਉਣ ਦੀ ਵਜ੍ਹਾ ਨਾਲ ਉਸ ਨੂੰ 'ਥਾਇਰਾਇਡ' ਦੀ ਬਿਮਾਰੀ ਨੇ ਆ ਘੇਰਿਆ, ਜਿਸ ਕਾਰਨ ਨਵਨੀਤ ਕੌਰ ਦਾ ਵਜ਼ਨ ਬਹੁਤ ਤੇਜ਼ੀ ਨਾਲ ਵਧਣ ਲੱਗ ਪਿਆ। ਸਰੀਰ ਡਿੱਗਿਆ-ਡਿੱਗਿਆ ਜਿਹਾ ਰਹਿੰਦਾ ਅਤੇ ਹਰ ਵੇਲੇ ਥਕਾਵਟ ਮਹਿਸੂਸ ਹੁੰਦੀ ਰਹਿੰਦੀ। ਭਾਂਤ-ਭਾਂਤ ਦੀਆਂ ਦਵਾਈਆਂ ਕਮਰੇ ਦਾ ਹਿੱਸਾ ਬਣਨ ਲੱਗ ਪਈਆਂ। ਆਪਣੇ ਇੱਕ ਸਹਿਯੋਗੀ ਵਿਸ਼ਾਲ ਗੁਪਤਾ ਦੀ ਸਲਾਹ 'ਤੇ 'ਜਿੰਮ' ਜੁਆਇੰਨ ਕਰ ਲਿਆ।

....ਆਪਣੀ ਜ਼ਿੰਦਗੀ ਵਿਚ ਨਵਨੀਤ ਕੌਰ ਨੇ ਪਹਿਲੀ ਵਾਰ 'ਜਿੰਮ' ਦਾ ਮੂੰਹ ਵੇਖਿਆ ਸੀ। 'ਫਿੱਟ' ਹੋਣ ਲਈ ਕਿੱਥੋਂ ਸ਼ੁਰੂ ਕਰੇ? ... ਕੁਝ ਵੀ ਨਹੀਂ ਸੀ ਪਤਾ! ਫੇਰ ਵਿਸ਼ਾਲ ਗੁਪਤਾ ਨੇ ਇੱਕ-ਇੱਕ ਕਰ ਲੋੜੀਂਦੀਆਂ ਕਸਰਤਾਂ ਕਰਵਾਉਣੀਆਂ ਸ਼ੁਰੂ ਕੀਤੀਆਂ। ਜ਼ਿਆਦਾ 'ਵਰਕ-ਆਊਟ' ਨਾਲ ਨਵਨੀਤ ਕੌਰ ਦੇ ਪਿੱਠ ਦੇ ਹੇਠਲੇ ਹਿੱਸੇ ਵਿਚ ਗੰਭੀਰ ਦਰਦ ਸ਼ੁਰੂ ਹੋ ਗਿਆ ਅਤੇ 'ਐੱਲ ਬਾਈ ਐੱਲ ਸਿਕਸ' ਕਮਰ ਦੀ ਪੀੜ ਸ਼ੁਰੂ ਹੋ ਗਈ। ਜਿਸ ਵਿਚ ਤੁਰਨਾ ਅਤੇ ਬੈਠਣਾ ਮੁਸ਼ਕਿਲ ਹੋਣ ਲੱਗ ਪਿਆ। ਡਾਕਟਰ ਕੋਲ ਗਈ ਤਾਂ ਡਾਕਟਰ ਨੇ 'ਬੈਡ-ਰਿਡਨ' ਦਾ ਐਲਾਨ ਕਰ ਦਿਤਾ ਅਤੇ ਜਿੰਮ ਨਾ ਜਾਣ ਦੀ ਸਲਾਹ ਦਿੱਤੀ। ਨਵਨੀਤ ਕੌਰ ਨੂੰ ਜ਼ਿੰਦਗੀ ਦਾ ਇਹ ਰੂਪ ਸਵੀਕਾਰ ਨਹੀਂ ਸੀ, ਉਸ ਨੇ ਕਾਫੀ 'ਰਿਸਰਚ' ਕੀਤੀ ਅਤੇ ਆਪਣੇ ਹੌਂਸਲੇ ਨੂੰ ਟੁੱਟਣ ਨਹੀਂ ਦਿੱਤਾ। ਉਸ ਨੇ ਆਪਣੀ 'ਜਿੰਮ' ਫਿਰ ਤੋਂ ਜਾਰੀ ਰੱਖ, ਆਪਣੇ ਸਰੀਰ ਦੀ ਕਮਜ਼ੋਰੀ 'ਤੇ ਜਿੱਤ ਪਾਉਣ ਦਾ ਮਨ ਬਣਾ ਲਿਆ।

2016 ਵਿਚ ਦਿੱਲੀ ਵਿਚ ਇੱਕ 'ਬੌਡੀ-ਬਿਲਡਿੰਗ' ਦਾ ਮੁਕਾਬਲਾ ਸੀ, ਜਿਸ ਵਿਚ ਵਿਸ਼ਾਲ ਗੁਪਤਾ ਨੇ ਵੀ ਭਾਗ ਲਿਆ ਸੀ, ਨਵਨੀਤ ਕੌਰ ਨੂੰ ਉਥੇ ਜਾਣ ਦਾ ਮੌਕਾ ਮਿਲਿਆ। ਉਥੇ ਉਸ ਨੇ ਦੇਖਿਆ ਕਿ 'ਟੂ-ਪੀਸ' ਵਿਚ ਕੁੜੀਆਂ, ਜਿਨ੍ਹਾਂ ਦਿਆਂ 'ਏਪਸ' ਬਣੀਆਂ ਹੋਈਆਂ 'ਬੌਡੀਜ਼' ਹਨ, ਸਟੇਜ ਉਪਰ ਆਪਣੇ ਪ੍ਰਦਰਸ਼ਨ ਲਈ ਖੜ੍ਹੀਆਂ ਸਨ। ਕੁੜੀਆਂ ਨੂੰ ਆਤਮ ਵਿਸ਼ਵਾਸ ਨਾਲ ਭਰਿਆ ਵੇਖਿਆ, ਤਾਂ ਨਵਨੀਤ ਕੌਰ ਦਾ ਮਨ ਇਸ ਦ੍ਰਿਸ਼ ਨੇ ਮੋਹ ਲਿਆ। ਨਵਨੀਤ ਕੌਰ ਨੇ ਵਿਸ਼ਾਲ ਗੁਪਤਾ ਨੂੰ ਆਪਣੇ ਮਨ ਦੀ ਗੱਲ ਦੱਸੀ ਅਤੇ ਕਿਹਾ ਕਿ ਉਹ ਵੀ ਇਸ ਤਰ੍ਹਾਂ ਦੇ ਵਿਚ ਹਿੱਸਾ ਲੈਣਾ ਚਾਹੁੰਦੀ ਹੈ। ਵਿਸ਼ਾਲ ਗੁਪਤਾ ਨੇ ਉਤਸ਼ਾਹ ਵਧਾਉਂਦੇ ਹੋਏ ਕਿਹਾ ਕਿ ਅਗਲੇ ਮੁਕਾਬਲੇ ਦੀ ਤਿਆਰੀ ਸ਼ੁਰੂ ਕਰ ਦੇ। ...ਫੇਰ ਕੀ ਸੀ? ਖੰਭਾਂ ਨੇ ਉਡਾਣ ਭਰਣ ਦੀ ਤਿਆਰੀ ਸ਼ੁਰੂ ਕਰ ਦਿੱਤੀ। 2017 ਦੇ ਮੁਕਾਬਲੇ ਦੀ ਪੂਰੀ ਤਿਆਰੀ ਲਈ, ਕਈ ਘੰਟਿਆਂ ਦੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ।

ਅਜੇ ਨਵਨੀਤ ਕੌਰ ਦਾ ਸਫ਼ਰ ਇੰਨਾ ਵੀ ਅਸਾਨ ਨਹੀਂ ਸੀ। ਸਤੰਬਰ 2017 ਵਿਚ ਉਨ੍ਹਾਂ ਦੇ ਪਿਤਾ ਜੀ ਦਾ ਦਿਲ ਦੇ ਦੌਰੇ ਨਾਲ ਦੇਹਾਂਤ ਹੋ ਗਿਆ। ਨਵਨੀਤ ਕੌਰ ਦੀ ਮਾਂ ਇੱਕ ਘਰੇਲੂ ਔਰਤ ਹੈ। ਛੋਟੇ ਭਰਾ ਅਤੇ ਨਵਨੀਤ ਕੌਰ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਕੀ ਕਰੀਏ? 'ਵਿੱਤੀ ਸੰਕਟ' ਬਾਰੇ ਪਿਤਾ ਜੀ ਵੱਲੋਂ ਕਿਸੇ ਨਾਲ ਵੀ ਕੋਈ ਸਾਂਝ ਨਹੀਂ ਸੀ ਪਾਈ ਗਈ। ਦੁਖੀ ਮਾਹੌਲ ਅਤੇ ਲੋਕਾਂ ਦੀ 'ਕਾਨਾਫ਼ੂਸੀ' ਵਿਚ ਹੋ ਰਹੀਆਂ ਨਕਾਰਾਤਮਕ ਗੱਲਾਂ ਨੇ ਹੌਂਸਲਾ ਤੋੜਣ ਵਿਚ ਕੋਈ ਕਸਰ ਨਹੀਂ ਸੀ ਛੱਡੀ। ਆਪਣੇ ਅੰਦਰ ਦੁੱਖ ਅਤੇ ਗੁੱਸੇ ਨੂੰ ਵਲ੍ਹਾ ਮਾਰ ਕੇ ਨਵਨੀਤ ਕੌਰ ਨੇ 'ਜਿੰਮ' ਜਾਰੀ ਰੱਖਣ ਦਾ ਫੈਸਲਾ ਕੀਤਾ।

ਦਸੰਬਰ 2017 ਵਿਚ ਮੁੰਬਈ ਵਿਚ 'ਬੌਡੀ-ਬਿਲਡਿੰਗ' ਦੇ ਮੁਕਾਬਲੇ ਵਿਚ ਜਾ ਖੜ੍ਹੀ ਹੋਈ। ਜਿੱਥੇ ਨਵਨੀਤ ਕੌਰ ਨੇ ਚੌਥੇ ਨੰਬਰ 'ਤੇ ਮੁਕਾਬਲਾ ਜਿੱਤਿਆ, ਉਥੇ ਹੀ ਦੂਸਰਾ ਮੁਕਾਬਲਾ 'ਪਾਵਰ-ਲਿਫਟਿੰਗ' ਦਾ ਸੀ। ਉਸ ਨੂੰ ਉਦੋਂ ਤੱਕ ਇਹ ਨਹੀਂ ਸੀ ਪਤਾ ਕਿ ਇਸ ਮੁਕਾਬਲੇ ਵਿਚ ਤਿੰਨ 'ਰਾਊਂਡ' ਹੁੰਦੇ ਨੇ। ਇਸੇ ਮੁਕਾਬਲੇ ਨੂੰ ਤੀਸਰੇ ਰਾਊਂਡ ਵਿਚ ਨਵਨੀਤ ਕੌਰ ਨੇ 'ਸਿਲਵਰ ਮੈਡਲ' ਲੈ ਕੇ ਜਿੱਤਿਆ। ਆਪਣੇ ਵਜ਼ਨ ਤੋਂ ਜਿਆਦਾ ਭਾਰ ਚੁੱਕਿਆ, ਤਾਂ ਪਹਿਲੀ ਵਾਰ ਨਵਨੀਤ ਕੌਰ ਨੂੰ ਲੱਗਿਆ ਕਿ ਉਹ 'ਪਾਵਰ-ਲਿਫਟਰ' ਬਣ ਸਕਦੀ ਹੈ।

ਘਰ ਵਿਚ ਪਿਤਾ ਜੀ ਦੀ ਮੌਤ ਦਾ ਮਾਹੌਲ ਅਜੇ ਵੀ ਤਾਜ਼ਾ ਸੀ ਅਤੇ ਇਸ ਤਰ੍ਹਾਂ ਦੇ ਮੁਕਾਬਲੇ ਵਿਚ 'ਟੂ-ਪੀਸ' ਡਰੈੱਸ ਹੋਣ ਕਾਰਨ ਨਵਨੀਤ ਕੌਰ ਨੇ ਆਪਣੇ ਘਰ ਇਸ ਬਾਰੇ ਕੋਈ ਜ਼ਿਕਰ ਨਹੀਂ ਸੀ ਕੀਤਾ। ਪਤਾ ਨਹੀਂ ਕਿੱਥੋਂ ਭਰਾ ਨੂੰ ਪਤਾ ਲੱਗ ਗਿਆ ਅਤੇ ਉਸ ਨੇ ਗੁੱਸਾ ਕਰਦੇ ਹੋਏ ਮਾਂ ਨੂੰ ਸ਼ਿਕਾਇਤ ਲਾਉਣ ਦੀ ਧਮਕੀ ਦਿੱਤੀ। ਇੱਕ ਵਾਰ ਫੇਰ ਹੌਂਸਲਾ ਤਾਸ਼ ਦੇ ਪੱਤਿਆਂ ਵਾਂਗ ਢਹਿ ਗਿਆ ਅਤੇ ਉਹ ਘਰ ਬੈਠ ਗਈ। ਜਿਨ੍ਹਾਂ ਲੋਕਾਂ ਨੇ ਨਵਨੀਤ ਕੌਰ ਦੀ ਕਾਬਲੀਅਤ ਨੂੰ ਵੇਖਿਆ ਸੀ, ਉਨ੍ਹਾਂ ਨੇ ਹੌਂਸਲਾ ਵਧਾਇਆ, ਤਾਂ ਉਸ ਨੂੰ ਲੱਗਿਆ ਕਿ ਜੇਕਰ ਉਹ ਆਪਣੀ ਕਾਬਲੀਅਤ ਨੂੰ ਸਾਬਿਤ ਕਰ ਸਕੀ ਤਾਂ ਮਾਂ ਨੂੰ ਵੀ ਮਾਣ ਮਹਿਸੂਸ ਕਰਵਾ ਸਕਦੀ ਹੈ। ਆਪਣੀਆਂ ਔਕੜਾਂ ਨੂੰ ਜ਼ਿੱਦ ਬਣਾ ਕੇ ਇੱਕ ਵਾਰ ਫੇਰ ਨਵਨੀਤ ਕੌਰ ਨੇ ਕੁਝ ਕਰ ਗੁਜਰਨ ਦਾ ਮਨ ਬਣਾ ਲਿਆ।

ਬੱਸ ਫੇਰ ਕੀ ਸੀ? ਨਵਨੀਤ ਕੌਰ ਨੇ ਜੀਅ ਤੋੜ ਦਿਨ-ਰਾਤ ਮਿਹਨਤ ਕੀਤੀ, ਅਤੇ ਆਪਣੇ ਕਠੋਰ 'ਤਪ' ਦੇ ਬਲਬੂਤੇ ਉਸ ਨੇ ਇੱਕ ਦੇ ਪਿੱਛੇ ਇੱਕ, ਲਗਾਤਾਰ ਸਾਰੇ ਮੁਕਾਬਲੇ ਜਿੱਤੇ ਅਤੇ ਦਸੰਬਰ 2017 ਤੋਂ ਲੈ ਕੇ 2018 ਮਾਰਚ ਤੱਕ ਮਾਤਰ ਚਾਰ ਮਹੀਨਿਆਂ ਵਿਚ 'ਨੈਸ਼ਨਲ ਪਾਵਰ ਲਿਫਟਰ' ਬਣ, ਆਪਣੀ ਕਾਮਯਾਬੀ ਦਾ ਝੰਡਾ ਝੁਲਾ ਦਿੱਤਾ। ਕਾਮਯਾਬੀ ਦੀਆਂ ਪੁਲਾਂਘਾਂ ਭਰਦੀ ਨਵਨੀਤ ਕੌਰ ਆਪਣੇ ਸਫਰ 'ਤੇ ਲਗਾਤਾਰ ਅੱਗੇ ਵਧ ਰਹੀ ਸੀ, ਪਰੰਤੂ ਨਾਲ ਹੀ ਚੁਣੌਤੀਆਂ ਵੀ ਆਪਣਾ ਪਾਸਾਰਾ ਚੌੜਾ ਕਰ ਰਹੀਆਂ ਸਨ। 2018 ਵਿਚ ਦਿੱਲੀ ਸਰਕਾਰ ਨੇ ਗ਼ੈਰ-ਵਪਾਰਕ ਸੰਪਤੀਆਂ ਨੂੰ ਸੀਲ ਕਰਨ ਦਾ ਕਾਨੂੰਨ ਜਾਰੀ ਕੀਤਾ। ਚੱਲਦਾ ਕੰਮ ਠੱਪ ਹੋ ਗਿਆ। ਇੰਸਟੀਚਿਊਟ ਉਪਰ ਲੱਗਿਆ ਪੈਸਾ ਮਿੱਟੀ ਹੋ ਗਿਆ। ਕਿਸੇ ਨੇ ਵੀ ਰਕਮ ਨਹੀਂ ਮੋੜੀ। ਆਮਦਨ ਲਈ ਨਵੀਂ ਜੱਦੋ-ਜਹਿਦ ਸ਼ੁਰੂ ਹੋ ਗਈ।

ਜਮਸ਼ੇਦਪੁਰ ਵਿਚ 'ਪਾਵਰ-ਲਿਫਟਿੰਗ' ਦਾ ਮੁਕਾਬਲਾ ਸੀ। ਪੂਰੀ ਤਿਆਰੀ ਹੋ ਚੁੱਕੀ ਸੀ। ਪਰ ਐਨ੍ਹ ਸਿਰੇ 'ਤੇ ਆ ਕੇ ਨਵਨੀਤ ਕੌਰ ਦੀਆਂ ਅੱਖਾਂ ਨੂੰ 'ਕੰਜੈਕਟਿਵ-ਵਾਇਰਸ' ਹੋ ਗਿਆ। ਦੋਵੇ ਅੱਖਾਂ ਸੁਰਖ ਲਾਲ ਅਤੇ ਚਿੱਪਕੀਆਂ ਹੋਈਆਂ, ਜਿਨ੍ਹਾਂ ਨੂੰ ਖੋਲ੍ਹਣ ਵਿਚ ਬਹੁਤ ਹੀ ਤਕਲੀਫ਼ ਹੋ ਰਹੀ ਸੀ। ਪਰ ਉਸ ਨੇ ਆਪਣੀ ਜ਼ਿੱਦ ਨੂੰ ਸ਼ਿਖਰ 'ਤੇ ਰੱਖਿਆ ਅਤੇ ਮੁਕਾਬਲੇ ਵਿਚ ਹਿੱਸਾ ਲਿਆ। ਸਾਰੇ ਮੁਕਾਬਲੇ ਨੂੰ ਬੰਦ ਅੱਖਾਂ ਨਾਲ ਲੜਿਆ। ਬੱਸ ਜਦੋਂ ਉਸ ਦੀ ਵਾਰੀ ਆਉਂਦੀ ਸੀ, ਉਦੋਂ ਹੀ ਵਿਸ਼ਾਲ ਗੁਪਤਾ ਦੀ ਮਦਦ ਨਾਲ ਆਪਣੀ 'ਲਿਫਟ' ਕਰਨ ਲਈ ਸਟੇਜ ਉਪਰ ਜਾ ਕੇ ਆਪਣੀਆਂ ਅੱਖਾਂ ਖੋਲ੍ਹਦੀ ਸੀ। ਇਸ ਮੁਕਾਬਲੇ ਵਿਚ ਨਵਨੀਤ ਕੌਰ ਦਾ ਨਾਮ "ਲਾਲ ਅੱਖਾਂ ਵਾਲੀ ਕੁੜੀ" ਪੈ ਗਿਆ ਸੀ। ਸਰੀਰਕ ਔਕੜਾਂ ਨੂੰ ਚੁਣੌਤੀ ਦੇ ਨਵਨੀਤ ਕੌਰ ਇਸ ਮੁਕਾਬਲੇ ਨੂੰ 'ਗੋਲਡ ਮੈਡਲ' ਲੈ ਕੇ ਜਿੱਤੀ।

2018 ਵਿਚ ਮੁੰਬਈ ਦੇ ਇੱਕ ਮੁਕਾਬਲੇ ਦੌਰਾਨ ਨਵਨੀਤ ਕੌਰ ਨੂੰ ਇਕ 'ਵੂਮੈਨ ਗਰੁੱਪ' ਮਿਲਿਆ, ਜਿਸ ਵਿਚ ਲੜਕੀਆਂ ਦੇ ਜਿੱਤਣ ਦੀ ਤਾਦਾਦ ਬਹੁਤ ਜ਼ਿਆਦਾ ਸੀ, ਉਸ ਨੇ ਉਹ ਗਰੁੱਪ ਜੁਆਇਨ ਕਰ ਲਿਆ। ਫੇਰ ਕੀ ਸੀ? ਉਤਸਾਹ ਇਤਨਾਂ ਜ਼ਿਆਦਾ ਵਧ ਗਿਆ ਕਿ 2018 ਅਤੇ 2019 ਦੇ ਸਾਰੇ ਮੁਕਾਬਲਿਆਂ ਨੂੰ ਲਗਾਤਾਰ ਜਿੱਤ ਕੇ ਆਪਣੀ ਜਿੱਤ ਦਾ ਸੰਖਨਾਦ ਵਜਾ ਦਿੱਤਾ। ਇਸ ਤੋਂ ਬਾਅਦ ਜਨਵਰੀ 2019 ਵਿਚ ਨਵਨੀਤ ਕੌਰ ਨੇ 'ਫਿੱਟ-ਫੈਕਟਰ' ਟਾਈਟਲ ਉਤੇ ਆਪਣੀ ਮੋਹਰ ਲਗਾ ਦਿੱਤੀ। ਪਰ ਅਜੇ ਵੀ ਆਪਣੇ ਪਿਤਾ ਜੀ ਨੂੰ ਆਪਣੀ ਕਾਮਯਾਬੀ ਨਾ ਵਿਖਾ ਸਕਣ ਦਾ ਦੁੱਖ ਕਿਤੇ ਗਹਿਰੇ ਅੰਦਰ ਦੱਬਿਆ ਹੋਇਆ ਸੀ। 'ਫਿੱਟ-ਫੈਕਟਰ' ਜਿੱਤਣ ਤੋਂ ਬਾਅਦ ਉੱਥੇ ਹੀ ਬੈਠ ਕੇ ਪਿਤਾ ਜੀ ਨੂੰ ਯਾਦ ਕਰਕੇ ਭੁੱਬਾਂ ਮਾਰ-ਮਾਰ ਕੇ ਰੋਈ। ਇਸੇ ਜਿੱਤ ਵਿਚ ਹੀ ਨਵਨੀਤ ਕੌਰ ਨੂੰ ਇੰਗਲੈਂਡ ਜਾਣ ਦਾ ਸੱਦਾ ਮਿਲਿਆ, ਇੱਥੇ ਵੀ ਕਿਸਮਤ ਨੇ ਔਕੜ ਪਾ ਦਿੱਤੀ ਅਤੇ ਪਰਿਵਾਰ ਦੇ ਕਿਸੇ ਮੁੱਦੇ ਕਾਰਨ ਇਹ ਮੌਕਾ ਖੁੰਝ ਗਿਆ......ਫੇਰ ਇੱਕ ਵਾਰ ਨਵਨੀਤ ਕੌਰ ਨੂੰ ਨਿਰਾਸ਼ਾ ਨੇ ਆਪਣੀ ਬੁੱਕਲ ਵਿਚ ਭਰ ਲਿਆ, ਉਸ ਨੇ ਬਹੁਤ ਮਲਾਲ ਕੀਤਾ ਕਿ ਬੱਸ ਸਫ਼ਰ ਖ਼ਤਮ ਹੋ ਗਿਆ, ਹੁਣ ਕੁਝ ਮੁੜ ਹਾਸਲ ਨਹੀਂ ਹੋਣਾ।

ਕਹਿੰਦੇ ਨੇ ਕਿ ਪੁੰਗਰਣ ਵਾਲੇ ਬੀਜ ਨੂੰ ਸੂਰਜ ਦੀ ਰੌਸ਼ਨੀ ਕਿਤੇ ਨਾ ਕਿਤੋਂ ਜ਼ਰੂਰ ਮਿਲ ਜਾਂਦੀ ਹੈ। ਨਵਨੀਤ ਕੌਰ ਨੂੰ ਰਜਤ ਸਰ ਨੇ 'ਫਿੱਟਨੈੱਸ' ਨਾਮ ਦੀ ਇੱਕ 'ਸੰਸਾਰ ਪੱਧਰ' ਦੀ ਕੈਟਾਗਰੀ ਨੂੰ ਜੁਆਇੰਨ ਕਰਨ ਦੀ ਸਲਾਹ ਦਿੱਤੀ। ਨਵਨੀਤ ਕੌਰ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਇਸ ਵਿਚ 'ਟੂ-ਪੀਸ' ਜਾਂ ਛੋਟੇ ਕੱਪੜੇ ਨਹੀਂ ਸੀ ਪਾਉਣੇ ਪੈਂਣੇ ਅਤੇ ਇਸ ਬਾਰੇ ਪਰਿਵਾਰ ਵਿਚ ਵੀ ਖੁੱਲ੍ਹ ਕੇ ਦੱਸ ਸਕਦੀ ਸੀ। ਨਵਨੀਤ ਕੌਰ ਨੇ ਸਿਰੇ ਦੀ ਮਿਹਨਤ ਕਰਕੇ ਇਸ ਮੁਕਾਬਲੇ ਨੂੰ 'ਸਿਲਵਰ ਮੈਡਲ' ਨਾਲ ਜਿੱਤਿਆ।

ਆਪਣੇ ਸੁਪਨਿਆਂ ਨੂੰ ਸੱਚ ਕਰਨ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ। ਪਰੰਤੂ ਇੱਕ ਰੋੜਾ ਕੁਦਰਤ ਨੇ ਵੀ ਨਵਨੀਤ ਕੌਰ ਦੇ ਰਾਹ ਵਿਚ ਆਣ ਸੁੱਟਿਆ। ਕਰੋਨਾ ਵਾਇਰਸ ਫੈਲ ਗਿਆ, ਉਸ ਦੇ ਦੋ ਸਾਲ ਘਰ ਦੀ ਚਾਰਦੀਵਾਰੀ ਨੂੰ ਤੱਕਦਿਆਂ ਹੀ ਲੰਘ ਗਏ। ਇੱਕ ਜਨੂੰਨ ਜਿਹਾ ਦਿਮਾਗ ਵਿਚ ਹੁੱਝਾਂ ਮਾਰਦਾ ਰਿਹਾ, ਜਿਸ ਨੂੰ 2021 ਵਿਚ 'ਗੋਲਡ ਮੈਡਲ' ਜਿੱਤ ਕੇ ਉਸ ਨੂੰ ਸ਼ਾਂਤ ਕੀਤਾ। ਪ੍ਰੰਤੂ 'ਪ੍ਰੋ-ਕਾਰਡ' ਫੇਰ ਵੀ ਨਾ ਬਣ ਸਕੀ।

ਸੰਘਰਸ਼ ਦੇ ਆਸ਼ਕਾਂ ਦੀ ਕਦੇ ਹਾਰ ਨਹੀਂ ਹੁੰਦੀ। ਆਖਰਕਾਰ 2022 ਵਿਚ ਆਪਣੀਆਂ ਸਾਰੀਆਂ ਔਕੜਾਂ ਨੂੰ ਅੰਗੂਠਾ ਵਿਖਾਉਂਦੇ ਹੋਏ 'ਫਿੱਟਨੈੱਸ ਮੁਕਾਬਲਾ' ਖੇਡਿਆ ਅਤੇ 'ਪ੍ਰੋ-ਕਾਰਡ' ਦਾ ਮੁਕਟ ਆਪਣੇ ਸਿਰ 'ਤੇ ਸਜਾਇਆ। ਨਵਨੀਤ ਕੌਰ ਨੇ ਪਹਿਲੀ ਵਾਰ ਆਪਣੀ ਮਾਂ ਨੂੰ ਖੁੱਲ੍ਹ ਕੇ ਸਭ ਕੁਝ ਦੱਸਿਆ। ਅੱਜ ਉਸ ਦੀ ਮਾਂ ਨਵਨੀਤ ਕੌਰ ਦੀ ਸਭ ਤੋਂ ਵੱਡੀ ਸਮਰਥਕ ਅਤੇ ਸਹਿਯੋਗੀ ਹੈ। ਇਸੇ ਪਰਿਵਾਰ ਅਤੇ ਸਮਾਜ ਵਿਚ ਆਪਣੀ ਬੇਟੀ ਬਾਰੇ ਦੱਸਦਿਆਂ ਨਹੀਂ ਥੱਕਦੀ। ਮਾਂ ਉਦੋਂ ਬਹੁਤ 'ਮਾਣ' ਨਾਲ ਭਰ ਜਾਂਦੀ ਹੈ, ਜਦੋਂ ਲੋਕ ਕਹਿੰਦੇ ਨੇ, "ਨਵਨੀਤ ਦੀ ਮਾਂ ਹੈ!" ਕਈ ਵਾਰ ਮਾਂ ਮਹਿਸੂਸ ਵੀ ਕਰਦੀ ਹੈ ਕਿ ਪਰਿਵਾਰ ਨੇ ਉਸ ਦੀ ਕਾਬਲੀਅਤ ਨੂੰ ਪਰਖਣ ਵਿਚ ਦੇਰ ਕਰ ਦਿੱਤੀ ਹੈ।

ਚਾਰ ਸਾਲ ਦੇ ਅਣਥੱਕ ਸੰਘਰਸ਼ ਕਰਕੇ ਨਵਨੀਤ ਕੌਰ ਨੇ ਕੁੱਲ ਅੱਠ ਗੋਲਡ ਮੈਡਲ ਅਤੇ ਬਹੁਤ ਸਾਰੇ ਸਿਲਵਰ ਅਤੇ ਬਾਕੀ ਹੋਰ ਕਈ ਇਨਾਮ ਜਿੱਤੇ ਹਨ, ਇਸ ਦੇ ਨਾਲ ਹੀ 'ਪ੍ਰੋ-ਕਾਰਡ ਉਲੰਪੀਆ' ਅਤੇ 'ਮਿਆਮੀ-ਪ੍ਰੋ' (ਯੂ.ਐੱਸ.) ਖਿਤਾਬ ਪਾ ਕੇ ਇਕ ਮੁਕੰਮਲ ਸਥਾਨ ਹਾਸਲ ਕੀਤਾ ਹੈ। ਅੱਜ ਨਵਨੀਤ ਕੌਰ ਇੱਕ ਟਰੇਨਰ ਅਤੇ 'ਡਾਇਟ-ਐਕਸਪਰਟ' ਹੈ। 'ਫਿੱਟਨੈੱਸ' ਅਤੇ ਕੋਰਿਉਗਰਾਫੀ ਦੀਆਂ ਕਲਾਸਾਂ ਨੈਸ਼ਨਲ ਅਤੇ ਇੰਟਰਨੈਸ਼ਨਲ ਤੇ 'ਔਨ ਲਾਈਨ' ਅਤੇ 'ਔਫ ਲਾਈਨ' ਲੈ ਰਹੀ ਹੈ। ਇਹ ਕਲਾਸਾਂ ਦੇਸ਼ ਅਤੇ ਵਿਦੇਸ਼ਾਂ ਵਿਚ ਚੱਲ ਰਹੀਆਂ ਹਨ। ਇਸ ਦੇ ਨਾਲ-ਨਾਲ ਨਵਨੀਤ ਕੌਰ ਆਪਣੀ ਅੰਤਰਰਾਸ਼ਟਰੀ ਪੱਧਰ 'ਤੇ ਖੇਡਣ ਦੀ ਤਿਆਰੀ ਵਿਚ ਜੋਰਾਂ-ਸ਼ੋਰਾਂ ਨਾਲ ਜੁਟੀ ਹੋਈ ਹੈ। ਆਪਣੇ ਜਨੂੰਨ ਦਾ ਲੋਹਾ ਮੰਨਵਾਉਣ ਵਾਲੀ ਇਸ ਮਹਾਨ ਬੇਟੀ ਨੂੰ ਸਾਡੀਆਂ ਬਹੁਤ ਸਾਰੀਆਂ ਸ਼ੁਭ ਕਾਮਨਾਵਾਂ ਹਨ। ਆਪਣੇ ਵਜੂਦ ਨਾਲ ਦੇਸ਼, ਕੌਮ ਅਤੇ ਪਰਿਵਾਰ ਨੂੰ ਮਾਣ ਦੇਣ ਵਾਲੀ ਇਸ ਨਵਨੀਤ ਕੌਰ ਨੇ ਇਤਿਹਾਸ ਵਿਚ ਆਪਣਾ ਨਾਮ ਦਰਜ ਕਰਵਾ ਕੇ ਆਉਣ ਵਾਲੀ ਪੀੜ੍ਹੀ ਨੂੰ ਬੁਲੰਦ ਹੌਂਸਲੇ ਦੀ ਮਿਸਾਲ ਦਿੱਤੀ ਹੈ।

ਨੋਟ: ਨਵਨੀਤ ਕੌਰ ਤੋਂ ਕਿਸੇ ਤਰ੍ਹਾਂ ਦੀ ਸਲਾਹ ਅਤੇ ਕੋਰਸ ਲਈ ਸੰਪਰਕ ਕਰਨ ਲਈ ਈਮੇਲ ਕਰ ਸਕਦੇ ਹੋ:
**trinitynavneet@gmail.com**



## "ਦਿਲ ਦੇ ਕਰੀਬ" ਕਿਤਾਬ ਵਿਚੋਂ ਕੁਝ

1) ਭੁੱਲਣਾ ਬਹੁਤ ਔਖਾ ਤੇਰੇ ਅਹਿਸਾਸਾਂ ਨੂੰ
ਜਿਵੇਂ ਜਰਨਾ ਬਹੁਤ ਔਖਾ ਸੀ ਤੇਰੇ ਅਲਫਾਜ਼ਾਂ ਨੂੰ
2) ਆਪਣੇ ਹਿੱਸੇ ਦਾ ਮੌਣ ਮੈਂ ਧਾਰੀ ਬੈਠੀਂ ਹਾਂ
ਤੇਰੀ ਖਾਮੀਆਂ ਦਾ ਬੋਝ ਮੈਂ ਸਾਂਭੀ ਬੈਠੀ ਹਾਂ
ਆਪਣੇ ਅੰਦਰ ਦੇ ਇਸ ਜ਼ਲਜ਼ਲੇ ਨੂੰ
ਹਾਸਿਆਂ ਦਾ ਮਖੌਟਾ ਚੜ੍ਹਾਈ ਬੈਠੀ ਹਾਂ
3) ਚੁੱਪ ਵਿਚ ਸਕੂਨ ਹੈ ਤਕਲੀਫਾਂ ਦਾ ਜਨੂਨ ਹੈ
ਚੀਸਾਂ ਤੇਰੀ ਯਾਦਾਂ ਦੀਆਂ ਮੇਰੀ ਜ਼ਿੰਦਗੀ ਦਾ ਮਜਮੂਨ ਹੈ
4) ਇੱਕ ਚੁੱਪ ਨਾਲ ਜ਼ਿੰਦਗੀ ਦਾ ਸਫਰ ਸੌਖਾ ਹੋ ਜਾਂਦਾ ਹੈ
ਸਮਝ ਹੀ ਹੁਣ ਆਇਆ
ਕਾਸ਼ ਬਹੁਤ ਚਿਰ ਪਹਿਲਾਂ ਹੀ ਚੁੱਪ ਹੋ ਜਾਂਦੀ
5) ਜ਼ਿੰਦਗੀ ਨੇ ਖੇਡਦੇ ਰਹਿਣਾ ਸਭ ਦੇ ਜਜ਼ਬਾਤਾਂ ਨਾਲ
ਖੁਦ ਸੰਭਲ ਕੇ ਚੱਲਣਾ ਪੈਣਾ ਆਪਣੇ ਹਲਾਤਾਂ ਨਾਲ
6) ਪੁੱਤਰਾਂ ਨੇ ਘਰ ਛੱਡਿਆ ਪਰਦੇਸਾਂ ਲਈ
ਧੀਆਂ ਨੇ ਘਰ ਛੱਡਿਆ ਨਵੀਂ ਜ਼ਿੰਦਗੀ ਲਈ
ਇਕੱਲਾਪਣ ਆਇਆ ਮਾਪਿਆਂ ਦੇ ਹਿੱਸੇ
ਜਿੰਨਾਂ ਪਾਲਿਆ ਸੀ ਫੁੱਲਾਂ ਨੂੰ ਬੁੜਾਪੇ ਲਈ
7) ਕਿਸੇ ਦੇ ਅਲਫਾਜ਼ ਉਹ ਮਾਰ ਮਾਰਦੇ ਹਨ
ਜੋ ਤੁਹਾਨੂੰ ਖੁਦ ਨਾਲ
ਸਵਾਲ ਕਰਨ 'ਤੇ ਮਜਬੂਰ ਕਦ ਦਿੰਦੇ ਹਨ
8) ਅਹਿਸਾਸ ਹੈ ਇਹ ਸੱਚਾਈ ਦਾ
ਤਕਲੀਫਾਂ ਉਮਰ ਹੰਢਾਈਆਂ ਨੇ
ਸਧਰਾਂ ਦੇ ਦਿਲ ਚੀਰੇ ਨੇ
ਈਰਖਾ ਸੰਘ ਲੰਘਾਇਆਂ ਨੇ
9) ਜਦ ਲੜਾਈ ਹੀ ਖੁਦ ਨਾਲ ਹੋਵੇ
ਫਿਰ ਗਲ ਮੁਕਾਊ ਕੌਣ ਵੇ
ਸ਼ਿਕਾਇਤ ਲਾਊ ਕੌਣ ਵੇ
ਸਜ਼ਾ ਸੁਣਾਊ ਕੌਣ ਵੇ
10) ਤੁਸੀਂ ਮੇਰੀ ਗੱਲ ਦੀ ਗਹਰਾਈ ਨੂੰ ਸਮਝੇ
ਇਹ ਹੀ ਬਹੁਤ ਏ
ਇੱਥੇ ਜ਼ਿੰਦਗੀ ਗੁਜ਼ਰ ਗਈ ਇਸ ਚਾਹਤ ਵਿਚ
ਕੇ ਕੋਈ ਮੇਰੀ ਗਲ ਨੂੰ ਸਮਝੇ

**-ਰਸ਼ਪਿੰਦਰ ਕੌਰ ਗਿੱਲ**
**ਲੇਖਕ, ਐਂਕਰ, ਸੰਪਾਦਕ, ਪ੍ਰਧਾਨ- ਪੀਂਘਾਂ ਸੋਚ ਦੀਆਂ ਸਾਹਿਤ ਮੰਚ, ਪਬਲਿਕੇਸ਼ਨ, ਵੈੱਬ ਚੈਨਲ, ਮੈਗਜ਼ੀਨ, ਸਿੱਖੀ ਫਰਜ਼ ਸਕਾਲਰਸ਼ਿਪ**
+91-98886-97078
(Punjab Mail USA)

## ਨਜ਼ਮ

ਮੇਰੀ ਜ਼ਿੰਦਗੀ ਰਾਤ ਹੈ ਮੱਸਿਆ ਦੀ, ਜੱਗ ਲਈ ਦੀਵਾਲੀਆਂ ਆਉਣਗੀਆਂ।
ਦਿਲ ਦਰਿਆ ਵਿਚੋਂ ਗ਼ਮ ਦੀਆਂ ਲਹਿਰਾਂ, ਮੇਰੇ ਸਬਰ ਦੇ ਕੰਢੜੇ ਢਾਉਣਗੀਆਂ।
ਕਿਸ ਦੇ ਤਾਈਂ ਸਣਾਉ ਮੈਂ ਦਰਦ ਆਪਣਾ, ਮੇਰਾ ਦਰਦ ਇਹ ਕਿਸੇ ਉਲੀਕਣਾ ਨਹੀਂ।
ਕਿਹੜੀ ਖੁਸ਼ੀ ਨਾਲ ਪਰਤ ਕੇ ਜਾਊਂ ਘਰ ਨੂੰ, ਖੜ੍ਹ ਕੇ ਬੂਹੇ ਜੇ ਕਿਸੇ ਉਡੀਕਣਾ ਨਹੀਂ।
ਚੋਰੀ ਤੁਰ ਗਈਓਂ ਇਕ ਵਾਰ ਜੇ ਦੱਸ ਦੇਂਦੀ, ਜ਼ਖਮ ਦਿਲ ਦੇ ਇਕ ਵਾਰ ਤਾਂ ਧੋ ਲੈਂਦਾ।
ਭਾਵੇਂ ਟਾਲ ਨਹੀਂ ਸਾਂ ਸਕਦਾ ਮੌਤ ਤੇਰੀ, ਕਰ ਕੇ ਦੋ ਮੱਲਾਂ ਰੱਜ ਕੇ ਰੋ ਲੈਂਦਾ।
ਘਰ ਤੇਰੇ ਭਗਵਾਨ ਸੀ ਕੀ ਘਾਟਾ, ਅਪਣਾ ਹੁਕਮ ਜ਼ਰਾ ਕੁ ਉਹ ਠੱਲ੍ਹ ਲੈਂਦਾ।
ਜਿਸ ਦੇ ਲਈ ਨਹੀਂ ਸੀ ਜਾਣੀ ਜਾਨ ਆਪਣੀ, ਕਰ ਓਸ ਨਾਲ ਆਖਰੀ ਗੱਲ ਲੈਂਦਾ।
ਢਿੱਡ ਭਰੇ ਹਕੀਮਾਂ ਤੇ ਡਾਕਟਰਾਂ ਦੇ, ਢਿੱਡੋਂ ਕਈ ਵਾਰ ਭੁੱਖਾ ਰਹਿ ਰਹਿ ਕੇ।
ਤੇਰੀ ਜਾਨ ਬਚਾਣ ਦੇ ਯਤਨ ਕੀਤੇ, ਦੁਖ ਆਪਣੀ ਜਾਨ 'ਤੇ ਸਹਿ-ਸਹਿ ਕੇ।
ਖੁਸ਼ੀ ਰਹੀ ਨਾ ਵਿਚ ਜਹਾਨ ਕੋਈ, ਕਿਸ ਦੀ ਆਸ 'ਤੇ ਵਕਤ ਗੁਜ਼ਾਰਲਾਂਗਾ।
ਸਾਥ ਛੱਡ ਗਏ ਜੱਗ ਦੇ ਸਭ ਦਰਦੀ, ਕਿਸ ਕੋ ਦਿਲ ਕਾ ਭਾਰ ਉਤਾਰਲਾਂਗਾ।
ਗਈ ਉੱਥੇ ਜਿੱਥੇ ਨਾ ਕੋਈ ਪਰਤ ਸਕਦਾ, ਹੋ ਗਈ ਖਤਮ ਸਦਾ ਲਈ ਤਰੀਕ ਤੇਰੀ।
ਐਪਰ ਦਰਦੀ ਦੇ ਤੜਪਦੇ ਦਿਲ ਤਾਂਈ, ਮਰਦੇ ਦਮ ਤੱਕ ਰਹੂ ਉਡੀਕ ਤੇਰੀ।
ਤੇਰੀ ਦੀਦ ਨੂੰ ਤਰਸਦੇ ਨੈਣ ਮੇਰੇ, ਪੈ-ਪੈ ਹੌਕਿਆਂ ਦਾ ਸੇਕ ਉਹ ਸੁੱਕ ਗਏ ਨੇ।
ਸਾਗਰ ਭਰੇ ਹੋਏ ਸਨ ਜੋ ਹੰਝੂਆਂ ਦੇ, ਤੇਰੀ ਯਾਦ ਅੰਦਰ ਰੋ-ਰੋ ਕੇ ਮੁੱਕ ਗਏ ਨੇ।
ਮਨੋ ਭੁਲਾ ਨਾ ਦਈਂ ਤੂੰ ਕਿਸੇ ਹੀਲੇ, ਨਾਓਂ ਬਦਕਿਸਮਤ ਮੇਰਾ ਦਾ ਯਾਦ ਰੱਖੀਂ।
ਭਾਣਾ ਪਰਤ ਭਗਵਾਨ ਦਾ ਆਊਂ ਮੈਂ ਵੀ, 'ਦਰਦੀ' ਲਈ ਸਵਰਗ ਵਿਚ ਥਾਂ ਰੱਖੀਂ।

**-ਸਤਨਾਮ ਸਿੰਘ ਦਰਦੀ (ਚਾਨੀਆਂ-ਜਲੰਧਰ)**
92569-73526
**(Punjab Mail USA)**



## 'ਯਾਦ ਰੱਖਣ ਯੋਗ ਗੱਲਾਂ'

**ਹਰਦੀਪ ਸਿੰਘ ਸੋਢੀ ਨੜਾਲਾ**
ਫੀਨਿਕਸ 480-794-0325



- ਕਿਸੇ ਦੇ ਬੋਲਚਾਲ ਦਾ ਲਹਿਜ਼ਾ ਦੱਸ ਦੇਂਦਾ ਹੈ ਕਿ ਇਸ ਨੂੰ ਪਾਲਿਆ ਗਿਆ ਸੀ ਜਾਂ ਇਸ ਦੀ ਪਰਵਰਿਸ਼ ਹੋਈ ਸੀ।
- ਅੰਗਰੇਜ਼ੀ ਇੱਕ ਭਾਸ਼ਾ ਹੈ, ਸਿਆਣੇ ਹੋਣ ਦਾ ਸਰਟੀਫਿਕੇਟ ਨਹੀਂ।
- ਜਿਵੇਂ ਸ਼ੀਸ਼ੇ 'ਤੇ ਧੂੜ ਦਿਸਣੀ ਲਾਜ਼ਮੀ ਹੈ, ਮਿੱਠੇ 'ਤੇ ਮੱਖੀ ਬੈਠਣੀ ਲਾਜ਼ਮੀ ਹੈ, ਇਸੇ ਤਰ੍ਹਾਂ ਅਣਖੀ ਬੰਦੇ ਨੂੰ ਮਾਰ ਪੈਣੀ ਵੀ ਲਾਜ਼ਮੀ ਹੁੰਦੀ ਹੈ।
- ਕਮਜ਼ੋਰ ਕੋਈ ਨਹੀਂ ਹੁੰਦਾ, ਸਿਰਫ ਮਜਬੂਰੀਆਂ ਬੰਦੇ ਨੂੰ ਕਮਜ਼ੋਰ ਕਰ ਦੇਂਦੀਆਂ ਹਨ ਤੇ ਚਲਾਕ ਲੋਕ ਕਮਜ਼ੋਰੀਆਂ ਦਾ ਫਾਇਦਾ ਉਠਾ ਕੇ ਖੁਦ ਨੂੰ ਸ਼ੇਰ ਸਮਝਣ ਲੱਗਦੇ ਹਨ।
- ਉਹ ਲੋਕ ਬਹੁਤ ਸਿਆਣੇ ਬੰਦੇ ਹਨ, ਜਿਹੜੇ ਘਰ ਦੀ ਕਮਾਈ ਅਤੇ ਘਰੇਲੂ ਲੜਾਈ ਦਾ ਲੋਕਾਂ ਨੂੰ ਪਤਾ ਨਹੀਂ ਲੱਗਣ ਦੇਂਦੇ।
- ਸਾਈਕਲ ਚਲਾਉਣ ਨਾਲ ਲੱਤਾਂ ਦੁਖਣ 'ਤੇ ਬੰਦਾ ਸਕੂਟਰ ਲੈ ਲੈਂਦਾ ਹੈ, ਸਕੂਟਰ ਚਲਾ ਕੇ ਪਿੱਠ ਦੁਖੇ ਤੇ ਕਾਰ ਲੈਣੀ ਪੈਂਦੀ ਹੈ, ਕਾਰ ਚਲਾਉਣ ਨਾਲ ਮੋਟਾਪਾ ਆਇਆ ਤੇ ਸਾਈਕਲ ਚਲਾਉ। ਇਸ ਨੂੰ ਕਹਿੰਦੇ ਹਨ ਰੀਸਾਈਕਲਿੰਗ।
- ਉਨ੍ਹਾਂ ਦੀ ਜ਼ਿੰਦਗੀ ਬਹੁਤ ਖੁਸ਼ਗਵਾਰ ਹੋ ਨਿਬੜਦੀ ਹੈ, ਜਿਨ੍ਹਾਂ ਨੂੰ ਸਾਥੀ ਪਰਖਣ ਵਾਲਾ ਨਹੀਂ, ਸਮਝਣ ਵਾਲਾ ਮਿਲਿਆ ਹੋਵੇ।

**(Punjab Mail USA)**

## "ਮੋਰਚਾ ਗੁਰੂ ਕਾ ਬਾਗ"

ਸ੍ਰੀ ਅੰਮ੍ਰਿਤਸਰ ਵਿਚ ਸੰਗਤਾਂ ਲਈ ਜੋ ਲੰਗਰ ਚਲਦੇ
ਗੁਰੂ ਕੇ ਬਾਗ 'ਚੋਂ ਲਿਆਕੇ ਲੱਕੜਾਂ ਸੀ ਚੁੱਲੇ ਬਲ਼ਦੇ
ਸੇਵਾ ਕਰਦੀਆਂ ਸੰਗਤਾਂ ਸੀ ਮਨ ਚਿੱਤ ਲਾਕੇ।
ਸਾਂਭ ਸੰਭਾਲ ਵੀ ਕਰਦੀਆਂ ਇਸ ਬਾਗ ਦੀ ਆ ਕੇ।

ਸ੍ਰੀ ਗੁਰੂ ਤੇਗ ਬਹਾਦਰ ਇਸ ਸਥਾਨ 'ਤੇ ਆਏ
ਗੁਰਮਤਿ ਦੇ ਸਤਿਗੁਰਾਂ ਨੇ ਉਪਦੇਸ ਸੁਣਾਏ
ਪੂਜਨੀਕ ਅਸਥਾਨ 'ਤੇ ਸਭ ਸੀਸ ਝੁਕਾਉਂਦੇ।
ਸਤਿਗੁਰ ਹੱਥ ਸਿਰ ਰੱਖ ਕੇ ਸਭ ਦੇ ਦੁੱਖ ਮਿਟਾਉਂਦੇ।

ਅੰਗਰੇਜ਼ੀ ਸਰਕਾਰ ਨੇ ਕਈ ਚਾਲਾਂ ਚੱਲੀਆਂ
ਮਹੰਤ ਅਪਣੇ ਥਾਪ ਕੇ ਕਈ ਥਾਵਾਂ ਮੱਲੀਆਂ
ਗੋਰਿਆਂ ਸੁੰਦਰ ਦਾਸ ਨੂੰ ਏਥੇ ਮਹੰਤ ਥਾਪਿਆ।
ਮਹੰਤ ਇਹ ਗੁਰੂ ਕੇ ਬਾਗ ਤੇ ਕਾਬਜ਼ ਹੁੰਦਾ ਜਾਪਿਆ।

ਰਹਿਤ ਮਰਿਆਦਾ ਤੋੜ ਕੇ ਕਰਦਾ ਮਨ ਆਈਆਂ
ਬਾਗ ਦੀਆਂ ਕਿੱਕਰਾਂ ਛਾਂਗਣੋ ਸੰਗਤਾਂ ਰੁਕਵਾਈਆਂ
ਕਹਿੰਦਾ ਇਹ ਬਾਗ ਹੈ ਬਣ ਗਿਆ ਸਰਕਾਰੀ।
ਲੱਕੜਾਂ ਭੇਜਣੋਂ ਲੰਗਰ ਲਈ ਕਰਦਾ ਇਨਕਾਰੀ।

ਇਲਾਕੇ ਦੀਆਂ ਸਿੱਖ ਸੰਗਤਾਂ ਨੇ ਮਤਾ ਪਕਾਇਆ
ਗੁਰਦੁਆਰਾ ਮਹੰਤ ਤੋਂ ਜਾਏ ਆਜ਼ਾਦ ਕਰਾਇਆ
ਸ੍ਰੀ ਅੰਮ੍ਰਿਤਸਰ ਤੋਂ ਅਕਾਲੀ ਸਿੰਘਾਂ ਦਾ ਜਥਾ ਸੀ ਆਇਆ।
ਦਾਨ ਸਿੰਘ ਵਿਛੋਆ ਦੀ ਅਗਵਾਈ ਵਿਚ ਸੀ ਮੋਰਚਾ ਲਾਇਆ।

ਸੱਦ ਕੇ ਪੁਲਿਸ ਮਹੰਤ ਨੇ ਸੀ ਕਰੀ ਤਿਆਰੀ
ਭੁੱਖੇ ਭਾਣੇ ਸਿੱਖ ਰੱਖ ਕੇ ਕੀਤਾ ਤਸ਼ੱਦਦ ਭਾਰੀ
ਫੜਕੇ ਵਾਲ ਘਸੀਟਿਆ ਕਈ ਪੁੱਠੇ ਟੰਗੇ।
ਪੁਲਿਸ ਨੇ ਡਾਂਗਾਂ ਮਾਰੀਆਂ ਕਰ ਪਿੰਡੇ ਨੰਗੇ।

ਕਦੇ ਨਾ ਸਿਦਕੋਂ ਡੋਲ ਦੇ ਸਿੰਘ ਗੁਰੂ ਦੇ ਪਿਆਰੇ
ਬੋਲੇ ਸੋ ਨਿਹਾਲ ਦੇ ਛੱਡ ਰਹੇ ਜੈਕਾਰੇ
ਸਾਲ 1921 ਦੀ ਘਟਨਾ ਹੈ ਸਾਰੀ।
ਸੰਗਤਾਂ ਚਰਨੀਂ ਢਹਿ ਪਏ ਜਾਬਰ ਸਰਕਾਰੀ।

ਫਤਹਿ ਕਰ ਲਿਆ ਮੋਰਚਾ ਸੁੰਦਰ ਦਾਸ ਨੂੰ ਕੱਢਿਆ
ਅੰਗਰੇਜ਼ਾਂ ਗੁਰੂ ਕੇ ਬਾਗ 'ਤੇ ਸੀ ਕਬਜ਼ਾ ਛੱਡਿਆ
ਮਲਕੀਤ ਸਿੰਘਾਂ ਇਹ ਰਹਿਮਤ ਹੈ ਸਤਿਗੁਰਾਂ ਦੀ ਸਾਰੀ।
ਸਾਰੇ ਮੋਰਚੇ ਫਤਹਿ ਹੋਏ ਫਿਰ ਵਾਰੋ ਵਾਰੀ।

**-ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ : 79865-28225**
**(Punjab Mail USA)**



## ਨਹੀਂ ਭੁੱਲਾਂਗੀ

ਨਹੀਂ ਭੁੱਲਾਂਗੀ
ਉਹ ਚਹਿਰੇ ਜਿਹਨਾਂ ਨੇ ਮੈਨੂੰ ਲਿਖਣਾ
ਸਿਖਾਇਆ
ਨਹੀਂ ਭੁੱਲਾਂਗੀ
ਉਹ ਹੱਥ ਜਿਹਨਾਂ ਨੇ ਮੇਰੇ ਹੱਥ ਫੜ੍ਹ ਕਿ
ਸਾਂਝਗਿਰੀ ਦਾ ਪਾਠ ਪੜ੍ਹਾਇਆ
ਨਹੀਂ ਭੁੱਲਾਂਗੀ
ਉਹ ਦੋਸਤ ਜਿਹਨਾਂ ਆਪਣੇ ਤਜ਼ਰਬੇ ਨਾਲ
ਦੋਸਤ ਬਣਾਉਣੇ ਸਿਖਾਏ
ਨਹੀਂ ਭੁੱਲਾਂਗੀ
ਉਹ ਅਲਫਾਜ਼ ਜਿਹਨਾਂ ਨੇ ਮੇਰੇ ਵਿਚ ਆਤਮ
ਵਿਸ਼ਵਾਸ ਭਰਿਆ
ਨਹੀਂ ਭੁੱਲਾਂਗੀ
ਉਹ ਚਹਿਰੇ ਜਿਹਨਾਂ ਨੇ ਮੈਨੂੰ ਸਮਾਜ ਵਿਚ
ਵਿਚਰਨਾ ਸਿਖਾਇਆ
ਨਹੀਂ ਭੁੱਲਾਂਗੀ
ਉਹ ਅਧਿਆਪਕ ਜਿਹਨਾਂ ਨੇ ਆਪ ਮਿਹਨਤ
ਕਰਕੇ ਮੇਰੇ ਜੀਵਨ ਨੂੰ ਰੋਸ਼ਨਾਇਆ

**-ਅਭੀਰੂਪ ਕੌਰ ਬਰਾੜ**
**ਜਮਾਤ- ਪੰਜਵੀਂ**
**ਸੈਕਰੇਡ ਹਾਰਟ ਸੀਨੀਅਰ ਸੈਕੰਡਰੀ ਸਕੂਲ**
**ਬੀ.ਆਰ.ਐੱਸ. ਨਗਰ, ਲੁਧਿਆਣਾ**
**(Punjab Mail USA)**



## ਮਾਂ ਬੋਲੀ ਦੀ ਸੁਰਖੀ ਬਿੰਦੀ

**(ਲਗਾਂ ਮਾਤਰਾ)**

ਅੱਧਕ ਆਖੇ ਮੂੰਹ ਖੁੱਲ੍ਹਾ ਹੈ ਮੇਰਾ,
ਟਿੱਪੀ ਕਹੇ ਮੂੰਹ ਮੈਂ ਬੰਦ ਕਰਦੀ ਹਾਂ।
ਅੱਤ ਨਾਲ਼ ਵੈਰ ਮੁੱਢੋਂ ਹੈ ਖੁਦਾ ਦਾ,
ਜੇ ਲੱਗ ਜਾਵਾਂ ਤਾਂ ਅੰਤ ਕਰਦੀ ਹਾਂ।
ਵੱਧ ਤੋਂ ਕਿਧਰੇ ਵਧ ਜੇ ਬਣ ਜਾਵਾਂ,
ਕਰ ਉਜਾੜੇ ਮੈਂ ਦਵੰਧ ਬਣਦੀ ਹਾਂ।*
ਵਧ ਤੋਂ ਹੀ ਮੈਂ ਦਸਵੰਧ ਬਣ ਜਾਵਾਂ,
ਦਸਵੰਧੋਂ ਫਿਰ ਅਨੰਦ ਬਣਦੀ ਹਾਂ।

ਬਿਨ ਅੱਧਕ ਅਰਥੋਂ ਅਨਰਥ ਹੋਜੇ,
ਪੱਕਾ ਦਾ ਪਕਾ ਹੀ ਰਹਿ ਜਾਂਦਾ ਹੈ।
ਟਿੱਪੀ ਖੁਣੋਂ ਬੰਦ ਬਣ ਬਦ ਜਾਂਦਾ,
ਬਦਨਾਮ ਮਨੋਂ ਹੀ ਲਹਿ ਜਾਂਦਾ ਹੈ।
ਦੁਲਾਮ ਲਾਮ ਤੋਂ ਐਨੀ ਦੂਰ ਜਾਣੋ,
ਵੈਰੀ ਨਾਲ਼ ਬੇਰੀ ਖਹਿ ਜਾਂਦਾ ਹੈ।
ਕੰਨਾ ਬਿੰਦੀ ਰਲ਼ ਬਹੁਵਚਨੀ ਹੁੰਦੇ,
ਤੇ ਫਰਕ ਲੱਖਾਂ ਵਿਚ ਪੈ ਜਾਂਦਾ ਹੈ।

ਟਿੱਪੀ ਬਿੰਦੀ ਲੱਗਣੋਂ ਜੇ ਰਹਿ ਜਾਵੇ,
ਹੋਏ ਜ਼ੁਕਾਮ ਸ਼ਬਦਾਂ ਨੂੰ ਲੱਗਦਾ ਹੈ।
ਉਂਕੜ ਤੇ ਦੁਲੈਂਕੜ ਸੋਂਹਦੇ ਪੈਰਾਂ ਵਿਚ,
ਹੋਏ ਉੱਠ ਤੋਂ ਊਠ ਫਿਰ ਲੱਗਦਾ ਹੈ।
ਫ਼ੌਜੀ ਤੋਂ ਫ਼ੋਜੀ ਚੌਲੋਂ ਚੋਲ਼ ਬਣ ਜਾਵੇ,
ਕਨੌੜਾ-ਹੋੜਾ ਵੱਖ-ਵੱਖ ਫੱਬਦਾ ਹੈ।
ਸਿਹਾਰੀ-ਬਿਹਾਰੀ ਦੋਵੇਂ ਭੈਣਾਂ ਨੇ,
ਸਿਰੀ ਤੋਂ ਸ਼ੀਰੀ ਮਿੱਠਾ ਜੱਚਦਾ ਹੈ।

**-ਸੇਵਾ ਸਿੰਘ "ਨੂਰਪੁਰੀ"**
**(Punjab Mail USA)**



*** ਵਧ- ਕਤਲ ਕਰਨਾ, ਮਾਰ ਦੇਣਾ**

## ਚਹੇਤੇ ਚੇਤੇ

ਚੇਤੇ ਇੰਨੇ ਚਹੇਤੇ ਸਨ ਜੋ,
ਉਮੜ ਉਮੜ ਕੇ ਚੇਤੇ ਆਏ,
ਨੈਣਾਂ ਦੇ ਨੀਰਾਂ ਨੇ ਫਿਰ,
ਮੋਹਲੇਧਾਰ ਕਈ ਮੀਂਹ ਵਰਸਾਏ।

ਉਖੜੇ ਸਾਹਾਂ ਦੀਆਂ ਤਰੰਗਾਂ,
ਤੜਪ-ਤੜਪ ਕੇ ਇੰਨਾ ਫੜਕੀਆਂ,
ਕਈ ਪਰਤਾਂ ਵਿਚ ਦੱਬੇ ਜਜ਼ਬੇ,
ਲਾਵੇ ਵਾਂਗੂੰ ਉਬਲ਼ ਕੇ ਆਏ।

ਯਾਦਾਂ ਦੇ ਅਨੋਖੇ ਵਹਿਣ ਨੇ,
ਰੋੜ੍ਹ ਦਿੱਤਾ ਉਹ ਬੇੜਾ ਸਾਰਾ,
ਜਿਸ ਉੱਤੇ ਕਈ ਸੋਹਣੇ ਸੁਪਨੇ,
ਚਾਵਾਂ ਨਾਲ ਸੀ ਖੂਬ ਸਜਾਏ।

ਸੇਜਾਂ ਸੁੰਨੀਆਂ, ਬੇੜੀਆਂ ਰੁੜ੍ਹੀਆਂ,
ਟੁੱਟ ਖੁੱਸ ਗਏ ਸਾਰੇ ਹੀ ਚੱਪੂ,
ਲੁੱਟ ਲਏ ਸਭ ਪਾਪੀ ਲੁੱਡਣਾਂ,
ਪੂਰ ਜੋ ਸਨ ਕਦੀ ਭਰੇ ਭਰਾਏ।


ਚੱਲਣਾ ਨਹੀਂ ਹੁਣ ਕੋਈ ਵੀ ਚਾਰਾ,
ਜੋ ਖੱਟਿਆ ਸੋ ਪੱਲੇ ਬੰਨ੍ਹ ਲੈ,
ਮੁੜ ਕੇ ਫੇਰ ਆਪਣੇ ਨਹੀਂ ਬਣਦੇ,
ਜੋ ਇੱਕ ਵਾਰ ਹੋ ਜਾਣ ਪਰਾਏ।

ਚੱਲਣ ਦੁਨੀਆਂ ਦਾ ਬੜਾ ਅਨੋਖਾ,
ਮਤਲਬਪ੍ਰਸਤੀ ਭਾਰੂ ਹੋ ਗਈ,
ਚੱਲਵੇਂ ਰਿਸ਼ਤੇ ਬੜੀ ਛੇਤੀ ਟੁੱਟਦੇ,
ਮਨਸੂਬੇ ਰਹਿ ਜਾਣ ਧਰੇ ਧਰਾਏ।

ਛੱਡ ਫਰੋਲਣੀ ਕਾਇਆਂ ਦੀ ਮਿੱਟੀ,
ਖ਼ਾਕ ਖ਼ਲਕ ਨੇ ਛਾਣ ਹੀ ਦੇਣੀ,
ਤੇਰੇ ਹੱਥ ਨਹੀਂ ਹੁਣ ਉਹ ਆਉਣੇ,
ਲਾਲ ਜੋ ਹੱਥੀਂ ਕਦੇ ਲੁਟਾਏ।

**-ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ, ਯੂ.ਕੇ.**
**(Punjab Mail USA)**




REALTYONEGROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567